ISSN: 2277-9930

85

ਜੁਲਾਈ-ਸਤੰਬਰ 2025

# ਪ੍ਰਤਿਮਾਨ

ਮੁੱਲ: 75/-



ਸੰਪਾਦਕ : ਅਮਰਜੀਤ ਕੌਂਕੇ



## ਤੂੰ ਫਿਰ ਕਦੀ ਆਵੀਂ

ਆਵੀਂ ਮੇਰੇ ਪਿੰਡ ਤੂੰ
ਫਿਰ ਕਦੀ ਆਵੀਂ।
ਸੁਪਨੇ ਬੀਜਣ ਲਈ ਹੋਵੇ ਵੱਤਰ
ਜਦ ਮਨਾਂ ਦੀ ਮਿੱਟੀ
ਨਾ ਹੋਵੇ ਤਨ-ਮਨ ਤੇ
ਕੋਈ ਕਾਲੀ ਕੰਬਲੀ ਜਾਂ ਲੋਈ ਚਿੱਟੀ।
ਆਵੀਂ ਸ਼ੋਖ ਮੌਸਮਾਂ ਨੂੰ ਮੌਲੀਆਂ ਬੰਨ੍ਹਦੀ
ਸੁੱਕਿਆਂ ਗੁਲਾਬਾਂ 'ਚ ਜਾਨ ਪਾਉਂਦੀ।
ਸੰਵਾਦ ਦੀਆਂ ਬਉਲੀਆਂ 'ਚ
ਭਰਦੀ ਤਾਜ਼ੇ ਪਾਣੀ ਬੰਦ ਗੁੰਬਦਾਂ ਨੂੰ
ਜੰਗਲੀ ਹਵਾਵਾਂ ਦੇ ਗੀਤ ਸੁਣਾਉਂਦੀ।
ਆਵੀਂ ਡੁੱਬਦੇ ਸੂਰਜ ਦੀ
ਲਾਲੀ 'ਚ ਰੰਗੀ
ਕਿਸੇ ਰਾਹ ਉੱਪਰ ਚਲਦੀ
ਅਵਾਰਾ ਮਹਿਕਾਂ ਨੂੰ
ਇਤਰਾਂ ਦੇ ਮਟਕੇ ਬਣਾਉਂਦੀ।
ਚਾਨਣੀ ਨਾਲ ਭਰੀ ਛੱਤ ਤੇ
ਮਿਲ ਬੈਠਾਂਗੇ ਦੋਵੇਂ
ਮੋਈਆਂ ਮੁਹੱਬਤਾਂ ਦੇ ਬਨੇਰਿਆਂ ਤੇ
ਫਿਰ ਬਾਲਾਂਗੇ ਮੋਹ ਦੇ ਦੀਵੇ।
ਰੂਹਾਂ ਦੇ ਪੰਖੇਰੂਆਂ ਲਈ
ਵਿਛਾਵਾਂਗੇ ਦੁਬਾਰਾ
ਸਿਰੋਂ ਛਾਂਗੇ ਰੁੱਖਾਂ ਹੇਠਾਂ ਕੂਲੀਆਂ ਛਾਵਾਂ।
ਝਾੜਾਂਗੇ ਰਲਕੇ
ਵਾਰਿਸ ਦੇ ਬੋਲਾਂ ਤੇ ਪਈ ਧੂੜ ਫਿਰ ਖੇਡਾਂਗੇ
ਭੁੱਲੀਆਂ ਨਜ਼ਮਾਂ ਦੀਆਂ ਸਤਰਾਂ ਨਾਲ

ਸੁਣਾਂਗੇ ਫਰਿਸ਼ਤਿਆਂ ਦੇ ਗਾਏ ਗੀਤ
ਵਟਾਵਾਂਗੇ ਰੂਹ 'ਚ ਪਏ ਅਣਲਿਖੇ ਰੁਕੇ।
ਰਫੂ ਕਰਾਂਗੇ ਛਿੱਜੇ ਹੋਏ ਸੁਪਨਿਆਂ ਦੇ
ਬਸਤਰ ਮੁਹੱਬਤਾਂ ਦਾ ਚੋਲਾ
ਰੱਖਾਂਗੇ ਇਸ ਵਾਰ
ਵਕਤਾਂ ਦੀ ਕਾਲੀ ਜੀਭ ਤੇ
ਸਾਂਝਿਆਂ ਸਿਰਨਾਵਿਆਂ ਦਾ ਲਾਲ ਮਘਦਾ ਕੋਲ੍ਹਾ
ਆਵੀਂ ਮੇਰੇ ਪਿੰਡ ਮੁੜ ਇਕ ਵਾਰ।

## ਪੱਤਝੜ ਦੇ ਰੁੱਖ

ਚੁੱਪ ਅਡੋਲ ਖੜੇ ਰਹਿ ਸਹਿੰਦੇ
ਟੁੱਟਦੇ ਪੱਤਿਆਂ ਦਾ ਸੰਤਾਪ।
ਪੱਤਝੜ ਦੇ ਰੁੱਖ ਲੱਗਦੇ ਮੈਨੂੰ,
ਜੰਗਲ ਦੇ ਬੁੱਧ ਤੇ ਸੁਕਰਾਤ।

ਆਪਾਂ ਤਾਂ ਇੱਕ ਖ਼ਾਬ ਦਾ ਹੱਥ ਵੀ
ਛੱਡਣ ਲੱਗੇ ਮਰ ਮਰ ਜਾਈਏ
ਕਿੰਝ ਜੀਵਾਂਗੇ ਨੰਗ ਮੁਨੰਗੇ
ਸੋਚ ਸੋਚ ਕੇ ਹੀ ਘਬਰਾਈਏ
ਅੰਤਿਮ ਪੱਤਾ ਟੁੱਟਣ ਤੇ ਵੀ,
ਰੁੱਖ ਦਿਖਾਵਣ ਨਾ ਜਜ਼ਬਾਤ
ਪੱਤਝੜ ਦੇ ਰੁੱਖ ਲੱਗਦੇ ਮੈਨੂੰ
ਜੰਗਲ ਦੇ ਬੁੱਧ ਤੇ ਸੁਕਰਾਤ।

ਨਾਂਗੇ ਸਾਧੂ ਬਣਨ ਤੋਂ ਪਹਿਲੋਂ,
ਅਪਣੇ ਪੂਰੇ ਰੰਗ ਦਿਖਾਵਣ
ਜੰਗ ਕੁਕਨੂਸ ਦੀ ਖਤਮ ਨਾ ਹੋਵੇ,
ਸਾਨੂੰ ਰਮਜ਼ਾਂ ਵਿੱਚ ਸਮਝਾਵਣ
ਅੰਤਿਮ ਸੱਚ ਨਾ ਹੋਂਦ ਦਾ ਹੁੰਦੇ,
ਉਗਮਣ, ਬਿਨਸਣ ਦਿਨ ਜਾਂ ਰਾਤ
ਪੱਤਝੜ ਦੇ ਰੁੱਖ ਲੱਗਦੇ ਮੈਨੂੰ
ਜੰਗਲ ਦੇ ਬੁੱਧ ਤੇ ਸੁਕਰਾਤ।

ਮਨ ਦੀ ਹੋਵੇ ਜਾਂ ਜੰਗਲ ਦੀ,
ਕਿਸ ਰੁੱਤ ਵਿੱਚ ਕੁੱਝ ਖਾਸ ਨਾ ਹੁੰਦਾ?
ਸਿਰਫ ਬਹਾਰਾਂ ਹੀ ਨਾ ਜੀਵਨ
ਪਰ ਸਾਨੂੰ ਅਹਿਸਾਸ ਨਾ ਹੁੰਦਾ
ਹਰ ਰੇਸ਼ੇ ਵਿੱਚ ਕਰਕੇ ਬੈਠੇ
ਇਹੀ ਸੂਤਰ ਆਤਮਸਾਤ
ਪੱਤਝੜ ਦੇ ਰੁੱਖ ਲੱਗਦੇ ਮੈਨੂੰ
ਜੰਗਲ ਦੇ ਬੁੱਧ ਤੇ ਸੁਕਰਾਤ।

# ਪ੍ਰਤਿਮਾਨ

A Peer Reviewed Research Journal

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜੁਲਾਈ-ਸਤੰਬਰ 2025 ਅੰਕ 85

ISSN: 2277-9930

RNI No. PUNPUN/2006/16230

**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
pratimaan@yahoo.co.in
www.pratimaan.in

**Peer Review Board**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਯੋਗਰਾਜ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ, ਡਾ. ਆਤਮ ਰੰਧਾਵਾ
ਡਾ. ਭੀਮ ਇੰਦਰ ਸਿੰਘ

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com
W: www.raadesigns.com

**ਸਹਿਯੋਗ ਰਾਸ਼ੀ**

ਇੱਕ ਅੰਕ: 75/-
3 ਸਾਲ: 1000/-
5 ਸਾਲ: 1500/-
ਜੀਵਨ ਮੈਂਬਰਸ਼ਿਪ: 3000/-
ਵਿਦੇਸ਼: $250

ਪ੍ਰਤਿਮਾਨ ਲਈ ਸਹਿਯੋਗ ਰਾਸ਼ੀ ਹੇਠ ਲਿਖੇ ਨੰਬਰ ਤੇ ਗੂਗਲ ਪੇਅ ਕਰ ਸਕਦੇ ਹੋ :

+91 98142-31698

## ਤਰਤੀਬ

ਜੀਣ ਲਈ ਇਹ ਜ਼ਿੰਦਗੀ ਬੰਦਾ ਹਰ ਸਮਝੌਤਾ ਕਰ ਜਾਂਦਾ ਹੈ...
ਜਿਹਨਾਂ ਦੇ ਬਿਨ ਜੀਅ ਨਈ ਹੁੰਦਾ ਉਹਨਾਂ ਬਿਨ ਵੀ ਸਰ ਜਾਂਦਾ ਹੈ
– ਨਰਿੰਦਰ ਪਾਲ ਕੰਗ

**ਸੰਪਾਦਕੀ / 2**

**ਵਿਸ਼ੇਸ਼ ਲੇਖ**

ਪੰਜਾਬੀ ਭਾਸ਼ਾ ਦੀ ਸ਼ਾਨ ਅਤੇ ਤਾਕਤ / ਡਾ. ਸੁਦਰਸ਼ਨ ਗਾਸੋ / 3

**ਕਹਾਣੀਆਂ**

ਆਖ਼ਰੀ ਬੱਸ ਦੀ ਉਡੀਕ / ਸਿਮਰਨ ਧਾਲੀਵਾਲ / 7, ਜੇਲ੍ਹ ਦੀ ਰੋਟੀ / ਅਲਫ਼ਾਜ਼ / 11, ਸ਼ਹੀਦ / ਕੇ.ਐੱਲ. ਗਰਗ / 17, ਬਹੁੜੀਂ ਵੇ ਤਬੀਬਾ / ਜਗਜੀਤ ਸਿੰਘ ਲੋਹਟਬੱਦੀ / 20, ਦੱਸ ਕੇ ਤਾਂ ਜਾਂਦਾ / ਡਾ. ਹੰਸਾ ਦੀਪ / 24, ਇੱਕ ਮੁਹੱਬਤ ਇਹ ਵੀ.../ ਮਾਲਵਿੰਦਰ ਸ਼ਾਇਰ / 29,

**ਕਵਿਤਾ / ਗ਼ਜ਼ਲ / ਗੀਤ**

ਸ਼ਮੀਲ / 5, ਉਂਕਾਰਪ੍ਰੀਤ / 6, ਪ੍ਰੋ. ਜਗਮੋਹਨ ਸਿੰਘ / 9, ਦੀਪ ਇੰਦਰ / 10, ਸੁਰਜੀਤ / 15, ਜਸਵੰਤ ਗਿੱਲ / 16, ਫੈਸਲ ਖਾਨ / 19, ਕੁਲਵਿੰਦਰ ਵਿਰਕ, ਕੁਲਵਿੰਦਰ ਕੁੱਲਾ / 23, ਚਮਕੌਰ ਸਿੰਘ ਚਹਿਲ / 28, ਹਰੀਸ਼ ਗਰੋਵਰ, ਪੰਕਜੇਸ਼ਵਰ / 33, ਚਰਨਜੀਤ ਸਮਾਲਸਰ / 47

**ਆਲੋਚਨਾ ਨਿਬੰਧ / ਰੀਵੀਊ**

ਭੂਤਕਾਲ ਤੇ ਵਰਤਮਾਨ ਦੀ ਨਿਸ਼ਾਨਦੇਹੀ ਕਰਦੀ ਪੁਸਤਕ – ਇਸ ਧਰਤੀ 'ਤੇ ਰਹਿੰਦਿਆਂ / ਤੇਜਿੰਦਰ ਚੰਡਿਹੋਕ / 34, ਆਧੁਨਿਕ ਪੰਜਾਬੀ ਕਵਿਤਾ ਵਿਚ ਦਲਿਤ ਦੀ ਸਬਾਲਟਰਨ ਸਥਿਤੀ / ਡਾ. ਬਲਜਿੰਦਰ ਸਿੰਘ / 36, ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ (ਲਹਿਰ ਹੁਲਾਰੇ ਸੰਗ੍ਰਹਿ ਵਿਚੋਂ) ਦੀ ਈਕੋ-ਸਮੀਖਿਆ / ਸੁਪ੍ਰੀਤ ਕੌਰ / 39, ਬਲਦੇਵ ਸਿੰਘ ਦੇ ਨਾਵਲਾਂ ਵਿਚ ਮਲਵਈ ਕਿਰਿਆ ਰੂਪਾਂ ਦੀ ਪੇਸ਼ਕਾਰੀ / ਮਨਪ੍ਰੀਤ ਕੌਰ / 42, ਨਵਦੀਪ ਮੁੰਡੀ ਦੁਆਰਾ ਰਚਿਤ 'ਚੁੱਪ ਦੀ ਕਥਾ : ਬੰਦੇ ਦੀ ਅੰਦਰਲੀ ਚੁੱਪ ਨਾਲ ਸੰਵਾਦ / ਡਾ. ਸਿਮਰਨਜੀਤ ਸਿੰਘ / ਜ਼ਿੰਦਗੀ ਇਕ ਹੁਨਰ' ਨੂੰ ਮਾਣਦਿਆਂ / ਡਾ. ਨਰਿੰਦਰਜੀਤ ਕੌਰ / 48

ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।

ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।

ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾ ਪ੍ਰਿੰਟਿੰਗ ਸਲਿਊਸ਼ਨਜ਼,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਵਿੱਦਿਅਕ ਖੇਤਰ ਵਿੱਚ ਨਿਘਾਰ

ਸਿੱਖਿਆ ਕਿਸੇ ਵੀ ਰਾਜ ਦੀ ਖੁਸ਼ਹਾਲੀ ਅਤੇ ਵਿਕਾਸ ਦਾ ਮੂਲ ਧੁਰਾ ਹੁੰਦੀ ਹੈ। ਪਰ ਪਿਛਲੇ ਕਈ ਦਹਾਕਿਆਂ ਤੋਂ ਸਿੱਖਿਆ ਖੇਤਰ ਵਿੱਚ ਲਗਾਤਾਰ ਨੀਤੀਆਂ ਵਿੱਚ ਤਬਦੀਲੀਆਂ ਅਤੇ ਨਿੱਤ ਨਵੇਂ ਨਵੇਂ ਤਜਰਬਿਆਂ ਨੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਵੱਡਾ ਨਿਘਾਰ ਲਿਆਂਦਾ ਹੈ। ਪੰਜਾਬ ਦਾ ਵਿਦਿਅਕ ਢਾਂਚਾ ਅਨੇਕ ਤਰ੍ਹਾਂ ਦੀਆਂ ਚੁਣੌਤੀਆਂ ਤੇ ਸੰਘਰਸ਼ ਵਿੱਚੋਂ ਲੰਘ ਰਿਹਾ ਹੈ ਭਾਵੇਂ ਪਿਛਲੇ ਕੁਝ ਸਾਲਾਂ ਵਿੱਚ ਸਰਕਾਰ ਨੇ ਵਿਦਿਅਕ ਸੰਸਥਾਵਾਂ ਨੂੰ ਸਮਾਰਟ ਰੂਮ, ਆਧੁਨਿਕ ਤਕਨੀਕਾਂ, ਇਨਫਰਾਸਟਰਕਚਰ ਜਿਹੀਆਂ ਬਾਹਰੀ ਸਹੂਲਤਾਂ ਨਾਲ ਲੈਸ ਕਰਨ ਦੇ ਯਤਨ ਕੀਤੇ ਹਨ। ਮਿਸ਼ਨ ਸ਼ਤ ਪ੍ਰਤੀਸ਼ਤ ਨਾਲ ਸੰਸਥਾਵਾਂ ਦੇ ਨਤੀਜੇ ਸੁਧਾਰਨ ਦਾ ਭਰਮ ਵੀ ਪਾਲਿਆ ਹੈ। ਪਰ ਜਮੀਨੀ ਪੱਧਰ ਤੇ ਸਿੱਖਿਆ ਪ੍ਰਣਾਲੀ ਦਿਨੋ ਦਿਨ ਨਿਘਰਦੀ ਅਵਸਥਾ ਵਿੱਚ ਜਾ ਰਹੀ ਹੈ।ਇਸ ਨਿਘਾਰ ਦੀ ਹਾਲਤ ਇਹ ਹੈ ਕਿ ਪ੍ਰਾਇਮਰੀ ਦੇ ਬੱਚੇ ਅੱਖਰਾਂ ਦੀ ਮੁਢਲੀ ਪਛਾਣ ਤੇ ਸਧਾਰਣ ਜਮਾਂ ਘਟਾਓ ਵੀ ਨਹੀਂ ਜਾਣਦੇ। ਇੱਥੋਂ ਤੱਕ ਕਿ ਬਾਰ੍ਹਵੀਂ ਵਿੱਚ ਪੜ੍ਹਦੇ ਵਿਦਿਆਰਥੀ ਵੀ ਸ਼ੁੱਧ ਸ਼ਬਦ ਜੋੜ ਅਤੇ ਵਾਕ ਬਣਤਰ ਲਿਖਣ ਤੋਂ ਅਸਮਰੱਥ ਹਨ। ਇਸ ਦੇ ਬੁਨਿਆਦੀ ਕਾਰਨਾਂ ਵਿੱਚ ਸਕੂਲ ਤੋਂ ਪਹਿਲਾਂ ਦੀ ਵਿੱਦਿਆ, ਗਰੀਬੀ, ਕੁਪੋਸ਼ਣ, ਅਧਿਆਪਕਾਂ ਦੀ ਘਾਟ, ਰੱਟੇ ਉੱਪਰ ਅਧਾਰਤ ਪੜ੍ਹਾਈ, ਮਾਤ ਭਾਸ਼ਾ ਵਿੱਚ ਪੜ੍ਹਾਈ ਦਾ ਨਾ ਹੋਣਾ ਹੈ। ਇਸ ਨਿਘਾਰ ਲਈ ਕਿਸੇ ਇੱਕ ਧਿਰ ਨੂੰ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਸਮਾਜ ਦੀਆਂ ਹੋਰ ਅਨੇਕ ਧਿਰਾਂ ਵੀ ਇਸ ਪਤਨ ਲਈ ਜਿੰਮੇਵਾਰ ਹਨ, ਜਿਨ੍ਹਾਂ ਵਿੱਚ ਭਾਸ਼ਾ ਨੀਤੀ, ਨੈਤਿਕ ਸਿੱਖਿਆ ਦੀ ਘਾਟ, ਨਸ਼ਿਆਂ ਵਿੱਚ ਵਾਧਾ, ਬੇਰਜ਼ਗਾਰੀ, ਨੌਜਵਾਨ ਪੀੜ੍ਹੀ ਦਾ ਆਪਣੀ ਭਾਸ਼ਾ, ਸੱਭਿਆਚਾਰ ਅਤੇ ਇਤਿਹਾਸ ਤੋਂ ਟੁੱਟਣਾ, ਅੰਨ੍ਹੇਵਾਹ ਹੁੰਦਾ ਪ੍ਰਵਾਸ, ਗਰੀਬ, ਕੁਪੋਸ਼ਣ, ਅਧਿਆਪਕਾਂ ਦੀ ਘਾਟ, ਰੱਟੇ ਉੱਪਰ ਅਧਾਰਿਤ ਪੜ੍ਹਾਈ ਅਤੇ ਅਜਿਹੇ ਹੋਰ ਅਨੇਕ ਫੈਕਟਰ ਸ਼ਾਮਿਲ ਹਨ। ਸਿੱਖਿਆ ਨੂੰ ਅੱਜ ਇੱਕ ਬਿਜਨਸ ਮਾਡਲ ਵਜੋਂ ਸਥਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਗਰੀਬ ਵਿਦਿਆਰਥੀਆਂ ਲਈ ਉੱਚ ਗੁਣਵੱਤਾ ਵਾਲੀ ਸਿੱਖਿਆ ਇੱਕ ਸੁਪਨਾ ਬਣ ਕੇ ਰਹਿ ਗਈ ਹੈ। ਟੈਂਪਰੇਰੀ, ਐਡਹਾਕ, ਗੈਸਟ ਫੈਕਲਟੀ ਅਤੇ ਹੋਰ ਅਨੇਕ ਕੈਟਾਗਰੀਆਂ ਵਿੱਚ ਵੰਡੇ ਅਤੇ ਕੰਮ ਕਰਦੇ ਅਧਿਆਪਕਾਂ ਦੀ ਘੱਟ ਤਨਖਾਹ ਅਤੇ ਅਸਥਿਰ ਭਵਿੱਖ ਨੇ ਅਧਿਆਪਕਾਂ ਦੇ ਮਨੋਬਲ ਨੂੰ ਨੁਕਸਾਨ ਪਹੁੰਚਾਇਆ ਹੈ। ਸਿੱਖਿਆ ਨੀਤੀਆਂ ਨੂੰ ਰਾਜਨੀਤਿਕ ਲਾਭਾਂ ਲਈ ਤੋੜ ਮਰੋੜ ਕੇ ਲਾਗੂ ਕਰਨ ਨੇ ਵੀ ਵਿਦਿਅਕ ਢਾਂਚੇ ਨੂੰ ਡੂੰਘੇ ਪਤਨ ਅਤੇ ਸੰਕਟ ਵੱਲ ਧਕੇਲਿਆ ਹੈ। ਲੋੜ ਹੈ ਸਰਕਾਰਾਂ, ਸਿੱਖਿਆ ਸ਼ਾਸਤਰੀ ਤੇ ਬੁੱਧੀਜੀਵੀ ਇਸ ਵਿਦਿਅਕ ਪਤਨ ਦੇ ਗੰਭੀਰ ਸਿੱਟਿਆਂ ਵੱਲ ਵੇਖਦੇ ਹੋਏ ਇਸ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣ ਤਾਂ ਕਿ ਇਹ ਪਤਨ ਇੱਕ ਸਦੀਵੀ ਅਤੇ ਹਨ੍ਹੇਰਾ ਭਵਿੱਖ ਨਾ ਬਣ ਜਾਵੇ।

## ਪੰਜਾਬੀ ਭਾਸ਼ਾ ਦੀ ਸ਼ਾਨ ਅਤੇ ਤਾਕਤ / ਡਾ. ਸੁਦਰਸ਼ਨ ਗਾਸੋ

ਭਾਸ਼ਾ ਮਨੁੱਖੀ ਸੱਭਿਅਤਾ ਦੀਆਂ ਅਨਮੋਲ ਤੇ ਅਮੁੱਲੀਆਂ ਪ੍ਰਾਪਤੀਆਂ ਦਾ ਪ੍ਰਮਾਣ ਤੇ ਪ੍ਰਕਾਸ਼ ਹੁੰਦੀ ਹੈ, ਜਿਸ ਵਿੱਚੋਂ ਮਨੁੱਖੀ ਜੀਵਨ, ਮਨ, ਸਮਾਜ ਤੇ ਸੱਭਿਆਚਾਰ ਦੇ ਅਨੇਕਾਂ ਰੰਗ ਤੇ ਰੂਪ, ਸੁਰ ਤੇ ਸਰੂਪ ਉਭਰਦੇ, ਪ੍ਰਗਟ ਹੁੰਦੇ ਤੇ ਪ੍ਰਕਾਸ਼ਿ ਹੁੰਦੇ ਹਨ ਤੇ ਲਿਸ਼ਕਾਰੇ ਮਾਰਦੇ ਹਨ। ਇਨ੍ਹਾਂ ਲਿਸ਼ਕਾਰਿਆਂ ਨਾਲ ਜ਼ਿੰਦਗੀ ਰੰਗੀਨ, ਹੁਸੀਨ ਤੇ ਮਾਣਮੱਤੀ ਬਣ ਜਾਂਦੀ ਹੈ। ਦੁਨੀਆ ਵਿੱਚ ਜਿੰਨੀਆਂ ਸ਼ਕਤੀਆਂ ਨੂੰ ਅਸੀਂ ਮਾਪ ਤੋਲ ਕੇ ਬਿਆਨ ਕਰਦੇ ਹਾਂ, ਉਨ੍ਹਾਂ ਸਭ ਸ਼ਕਤੀਆਂ ਤੋਂ ਉੱਪਰ ਦੀ ਸ਼ਕਤੀ ਹੁੰਦੀ ਹੈ-ਭਾਸ਼ਾ ਦੀ ਸ਼ਕਤੀ। ਭਾਸ਼ਾ ਦੀ ਸ਼ਕਤੀ ਹੋਰ ਸਭ ਸ਼ਕਤੀਆਂ ਦੀ ਬੁਨਿਆਦ ਵਿੱਚ ਰਹਿੰਦੀ ਹੈ ਤੇ ਇਸ ਤੋਂ ਸ਼ਕਤੀ ਲੈ ਕੇ ਅਸੀਂ ਦੁਨੀਆ ਦੀਆਂ ਹੋਰ ਪ੍ਰਾਪਤੀਆਂ ਕਰਦੇ ਹਾਂ, ਮੱਲਾਂ ਮਾਰਦੇ ਹਾਂ।

ਭਾਸ਼ਾ ਸਾਡੀ ਜ਼ਿੰਦਗੀ ਦੀ ਖ਼ੁਸ਼ੀ ਤੇ ਖੇੜਾ ਹੈ। ਭਾਸ਼ਾ ਸਾਡੀ ਜ਼ਿੰਦਗੀ ਦੀ ਖ਼ੂਬਸੂਰਤੀ ਤੇ ਖ਼ੁਸ਼ਬੂ ਹੈ। ਇਹ ਜ਼ਿੰਦਗੀ ਦੇ ਤਮਾਮ ਰੰਗਾਂ ਦੀ ਰੰਗੀਨੀ ਹੈ। ਇਹ ਸਾਡੇ ਮਨਾਂ ਨੂੰ ਸਕੂਨ ਤੇ ਸੁੱਖ ਪ੍ਰਦਾਨ ਕਰਦੀ ਹੈ। ਭਾਸ਼ਾ ਸਾਡੇ ਪਿਆਰ ਨੂੰ ਪ੍ਰਗਟਾਉਣ ਦਾ ਰਸਤਾ ਹੈ। ਇਸ ਤਰ੍ਹਾਂ ਪਿਆਰ ਤੇ ਭਾਸ਼ਾ ਮੁੱਢੋਂ ਹੀ ਇੱਕ -ਮਿੱਕ ਤੇ ਇਕਸੁਰ ਹੋਏ ਹੁੰਦੇ ਹਨ। ਪਹਿਲਾ ਪਿਆਰ ਸਾਡੀ ਜਨਮਦਾਤੀ ਮਾਤਾ ਨਾਲ ਹੁੰਦਾ ਹੈ ਤੇ ਇਸੇ ਮਾਤਾ ਪਿਆਰ ਵਿੱਚੋਂ ਮਾਂ-ਬੋਲੀ ਨਾਲ ਪਿਆਰ ਜਨਮਦਾ, ਪਨਪਦਾ ਹੈ। ਇਸ ਪਿਆਰ ਦੀ ਗੁੜ੍ਹਤੀ ਲੈ ਕੇ ਅਸੀਂ ਦੁਨੀਆ ਅਤੇ ਦੁਨੀਆ ਦੇ ਨਜ਼ਾਰਿਆਂ ਤੇ ਆਪਣੇ ਪਿਆਰਿਆਂ ਨਾਲ ਗੁਫ਼ਤਗੂ ਕਰਨ ਲੱਗਦੇ ਹਾਂ, ਗੁਟਕਣ ਲੱਗਦੇ ਹਾਂ, ਠੁੰਮਕਣ ਲੱਗਦੇ ਹਾਂ। ਭਾਸ਼ਾ ਸਾਨੂੰ ਆਪਣੇ ਨਾਲ, ਆਪਣੇ ਆਲੇ-ਦੁਆਲੇ ਨਾਲ, ਸਮਾਜ ਨਾਲ, ਸੰਸਾਰ ਨਾਲ, ਤਾਰਿਆਂ ਨਾਲ, ਪ੍ਰਭਾਤਾਂ ਨਾਲ, ਕੁੱਲ ਆਲਮ ਨਾਲ, ਸੂਰਜਾਂ ਨਾਲ ਤੇ ਸਾਰਿਆਂ ਨਾਲ ਪਿਆਰ ਕਰਨਾ ਸਿਖਾਉਂਦੀ ਹੈ।

ਆਪਣੀ ਜਨਮਦਾਤੀ ਮਾਤਾ ਨਾਲ ਤਾਂ ਸਾਡਾ ਪਹਿਲਾ ਪਿਆਰ ਹੁੰਦਾ ਹੀ ਹੈ। ਸਾਡਾ ਦੂਜਾ ਪਿਆਰ ਸਾਡੀ ਮਾਂ ਬੋਲੀ ਨਾਲ ਹੀ ਹੁੰਦਾ ਹੈ। ਪਿਆਰ ਦੀਆਂ ਇਨ੍ਹਾਂ ਅੱਖਾਂ ਨਾਲ ਅਸੀਂ ਜ਼ਿੰਦਗੀ ਨੂੰ ਵੇਖਣਾ, ਮਾਨਣਾ ਤੇ ਜਾਨਣਾ ਸ਼ੁਰੂ ਕਰਦੇ ਹਾਂ। ਜਿਹੜੇ ਸਮਾਜ ਭਾਸ਼ਾ ਨਾਲ ਪਿਆਰ ਕਰਨਾ ਸਿੱਖ ਜਾਂਦੇ ਹਨ, ਉਹ ਭਾਸ਼ਾ ਨੂੰ ਆਪਣੇ ਮਨ ਦੇ ਆਲ੍ਹਣੇ ਵਿੱਚ ਰੱਖ ਕੇ ਪਾਲਦੇ ਤੇ ਸਾਂਭਦੇ ਹਨ। ਅਜਿਹੇ ਸਮਾਜ ਜ਼ਿੰਦਗੀ ਵਿੱਚ ਤਰੱਕੀ ਦੇ ਰਸਤੇ ਉੱਪਰ ਅੱਗੇ ਹੀ ਅੱਗੇ ਵਧਦੇ ਜਾਂਦੇ ਹਨ। ਭਾਸ਼ਾ ਦੀ ਸ਼ਕਤੀ ਨੂੰ ਜਾਨਣ ਵਾਲੇ ਸਮਾਜ ਦੁਨੀਆ ਵਿੱਚ ਨਵੀਆਂ ਖੋਜਾਂ ਤੇ ਕਾਢਾਂ ਕੱਢਣ ਦਾ ਹੁਨਰ ਤੇ ਵੱਲ ਆਸਾਨੀ ਨਾਲ ਸਿੱਖ ਜਾਂਦੇ ਹਨ। ਭਾਸ਼ਾ ਸਾਨੂੰ ਅਥਾਹ ਸ਼ਕਤੀ ਪ੍ਰਦਾਨ ਕਰਦੀ ਹੈ। ਭਾਸ਼ਾ ਦੀ ਸ਼ਕਤੀ ਅਤੇ ਆਪਣੀ ਬੋਲਬਾਣੀ ਉੱਤੇ ਮੁਹਾਰਤ ਨਾਲ ਦਿਲਾਂ ਨੂੰ ਜਿੱਤਿਆ ਜਾ ਸਕਦਾ ਹੈ। ਭਾਸ਼ਾ ਕੋਲ ਕਿਸੇ ਕਿਸਮ ਦੀ ਤੇਰ-ਮੇਰ ਨਹੀਂ ਹੁੰਦੀ। ਭਾਸ਼ਾ 'ਚ ਕੋਈ ਵਲ ਛਲ ਨਹੀਂ ਹੁੰਦਾ। ਭਾਸ਼ਾ ਨੂੰ ਜਾਨਣ, ਮਾਨਣ, ਅਪਣਾਉਣ ਤੇ ਪਿਆਰ ਕਰਨ 'ਤੇ ਕੋਈ ਪੈਸਾ ਵੀ ਖਰਚ ਨਹੀਂ ਹੁੰਦਾ। ਭਾਸ਼ਾਵਾਂ ਜਿੰਨੀਆਂ ਵੀ ਜਾਣ ਲਈਆਂ ਜਾਣ ਓਨੀਆਂ ਹੀ ਥੋੜ੍ਹੀਆਂ ਹੁੰਦੀਆਂ ਹਨ। ਪਰ ਇਹ ਜਾਣੀਆਂ ਤੇ ਸਮਝੀਆਂ ਤਾਂ ਹੀ ਜਾ ਸਕਦੀਆਂ ਹਨ ਜੇ ਆਪਣੀ ਮਾਂ ਬੋਲੀ ਨੂੰ ਅਸੀਂ ਪਹਿਲਾਂ ਜਾਣਦੇ, ਪਿਆਰ ਕਰਦੇ, ਸਮਝਦੇ ਤੇ ਅਪਣਾ ਕੇ ਚਲਦੇ ਹੋਈਏ।

ਭਾਸ਼ਾ ਕਿਸੇ ਖਿੱਤੇ ਦੇ ਭੂਗੋਲ, ਪੌਣ-ਪਾਣੀ ਤੇ ਮਿੱਟੀ ਦੀ ਖ਼ਸਲਤ ਵਿੱਚੋਂ ਉਪਜਦੀ ਹੈ। ਜਿਸ ਕਿਸਮ ਦੀ ਭੂਗੋਲਿਕ ਸਥਿਤੀ ਕਿਸੇ ਸਮਾਜ ਦੀ ਹੋਵੇਗੀ, ਵਾਤਾਵਰਣ ਹੋਵੇਗਾ; ਉਸੇ ਤਰ੍ਹਾਂ ਦਾ ਉਸ ਭਾਸ਼ਾ ਦਾ ਸੁਭਾਅ ਤੇ ਉਸ ਦੀ ਬਣਤਰ ਬਣ ਜਾਵੇਗੀ। ਪੰਜਾਬ ਦੀ ਧਰਤੀ ਕੁਦਰਤੀ ਨਿਆਮਤਾਂ ਤੇ ਵਿਭਿੰਨ ਰੁੱਤਾਂ ਨਾਲ ਵਰੋਸਾਈ ਹੋਈ ਹੈ। ਇਸ ਧਰਤੀ ਉੱਤੇ ਸਾਰੀਆਂ ਰੁੱਤਾਂ ਦਾ ਪ੍ਰਤਾਪ ਰਹਿੰਦਾ ਹੈ। ਪ੍ਰਕਿਰਤੀ ਦੇ ਅਜਿਹੇ ਸੁਭਾਅ ਤੇ ਸਥਿਤੀਆਂ ਵਿੱਚੋਂ ਅਜਿਹੀਆਂ ਭਾਸ਼ਾਈ ਧੁਨੀਆਂ ਨੇ ਜਨਮ ਲਿਆ, ਜਿਹੜੀਆਂ ਜਿਊਂਦੇ ਜਾਗਦੇ ਜਜ਼ਬਿਆਂ ਤੇ ਸੰਘਰਸ਼ੀ ਮਾਦੇ ਨੂੰ ਪੈਦਾ ਵੀ ਕਰਦੀਆਂ ਹਨ ਤੇ ਪ੍ਰਗਟ ਵੀ ਕਰਦੀਆਂ ਹਨ।

ਭਾਸ਼ਾ ਸਮਾਜ ਵਿੱਚ ਸੂਰਜ ਦੇ ਉਦੈ ਹੋਣ ਵਾਂਗ ਆਉਂਦੀ ਹੈ ਤੇ ਫਿਰ ਸਾਰੇ ਆਲੇ-ਦੁਆਲੇ ਨੂੰ ਪ੍ਰਕਾਸ਼ਿਤ ਕਰ ਦਿੰਦੀ ਹੈ। ਇਹ ਮਨੁੱਖੀ ਮਨ ਦੇ ਦੀਵੇ ਨੂੰ ਜਗਾ ਦਿੰਦੀ ਹੈ। ਫਿਰ ਸਾਡੇ ਮਨ ਦਾ ਦੀਵਾ ਦੁਨੀਆ ਦੇ ਹਨੇਰਿਆਂ ਵਿੱਚੋਂ ਹੀਰਿਆਂ ਮੋਤੀਆਂ ਨੂੰ ਚੁਣ-ਚੁਣ ਕੇ ਸਾਡੀ ਜ਼ਿੰਦਗੀ ਦੇ ਹੁਸਨ ਨੂੰ ਲਿਸ਼ਕਾਂ ਮਾਰਨ ਲਾ ਦਿੰਦਾ ਹੈ। ਇਹ ਭਾਸ਼ਾ ਦੀ ਕਰਾਮਾਤ ਤੇ ਮਨੁੱਖੀ ਸੰਘਰਸ਼ ਹੀ ਹੁੰਦਾ ਹੈ ਕਿ ਸੱਭਿਅਤਾ ਪੁਲਾਂਘਾਂ ਭਰਨ ਲਗਦੀ ਹੈ।

ਪੰਜਾਬੀ ਭਾਸ਼ਾ ਵਿੱਚ ਲਿਖਿਆ ਉੱਤਮ ਤੇ ਮਹਾਨ ਸਾਹਿਤ ਪੰਜਾਬੀ ਭਾਸ਼ਾ ਦੀ ਸ਼ਾਨ ਤੇ ਸ਼ਕਤੀ ਦੀ ਗਵਾਹੀ ਭਰਦਾ ਹੈ। ਇਹ ਸਾਹਿਤ ਸਾਡੇ ਸਮਾਜ ਅਤੇ ਸਮੁੱਚੀ ਮਾਨਵਤਾ ਦਾ ਰਾਹ-ਦਸੇਰਾ ਬਣਿਆ ਹੋਇਆ ਹੈ। ਗੁਰੂ ਸਾਹਿਬਾਨ ਨੇ ਜਿਸ ਉੱਤਮ ਤੇ ਸ਼੍ਰੇਸ਼ਟ ਸਾਹਿਤ ਦੀ ਰਚਨਾ ਕੀਤੀ ਹੈ; ਉਸ ਦਾ ਆਧਾਰ ਪੂਰਾ ਬ੍ਰਹਿਮੰਡ ਤੇ ਸਮੁੱਚੀ ਮਾਨਵਤਾ ਹੈ। ਸਾਡੇ ਗੁਰੂ ਸਾਹਿਬਾਨ ਦਾ ਹਿਰਦਾ ਸਮੁੰਦਰ ਦੀ ਗਹਿਰਾਈ ਤੋਂ ਵੀ ਗਹਿਰਾ ਸੀ ਤੇ ਆਸਮਾਨ ਦੀ ਉਚਾਈ ਤੋਂ ਵੀ ਉਚਾ ਸੀ। ਇਸ ਦੀ ਚਮਕ ਦੁਨੀਆ ਦੇ ਹਨੇਰਿਆਂ ਨੂੰ ਦੂਰ ਕਰਨ ਦੀ ਸਮਰੱਥਾ ਰੱਖਦੀ ਹੈ।

ਭਾਸ਼ਾ ਸਾਡੇ ਸਮਾਜ ਨੂੰ ਇੱਕ ਸੂਤਰ ਵਿੱਚ ਪਰੋਂਦੀ ਹੈ। ਸਾਂਝ ਦਾ ਇਹ ਸੂਤਰ ਸਾਡੇ ਸਮਾਜ ਦੀ ਸ਼ਕਤੀ ਬਣਦਾ ਹੈ। ਭਾਸ਼ਾ ਮਨੁੱਖੀ ਸਮਾਜ ਨੂੰ ਸੁਪਨਿਆਂ ਦਾ ਅੰਬਰ ਬਖ਼ਸ਼ਦੀ ਹੈ। ਜਿਹੜਾ ਸਮਾਜ ਸੁਪਨਿਆਂ ਦੇ ਅੰਬਰ ਵਿੱਚ ਉਡਾਰੀਆਂ ਭਰਨ

ਲੱਗ ਜਾਂਦਾ ਹੈ, ਉਹ ਚੰਨ ਸੂਰਜਾਂ ਨੂੰ ਛੋਹ ਆਉਂਦਾ ਹੈ। ਭਾਸ਼ਾ ਸਾਨੂੰ ਉੱਡਣ ਲਈ ਖੰਭ ਵੀ ਦਿੰਦੀ ਹੈ ਤੇ ਉੱਡਣ ਦਾ ਬਲ ਵੀ ਬਖ਼ਸ਼ਦੀ ਹੈ। ਸੁਨਹਿਰੀ ਸੁਪਨੇ ਲੈਣੇ ਤੇ ਉਨਾਂ ਸੁਪਨਿਆਂ 'ਚ ਰੰਗ ਭਰਨੇ ਜਿਸ ਸਮਾਜ ਨੂੰ ਆ ਜਾਂਦੇ ਹਨ; ਉਸ ਸਮਾਜ ਦੇ ਵਾਰੇ-ਨਿਆਰੇ ਹੋ ਜਾਂਦੇ ਹਨ। ਸਾਡੇ ਗੁਰੂ ਸਾਹਿਬਾਨ ਨੇ ਨਾ ਸਿਰਫ਼ ਸਾਡੇ ਸਮਾਜ ਨੂੰ ਸੁਪਨੇ ਲੈਣੇ ਸਿਖਾਏ; ਨਿਰਮਲ, ਨਿਰਛਲ, ਉਚੇਰੇ ਤੇ ਸੁਚੇਰੇ ਸੁਪਨੇ ਦਿੱਤੇ ਸਗੋਂ ਇਹ ਸੁਪਨੇ ਪੂਰੀ ਦੁਨੀਆਂ ਦੇ ਸੁਨਹਿਰੇ ਭਵਿੱਖ ਦੇ ਸਾਂਝੇ ਸੁਪਨੇ ਕਹੇ ਜਾ ਸਕਦੇ ਹਨ। ਇਹ ਸੁਪਨੇ ਸਰਬ-ਸਾਂਝੀਵਾਲਤਾ, ਮਾਨਵ ਕਲਿਆਣ ਦੇ ਸੁਪਨੇ ਕਹੇ ਜਾ ਸਕਦੇ ਹਨ।

ਪੰਜਾਬੀ ਸਾਹਿਤ ਆਪਣੇ ਸਰਬ-ਸਾਂਝੇ ਮਨੋਰਥਾਂ, ਮੰਤਵਾਂ, ਕਲਿਆਣਕਾਰੀ ਆਦਰਸ਼ਾਂ ਅਤੇ ਉਦੇਸ਼ਾਂ ਦੇ ਉਚੇਰੇ ਤੇ ਸੁਚੇਰੇ ਮਿਆਰ ਕਰਕੇ ਹੀ ਦੁਨੀਆ ਦੇ ਸਾਹਿਤ ਵਿੱਚ ਚਾਨਣ ਮੁਨਾਰਾ ਬਣਿਆ ਹੋਇਆ ਹੈ। ਪੰਜਾਬੀ ਸਾਹਿਤ ਮੁੱਢ ਤੋਂ ਹੀ ਲੋਕ-ਕਲਿਆਣ ਤੇ ਵਿਸ਼ਵ-ਕਲਿਆਣ ਦੀ ਭਾਵਨਾ ਅਧੀਨ ਲਿਖਿਆ ਸਾਹਿਤ ਹੈ। ਸੱਤਾ ਤੇ ਸਥਾਪਤੀ ਜੇ ਲੋਕ ਹਿਤਾਂ ਦੀ ਪੂਰਤੀ ਨਹੀਂ ਕਰਦੀ ਤਾਂ ਪੰਜਾਬੀ ਸਾਹਿਤ ਵਿਰੋਧ ਤੇ ਪ੍ਰਤੀਰੋਧ ਦੇ ਸੁਰ ਉਚਾਰਨੇ ਸ਼ੁਰੂ ਕਰ ਦਿੰਦਾ ਹੈ। ਇਹੀ ਸੁਰ ਉਸ ਦੀ ਸ਼ਕਤੀ ਤੇ ਸ਼ਾਨ ਬਣ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਪੰਜਾਬੀ ਸਾਹਿਤ ਰਾਜਸੀ ਸ਼ਕਤੀ ਦੇ ਵੱਡੇ ਵੱਡੇ ਮਠਾਂ ਨੂੰ ਵੀ ਲਲਕਾਰਨ ਤੇ ਵੰਗਾਰਨ ਦਾ ਸਾਹਸ ਰੱਖਦਾ ਹੈ। ਗੁਰੂ ਸਾਹਿਬਾਨ ਇਸੇ ਸ਼ਕਤੀ, ਸਾਹਸ, ਸੰਵੇਦਨਾ, ਸੁਚੇਤਨਾ ਤੇ ਸਿਧਾਂਤ ਦੀ ਸਥਾਪਨਾ ਕਰਕੇ ਗਏ ਹਨ।

ਪੰਜਾਬੀ ਸਾਹਿਤ ਦੀ ਵੱਡੀ ਸ਼ਾਨ ਤੇ ਸ਼ਕਤੀ ਇਸ ਗੱਲ ਵਿੱਚ ਵੀ ਹੈ ਕਿ ਇਹ ਪ੍ਰਵਿਰਤੀ ਮਾਰਗੀ ਹੈ। ਇਹ ਨਿਰੋਲ ਕਲਪਨਾ ਉੱਤੇ ਸਮਾਜ ਨੂੰ ਜਿਊਣਾ ਨਹੀਂ ਸਿਖਾਉਂਦਾ ਤੇ ਨਾ ਹੀ ਅਜਿਹੀਆਂ ਬੇਸਿਰ ਪੈਰ ਦੀਆਂ ਬੇਥਵੀਆਂ ਦੇ ਲੜ ਲੱਗਣਾ ਹੀ ਸਿਖਾਉਂਦਾ ਹੈ। ਇਹ ਮੁੱਢੋਂ-ਸੁੱਢੋਂ ਹੀ ਆਸ਼ਾਵਾਦੀ ਤੇ ਉੱਥਾਨਵਾਦੀ ਹੈ। ਇਸ ਸੰਸਾਰ 'ਤੇ ਜੀਵਨ ਦੀ ਮਹਿਮਾ, ਮਹੱਤਵ ਅਤੇ ਮਹਾਤਮ ਦਾ ਗੁਣਗਾਨ ਜਿਸ ਪ੍ਰੇਮ ਭਾਵ ਨਾਲ ਗੁਰੂ ਸਾਹਿਬਾਨ ਨੇ ਕੀਤਾ ਹੈ; ਉਹ ਆਪਣੀ ਮਿਸਾਲ ਆਪ ਹੈ। ਜੇ ਸਾਰਾ ਸੰਸਾਰ ਹੀ ਨਿਵਰਤੀ ਮਾਰਗ ਦਾ ਅਨੁਸਾਰੀ ਬਣਿਆ ਹੁੰਦਾ ਤਾਂ ਜੀਵਨ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਜਾਣੀ ਸੀ।

ਪੰਜਾਬੀ ਸਾਹਿਤ ਏਕਾਤਮਕ ਨਹੀਂ ਸਗੋਂ ਬਹੁ-ਆਤਮਕ ਹੈ। ਕਿਸੇ ਇੱਕ ਹੰਕਾਰ, ਇੱਕ ਤਾਨਾਸ਼ਾਹੀ, ਏਕਾਧਿਕਾਰ ਆਧਾਰਿਤ ਸਿਧਾਂਤ ਅਤੇ ਸੱਤਾ ਦੇ ਕੇਂਦਰੀਕਰਨ ਤੋਂ ਪੰਜਾਬੀ ਸਾਹਿਤ ਦੂਰ ਖੜ੍ਹਾ ਦਿਖਾਈ ਦਿੰਦਾ ਹੈ। ਇਹ ਸਾਡੀ ਭਾਸ਼ਾ ਵਿੱਚ ਲਿਖੇ ਸਾਹਿਤ ਤੇ ਸੱਭਿਆਚਾਰ ਦੀ ਸ਼ਕਤੀ ਹੈ।

ਪੰਜਾਬੀ ਸਾਹਿਤ ਸੰਸਾਰ ਦੀ ਭਲਾਈ ਲੋੜਦਾ ਹੈ, ਵੰਡੀਆਂ ਤੇ ਵਿਤਕਰਿਆਂ ਦਾ ਇਹ ਵਿਰੋਧ ਕਰਦਾ ਹੈ। ਇਹ ਹਰ ਵਿਅਕਤੀ, ਪਰਿੰਦੇ ਤੇ ਚਰਿੰਦੇ ਦਾ ਭਲਾ ਚਾਹੁੰਦਾ ਹੈ। ਇਹ ਪੰਛੀਆਂ ਵਾਂਗ ਆਜ਼ਾਦ ਉੱਡਣਾ ਸਿਖਾਉਂਦਾ ਹੈ। ਸਾਰਾ ਆਸਮਾਨ ਹੀ ਉਸ ਦਾ ਆਪਣਾ ਹੈ। ਸਾਰੇ ਤਾਰੇ ਸਿਤਾਰੇ ਹੀ ਉਸ ਦੀ ਮੰਜ਼ਿਲ ਹਨ। ਬੱਦਲ ਤੇ ਹਵਾਵਾਂ ਉਸ ਦਾ ਹੌਸਲਾ ਹਨ। ਨਦੀਆਂ ਤੇ ਸਾਗਰਾਂ ਦਾ ਸੰਗੀਤ ਉਸ ਦੇ ਪੈਰਾਂ ਦੇ ਘੁੰਗਰੂ ਹਨ:

ਮੁੱਕ ਜਾਵਣ ਜਿੱਥੇ ਪਗਡੰਡੀਆਂ
ਰਹਿਣ ਨਾ ਮੁਲਕਾਂ ਦੀਆਂ ਵੰਡੀਆਂ
ਦਿਸਣ ਨਾ ਜਿੱਥੇ ਹੱਦਾਂ ਪਾੜੇ
ਮੇਰੇ ਤੇਰੇ ਦੇ ਖਾਖੋਵਾੜੇ
ਪਹੁੰਚ ਨਾ ਸਕਣ ਜਿੱਥੇ ਚਾਘਾਂ
ਬਾਂਗ ਟੱਲਾਂ ਤੇ ਸੰਖਾਂ ਦੀਆਂ
ਚਾਰੇ ਤਰਫ਼ ਆਜ਼ਾਦੀ ਹੋਵੇ
ਮੂਲ ਨਾ ਕੋਈ ਮੁਥਾਜੀ ਹੋਵੇ
ਜੋ ਦਿਲ ਆਵੇ ਪੰਛੀ ਗਾਵਣ
ਚੁੰਮਣ ਤਿਤਲੀਆਂ ਜੋ ਫੁੱਲ ਚਾਹਵਣ
ਚਾਹਣ ਜਿਧਰ ਮੁਸਕਾਵਣ ਕਲੀਆਂ
ਚਾਹਣ ਜਿਧਰ ਮੁੜ ਜਾਵਣ ਨਦੀਆਂ

-ਪ੍ਰੋ. ਮੋਹਨ ਸਿੰਘ

ਪੰਜਾਬੀ ਭਾਸ਼ਾ ਦੀ ਸ਼ਾਨ ਤੇ ਸ਼ਕਤੀ ਬਾਰੇ ਪੰਜਾਬੀ ਦੇ ਦਾਰਸ਼ਨਿਕ ਸ਼ਾਇਰ ਪ੍ਰੋ. ਪੂਰਨ ਸਿੰਘ ਨੇ ਬਹੁਤ ਹੀ ਸਾਰਥਕ ਲਿਖਿਆ ਹੈ: 'ਜਿਹੜੀ ਬੋਲੀ ਸੰਤਾਂ ਫ਼ਕੀਰਾਂ ਦੀ ਜ਼ਬਾਨ ਹੋਣ ਦਾ ਫ਼ਖਰ ਰੱਖਦੀ ਹੈ, ਉਹ ਬੜੀ ਅਮੀਰ ਬੋਲੀ ਹੈ, ਦਿਲ ਵਾਲੀ, ਜਾਨ ਵਾਲੀ, ਰੱਬੀ ਤੇ ਸਰਬ ਜਹਾਨੀ ਧੜਕ ਵਾਲੀ ਹੈ। ਧਰਤੀ ਉੱਪਰ ਪੰਜਾਬੀ ਲਿਟਰੇਚਰ ਇੱਕ ਗੁੱਝਾ ਲਾਲ ਹੈ, ਜਿਸ ਨੂੰ ਪਾਰਖੀ ਅੱਖ ਵੇਖ ਸਕਦੀ ਹੈ ਤੇ ਰੱਬ ਦੀ ਲੋਅ ਵਾਲੇ ਪਾਰਖੀ ਦਿਲ ਸਾਹਿਤ ਦੀ ਉਚਾਈ ਨੂੰ ਦੇਖ ਸਕਦੇ ਹਨ। ਇਸ ਬੋਲੀ ਨੂੰ ਰੱਬ ਤਾਂ ਪਿਆਰ ਕਰਦਾ ਹੀ ਹੈ ਤੇ ਉਹ ਦਿਨ ਆਇਆ ਜਾਣੋਂ ਜਦ ਸਾਰਾ ਜੱਗ ਇਸ ਨੂੰ ਪਿਆਰ ਕਰੇਗਾ।'

ਇਸ ਤਰ੍ਹਾਂ ਪੰਜਾਬੀ ਭਾਸ਼ਾ ਬਾਰੇ ਬਹੁਤ ਹੀ ਮਹੱਤਵਪੂਰਨ ਵਿਚਾਰ ਪ੍ਰੋ. ਪੂਰਨ ਸਿੰਘ ਨੇ ਪ੍ਰਗਟ ਕੀਤੇ ਹਨ। ਉਨ੍ਹਾਂ ਨੇ ਪੰਜਾਬੀ ਬੋਲੀ ਨੂੰ ਬੜੀ ਅਮੀਰ ਬੋਲੀ ਕਿਹਾ ਹੈ। ਇਹ ਅਮੀਰੀ ਭਾਸ਼ਾਈ ਦ੍ਰਿਸ਼ਟੀ ਅਤੇ ਇਸ ਭਾਸ਼ਾ ਵਿੱਚ ਰਚੇ ਗਏ ਸਾਹਿਤ ਦੋਵੇਂ ਦ੍ਰਿਸ਼ਟੀਕੋਣਾਂ ਤੋਂ ਕਹੀ ਗਈ ਹੈ। ਭਾਸ਼ਾਈ ਦ੍ਰਿਸ਼ਟੀ ਤੋਂ ਵੀ ਇਸ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਅਨੇਕਾਂ ਹਨ, ਜਿਹੜੀਆਂ ਧੁਨੀਆਂ ਮਨੁੱਖੀ ਭਾਵਾਂ ਨੂੰ ਪ੍ਰਗਟਾਉਣ ਲਈ ਪੰਜਾਬੀ ਭਾਸ਼ਾ ਕੋਲ ਹਨ ਉਹ ਇਸ ਦੀ ਸਮਰੱਥਾ ਨੂੰ ਦਰਸਾਉਂਦੀਆਂ ਹਨ। ਸਾਹਿਤ ਦੀ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਦੀ ਡੂੰਘਾਈ ਤੇ ਉਚਾਈ ਉੱਪਰ ਮਾਣ ਕੀਤਾ ਜਾ ਸਕਦਾ ਹੈ।

**98962-0103**

## ਦੁਨੀਆ

ਮੈਂ ਤੇਰੇ 'ਚ ਛਾਲ ਮਾਰੀ
ਅੱਖਾਂ ਬੰਦ ਕਰਕੇ
ਤਲ ਨਾਲ ਟਕਰਾਕੇ
ਉੱਪਰ ਆ ਗਿਆ
ਮੇਰਾ ਤਾਂ ਬੱਸ
ਐਨਾ ਹੀ ਮਹਾਂਭਾਰਤ ਹੈ

ਦੇਖ ਮੈਂ ਕਿੰਨਾ ਸੰਖੇਪ ਹਾਂ
ਉੱਪਰੋਂ ਤੂੰ ਬਹੁਤ ਸਾਦੀ
ਅੰਦਰੋਂ ਬਹੁਤ ਗਹਿਰੀ
ਜਿਵੇਂ ਸਮੁੰਦਰ ਹੁੰਦਾ ਹੈ
ਕਿਸੇ ਦੇ ਮਨ ਦਾ।
ਮੈਂ ਨੀਚੇ ਜਾ ਰਿਹਾ ਸਾਂ
ਅੱਖਾਂ ਬੰਦ ਕਰਕੇ
ਲੱਗਦਾ ਸੀ
ਉੱਪਰ ਉੱਠ ਰਿਹਾ ਹਾਂ
ਉੱਡ ਰਿਹਾ ਹਾਂ ਥੱਲੇ ਵੱਲ

ਬੰਦ ਅੱਖਾਂ ਨਾਲ ਕੋਈ
ਮਨਚਾਹੇ ਦ੍ਰਿਸ਼ ਦੇਖ ਸਕਦਾ ਹੈ

ਗਿਆਨ ਪ੍ਰਾਪਤੀ ਦਾ ਮਤਲਬ
ਜੀਵਨ ਦੇ ਤਲ ਨਾਲ
ਸਿਰ ਵੱਜਣਾ ਹੁੰਦਾ ਹੈ
ਇਹ ਮੈਨੂੰ ਪਤਾ ਨਹੀਂ ਸੀ
ਤਲ ਇਹ ਐਨਾ ਠੋਸ ਹੈ
ਮੈਨੂੰ ਪਤਾ ਨਹੀਂ ਸੀ
ਤੇ ਮਨਾਂ ਦੇ ਵੀ ਤਲ ਹੁੰਦੇ ਹਨ
ਇਹ ਵੀ ਮੈਨੂੰ ਪਤਾ ਨਹੀਂ ਸੀ
ਮੈਂ ਤੇਰੇ ਤਲ ਨੂੰ ਸਿਰ ਮਾਰਿਆ ਹੈ
ਮੈਂ ਵੀ ਕੈਸਾ ਖੋਜੀ ਹਾਂ

ਤਲ ਨਾਲ ਸਿਰ ਵੱਜਣ ਤੋਂ
ਉੱਪਰ ਕੰਢੇ ਤੱਕ ਆਉਣ ਦਾ ਸਫਰ
ਜ਼ਿਆਦਾ ਭਿਆਨਕ ਹੈ
ਅੰਦਰ ਤੇਰਾ
ਬਿਲਕੁਲ ਪੁਰਾਣੇ ਕਿਲੇ ਵਰਗਾ ਹੈ
ਜਾਲੇ ਹੀ ਜਾਲੇ



ਕਮਰੇ ਹੀ ਕਮਰੇ
ਗੁਪਤ ਤਹਿਖਾਨੇ
ਰਿਸ਼ਤਿਆਂ ਦੀਆਂ
ਬੰਦ ਅਲਮਾਰੀਆਂ
ਕਿੰਨਾ ਕੁੱਝ ਹੀ
ਮਨ ਦੇ ਸਮੁੰਦਰ
ਵਿੱਚ ਤੈਰ ਰਿਹਾ ਸੀ

ਰਿਸ਼ਤੇ
ਜਾਲਿਆਂ ਵਾਂਗ ਲਟਕ ਰਹੇ ਸਨ
ਚਿਹਰੇ ਕਿੰਨੇ ਹੀ
ਪੁਰਾਣੀਆਂ ਫਰੇਮਾਂ 'ਚ ਜੜੇ ਸਨ
ਬੰਦੇ ਜੋ ਬੀਤ ਗਏ
ਉਨ੍ਹਾਂ ਦੇ ਭੂਤ ਘੁੰਮ ਰਹੇ ਸਨ
ਜੋ ਵੀ ਰਹਿ ਗਏ
ਇਸ ਕਿਲ੍ਹੇ ਵਿੱਚ
ਉਨ੍ਹਾਂ ਸਭ ਦੀਆਂ ਪੈੜਾਂ ਨਿਸ਼ਾਨ
ਜਗ੍ਹਾ ਜਗ੍ਹਾ ਭਿਣਕ ਰਹੇ ਸਨ
ਸ਼ਬਦਾਂ ਤੇ ਚਿਹਰਿਆਂ ਦਾ
ਅੰਦਰਲਾ ਪਾਸਾ ਦਿਸਦਾ ਸੀ

ਮਨ ਤੇਰਾ ਇਸ ਤਰਾਂ ਹੈ
ਜਿਵੇਂ ਸਮੁੰਦਰ ਵਿੱਚ
ਮੱਛੀਆਂ ਦੀ ਸੰਖਿਆ
ਬਹੁਤ ਵਧ ਗਈ ਹੋਵੇ
ਭੀੜ ਹੀ ਭੀੜ ਖਿਆਲਾਂ ਦੀ
ਬੰਦਿਆਂ ਦੀ ਪ੍ਰਭਾਵਾਂ ਦੀ

ਜੀਵਨ ਸਾਰੇ ਦਾ ਸਾਰਾ
ਥੱਲੇ ਹੈ ਸਤਹਿ ਦੇ
ਉੱਪਰ ਸਿਰਫ਼ ਚਿਹਰੇ ਹਨ
ਸ਼ਬਦ ਹਨ
ਇਮਾਰਤਾਂ ਹਨ

ਕੰਢੇ ਤੇ ਬੈਠਾ
ਹੁਣ ਮੈਂ ਸੋਚ ਰਿਹਾਂ
ਦੁਨੀਆ ਕਿੰਨੀ ਛੋਟੀ ਹੈ
ਬੰਦੇ ਦੇ ਮਨ ਜਿੰਨੀ
ਮਨ ਦੀ ਟੁੱਭੀ ਮਾਰਕੇ
ਤੁਸੀਂ ਦੁਨੀਆ ਦਾ
ਤਲ ਵੇਖ ਸਕਦੇ ਹੋ।

## ਮਨ ਦੀ ਤਾਰ

ਇਹ ਦਰਦ
ਮੇਰੇ ਮਨ ਦੀ
ਕੱਸੀ ਹੋਈ ਤਾਰ ਹੈ
ਇਸ 'ਚੋਂ ਸੁਰ ਨਿਕਲਦੇ ਹਨ
ਸਤਰੰਗੇ
ਇਹ ਜੋ ਖਿੱਚ ਹੈ
ਅਦਿੱਖ
ਅਬੁੱਝ
ਧੂਹ ਜਿਹੀ
ਇਸੇ ਨੇ ਮੈਨੂੰ
ਸੁਰ 'ਚ ਰੱਖਿਆ ਹੈ

ਮੈਂ ਵੱਜਦਾ ਹਾਂ
ਇਸੇ ਦਰਦ ਨਾਲ
ਇਸੇ ਨਾਲ ਸਿਤਾਰ ਵੱਜਦਾ ਹੈ
ਮੇਰੇ ਮਨ ਦੀ ਇਸ ਤਾਰ ਦਾ
ਇੱਕ ਸਿਰਾ ਅਸਮਾਨ ਵਿੱਚ ਹੈ
ਇੱਕ ਪਤਾਲ ਵਿੱਚ
ਮੈਂ ਤਾਂ
ਉਹ ਥੋੜ੍ਹੀ ਜਿਹੀ ਥਾਂ ਹਾਂ
ਜਿੱਥੇ ਤੇਰੀ ਉਂਗਲ ਛੂੰਹਦੀ ਹੈ

ਤੇਰੀ ਇਸ ਖਿੱਚ ਬਿਨਾਂ
ਮੈਂ ਸੁਰ 'ਚ ਨਹੀਂ ਆਉਂਦਾ।

## ਉਂਕਾਰਪ੍ਰੀਤ ਦੀਆਂ ਕਵਿਤਾਵਾਂ



### ਵਿਸਾਖੀ...

ਬੱਸ ਸੁਫਨਾ ਹੀ ਰਹੀ
ਚਾਤ੍ਰਿਕ ਦੀ ਦੱਸੀ ਕਿਹੀ
ਦਮਾਮੇ ਮਾਰਦੀ ਵਿਸਾਖੀ
ਮੈਂ ਤਾਂ ਦੇਖੇ
ਤੂੜੀ ਤੰਦ ਸਾਂਭ
ਮੰਡੀ ਆੜਤੀਏ ਕੋਲੋਂ
ਘਰ ਮੁੜਦੇ ਮਸੋਸੇ ਚਿਹਰੇ
ਮੁਟਿਆਰ ਧੀਅ ਦੇ ਕਾਰਜ ਲਈ
ਐਤਕਾਂ ਫੇਰ ਥੁੜ ਗਏ ਪੈਸੇ।

ਵਿਸਾਖੀਆਂ ਤੇ
ਸੰਮਾਂ ਵਾਲੀ ਡਾਂਗ ਹਮੇਸ਼ਾ
ਜ਼ੋਰਾਵਰਾਂ ਦੀ ਹੀ ਲਿਸ਼ਕੀ
ਕਿਰਤੀਆਂ ਦੇ ਵਿਹੜਿਆਂ ਦਾ
ਨਸੀਬ ਬਣੇ ਰਹੇ
ਬਾਘੀਆਂ ਪਾਉਂਦੇ
ਚੁਬਾਰਿਆਂ ਤੋਂ ਡਿਗਦੇ
ਡੱਟ ਪਹਿਲੇ ਤੋੜ ਦੀਆਂ ਬੋਤਲਾਂ ਦੇ।

ਕਿਸੇ ਛਿੰਝ 'ਚ ਨਹੀਂ
ਸਗੋਂ ਉਹਨਾਂ ਦੇ ਘਰੀਂ ਹੀ
ਕਿੱਸੂ ਤੇ ਸੁਰੈਣੇ ਨੂੰ ਢਾਹੁੰਦੀ ਰਹੀ
ਉਹਨਾਂ ਦੇ ਮੋਢੇ ਲਾਉਂਦੀ ਰਹੀ
ਲੰਬੜਾਂ ਦੀ ਹਵੇਲੀ ਵਲੋਂ ਆਉਂਦੀ
ਰਿਝਦੇ ਮੀਟ ਦੀ ਵਾਸ਼ਨਾ।

ਵਿਸਾਖੀ ਤੇ
ਜਲੇਬੀਆਂ ਕੱਢਦੇ ਸੋਮੇ ਦੀ ਭੱਠੀ
ਭਰਦੀ ਰਹੀ ਪਹਿਲੇ ਪੂਰ ਨਾਲ ਪਰਾਤਾਂ
ਵੱਡੇ ਘਰਾਂ ਦੇ ਕਾਕਿਆਂ ਦੀਆਂ
ਛੋਟੇ ਘਰਾਂ ਦੇ ਡੋਲੂ ਫਾਡੀ ਰਹਿ
ਝੂਰਦੇ ਰਹੇ ਅਪਣੇ ਪਾਅ ਦੋ ਪਾਅ।

ਵਿਸਾਖੀ ਦੇ ਦਿਨ ਤੇ
ਗੁਰੂ ਘਰ ਵਿੱਚ ਕਦੇ
ਕਿਸੇ ਨੇ ਸਿਰ ਨਾ ਮੰਗਿਆ
ਨਾ ਬਖ਼ਸ਼ਿਆ
ਅਣਖ ਤੇ ਸਿਰਦਾਰੀ ਦੀ ਥਾਂ
ਵਰਤਦਾ ਰਿਹਾ ਬੱਸ ਕੜਾਹ ਪ੍ਰਸ਼ਾਦ
ਮੁੜਦਾ ਰਿਹਾ ਮੈਂ ਹਮੇਸ਼ਾ
ਗੁਰੂ ਦੀ ਗੋਲਕ 'ਚ ਪਾ
ਚੁਆਨੀ, ਠਿਆਨੀ ਜਾਂ
ਇਕ ਦੋ ਡਾਲਰ, ਪੌਂਡ ਦੀ ਭੇਟਾ।

ਕਥਾ ਕਥਾਵੀਂ ਦੱਸੀ ਭਾਖੀ
ਉਹ ਹਰ ਤਰਫ਼ ਇਕਸਾਰ
ਆਨੰਦ ਛਾਉਂਦੀ ਵਿਸਾਖੀ
ਨਾ ਦੇਖੀ ਨਾ ਚਾਖੀ
ਕਿ ਬੱਸ ਸੁਫਨਾ ਹੀ ਰਹੀ
ਦਮਾਮੇ ਮਾਰਦੀ ਵਿਸਾਖੀ।

### ਪੂਣੀ...

ਅਮੀਰ ਕਾਰੋਬਾਰੀਆ
ਘਾਗ ਜੁਗਾੜੀਆ
'ਸੈਹਤ ਸਭੀਆਂ' ਦਾ ਪਤਵੰਤਾ
ਗਜ਼ਲਾਂ ਦੀ ਕਿਤਾਬ
ਗਲੱਛਣ ਨੂੰ ਫਿਰਦਾ।

ਮੈਨੂੰ ਪੀ ਡੀ ਐਫ ਭੇਜ ਕੇ
ਰਾਇ ਲੈਣ ਲਈ ਫੋਨ:
'ਕਿਵੇਂ ਲੱਗੀ ਫੇਅ ਪ੍ਰੀਤ ਜੀ
ਦੇਖਿਓ ਸਈ ਜਦੋਂ ਛਪੀ
ਡੱਕਰੇ ਅਰਗੀ ਜਿਲਦ ਬੰਨ ਕੇ
ਪੂਰੇ ਆਰਟ ਵਰਕ ਨਾਲ
ਸ਼ਾਤਰ ਹੁਰਾਂ ਦਾ ਮੁੱਖਬੰਦ
ਚਾਤਰ ਹੁਰਾਂ ਦਾ ਪਿੱਠਬੰਦ।

'ਅਗਾਂਹਵਧੂ ਪ੍ਰਕਾਸ਼ਨ' ਨਾਲ
ਛਪਾਈ ਦਾ ਰੇਟ ਅਗਾਊਂ ਤੈਅ ਹੈ
'ਖਬਾਰਾਂ ਰਸਾਲਿਆਂ 'ਚ ਢੋਲ-ਢਮੱਕਾ
ਛਾਪਕਾਂ ਦੇ
ਖੱਬੇ ਹੱਥ ਦੀ ਸ਼ੈਅ ਹੈ।
...ਤੇ ਐਸ ਸਮਰ 'ਚ
ਵਿਸ਼ਵ ਪੰਜਾਬੀ
ਕਾਨਫਰੰਸਾਂ ਦੀ ਸਟੇਜੋਂ
ਕਰਾਂਗੇ ਇਹਦੀ 'ਘੁੰਡ-ਚੁਕਾਈ'।

ਮੈਂ: (ਹੌਲੀ ਜਿਹੇ)
ਮੈਨੂੰ ਲਗਦੈ ਥੋਨੂੰ
ਛਪਾਉਣ ਦੀ ਕਾਹਲ ਨੀ
ਕਰਨੀ ਚਾਹੀਦੀ
ਕਵਿਤਾ ਬਹੁਤ ਪੇਤਲੀ ਹੈ
ਏਸ 'ਚ ਹਾਲੇ!
ਉਹ ਹੱਸਦਾ ਹੈ-
'ਥੋਨੂੰ ਗ਼ਲਤੀ ਲੱਗੀ ਪ੍ਰੀਤ ਜੀ
ਇਹ ਗ਼ਜ਼ਲਾਂ ਦੀ ਕਿਤਾਬ ਐ
ਕਵਿਤਾ ਦੀ ਨਈਂ।

ਹੋਰ ਕੋਈ ਰਾਇ ਹੈ ਤਾਂ ਦੱਸੋ?
ਮੈਂ: ਹੋਰ ਰਾਇ ਤਾਂ ਫੇਅ ਇਹ ਹੈ
ਕਿ ਡੱਕਰੇ ਅਰਗੀ ਜਿਲਦ ਦੀ ਥਾਂ
ਇਹਨੂੰ ਪੇਪਰ ਬੈਕ ਛਾਪੋ।
ਉਹ: ਪੇਪਰ ਬੈਕ ਕਿਉਂ?

ਮੈਂ: ਪੇਪਰ ਬੈਕ ਆਲ਼ੀ ਕਿਤਾਬ ਦੀ
ਪੂਣੀ ਸੌਖੀ ਵੱਟੀ ਜਾਵੇਗੀ।

### ਈਸਾ...

ਸਵਾਲ ਇਹ ਨਹੀਂ ਕਿ
ਈਸਾ ਸਾਡੇ ਲਈ
ਸਲੀਬ ਤੇ ਚੜ੍ਹਿਆ ਸੀ ਕਿ ਨਹੀਂ ?
ਸਵਾਲ ਇਹ ਵੀ ਨਹੀ ਕਿ
ਈਸਾ ਕਬਰ 'ਚੋਂ
ਜਗਿਆ ਸੀ ਕਿ ਨਹੀਂ ?
ਸਵਾਲ ਤਾਂ ਇਹ ਹੈ ਕਿ
ਈਸਾ ਸਾਡੇ ਵਿਚ
ਬਚਿਆ ਹੈ ਕਿ ਨਹੀਂ ?

## ਕਹਾਣੀ / ਆਖ਼ਰੀ ਬੱਸ ਦੀ ਉਡੀਕ / ਸਿਮਰਨ ਧਾਲੀਵਾਲ



ਹੁਣ ਰਾਸ਼ਿਦ ਪ੍ਰੇਸ਼ਾਨ ਸੀ। ਡਾਢਾ ਪ੍ਰੇਸ਼ਾਨ। ਸਮਝ ਨਹੀਂ ਪਾ ਰਿਹਾ ਕਿ ਉਹ ਇਹ ਗੱਲ ਕਰੇ ਤਾਂ ਕਿਸ ਨਾਲ ਕਰੇ। ਥੋੜ੍ਹੀ ਦੇਰ ਪਹਿਲਾਂ ਤਾਂ ਉਸਨੇ ਘੜੀ ਦੇਖੀ ਸੀ। ਡਿਸਪੈਂਸਰੀ ਵਿੱਚੋਂ ਛੁੱਟੀ ਹੋਣ ਵਾਲੀ ਸੀ। ਉਹ ਸੋਚ ਰਿਹਾ ਸੀ ਕਿ ਛੁੱਟੀ ਮੌਕੇ ਤਾਂ ਉਹ ਉਸਨੂੰ ਜ਼ਰੂਰ ਮਿਲੇਗੀ। ਉਹ, ਜਿਸਦੀ ਉਡੀਕ ਉਸਨੇ ਸਵੇਰੇ ਵੀ ਕੀਤੀ ਸੀ। ਬਸ ਦੇ ਤੁਰਨ ਤੀਕ, ਉਹ ਪਿੱਛੇ ਮੁੜ-ਮੁੜ ਦੇਖਦਾ ਰਿਹਾ ਸੀ। ਹੌਲੀ-ਹੌਲੀ ਬਸ, ਬਸ ਅੱਡੇ ਤੋਂ ਬਾਹਰ ਹੋਈ। ਫਿਰ ਅੱਡੇ ਵਾਲਾ ਚੌਕ ਟੱਪਿਆ। ...ਤੇ ਜਦ ਬਸ ਸ਼ਹਿਰੋਂ ਬਾਹਰ ਨਿਕਲ ਗਈ, ਰਾਸ਼ਿਦ ਦੀ ਉਮੀਦ ਵੀ ਦਮ ਤੋੜ ਗਈ।

"ਅੱਜ ਸ਼ਾਇਦ ਲੇਟ ਹੋ ਗਈ ਹੋਵੇ। ...ਕੀ ਪਤਾ ਬਿਮਾਰ ਤਾਂ ਨਹੀਂ ਹੋ ਗਈ। ...ਸ਼ਾਇਦ ਛੁੱਟੀ ਕਰਨੀ ਹੋਵੇ ਅੱਜ।" ਉਹ ਮਨ ਹੀ ਮਨ ਕਿੰਨਾ ਕੁਝ ਸੋਚ ਗਿਆ। ...ਉਹ ਜਿਸ ਨੂੰ ਉਹ ਉਡੀਕ ਰਿਹਾ ਸੀ, ਉਸਦਾ ਤਾਂ ਉਹ ਨਾਮ ਤੱਕ ਵੀ ਨਹੀਂ ਸੀ ਜਾਣਦਾ। ਇੱਕ ਪਲ ਲਈ ਰਾਸ਼ਿਦ ਨੂੰ ਆਪਣੇ ਇਸ ਝੱਲ ਪੁਣੇ 'ਤੇ ਹਾਸਾ ਵੀ ਆਇਆ।

"ਰਾਸ਼ਿਦ ਯਾਰ! ਕੀ ਕਰਨੈ? ਤੂੰ ਕੌਣ ਅਖੇ ਮੈਂ ਖਾਹਮਖਾਹ।"

ਉਹ ਖ਼ੁਦ ਨੂੰ ਜਿਵੇਂ ਟੋਕਣ ਲੱਗਾ ਹੋਵੇ ਕਿ ਰਾਸ਼ਿਦ ਮੀਆਂ ਐਵੇਂ ਨਹੀਂ ਇੱਕ ਤਰਫ਼ੀ ਉਡੀਕ ਕਰੀਦੀ ਹੁੰਦੀ। ਪਰ ਉਡੀਕ ਤਾਂ ਉਸਨੇ ਕੀਤੀ ਸੀ। ਸਵੇਰੇ ਬਸ ਦੇ ਸ਼ਹਿਰੋਂ ਬਾਹਰ ਨਿਕਲ ਤੀਕ ਤੇ ਮੁੜ ਸਾਰਾ ਦਿਨ ਛੁੱਟੀ ਹੋਣ ਤੀਕ। ਸੋਚਿਆ ਸੀ ਸ਼ਾਇਦ ਅੱਜ ਉਹ ਲੇਟ ਆਈ ਹੋਵੇ। ਸ਼ਾਇਦ ਉਸਦੇ ਸਕੂਲ ਦਾ ਵਕਤ ਬਦਲ ਗਿਆ ਹੋਵੇ। ..ਤੇ ਹਰ ਰੋਜ਼ ਵਾਂਗ ਉਹ ਛੁੱਟੀ ਮੌਕੇ ਉਸਦੇ ਨਾਲ ਫੇਰ ਤਿੰਨ ਵੀਹ ਵਾਲੀ ਬਸ ਤੇ ਵਾਪਸ ਜਾਵੇ। ਉਹ ਸਾਰਾ ਦਿਨ ਆਹੀ ਗੱਲਾਂ ਸੋਚਦਾ ਰਿਹਾ ਸੀ। ਡਿਸਪੈਂਸਰੀ ਵਿੱਚ ਅੱਜ ਮਰੀਜ਼ ਇੱਕਾ ਦੁੱਕਾ ਹੀ ਆਏ ਸਨ। ਪਰ ਵੱਡੇ ਡਾਕਟਰ ਨੇ ਉਸਦਾ ਉਖੜਿਆ ਧਿਆਨ ਦੇਖ ਕੇ ਆਖਿਆ ਜ਼ਰੂਰ ਸੀ ਕਿ ਰਾਸ਼ਿਦ ਸਾਹਬ! ਅੱਜ ਕੁਝ ਵੱਲ ਨਹੀਂ ਲੱਗਦੇ। ਰਾਸ਼ਿਦ ਨੇ ਹੱਸ ਕੇ ਟਾਲ ਦਿੱਤਾ।

ਰਾਸ਼ਿਦ ਦੀਆਂ ਅੱਖਾਂ ਮੂਹਰੇ ਮੁੜ-ਮੁੜ ਉਸ ਕੁੜੀ ਦੇ ਨਕਸ਼ ਉਭਰ ਆਉਂਦੇ।

ਲੰਮਾਂ ਕੱਦ। ਗੋਰਾ ਗੋਲ ਚਿਹਰਾ। ਡੂੰਘੀਆਂ ਕਾਲੀਆਂ ਅੱਖਾਂ।

ਉਹ ਹਰ ਰੋਜ਼ ਇੱਕੋ ਬਸ 'ਤੇ ਪੱਟੀ ਤੋਂ ਚੱਲਦੇ। ਭਿੱਖੀਵਿੰਡ ਚੌਕ ਵਿੱਚ ਉਤਰ ਕੇ ਉਹ ਆਪਣੀ ਡਿਸਪੈਂਸਰੀ ਦੇ ਰਾਹ ਪੈ ਜਾਂਦਾ ਤੇ ਉਹ ਖਾਲੜੇ ਵਾਲੀ ਸੜਕ ਨੂੰ ਹੋ ਜਾਂਦੀ। ਰਾਸ਼ਿਦ ਨਹੀਂ ਸੀ ਜਾਣਦਾ ਕਿ ਇਸ ਪਾਸੇ ਉਹ ਕਿੱਧਰ ਜਾਂਦੀ ਹੈ। ਬਸ ਵਿੱਚ ਚੜ੍ਹਦਿਆਂ ਉਤਰਦਿਆਂ ਉਹਨਾਂ ਦੀਆਂ ਨਜ਼ਰਾਂ ਮਿਲ ਜਾਂਦੀਆਂ। ਦੋਵੇਂ ਇੱਕ ਦੂਜੇ ਨੂੰ ਦੇਖ ਲੈਂਦੇ ਬੱਸ। ਇਹ ਦੇਖਣੀ ਇੱਕ ਦਿਨ ਹਲਕੀ ਜਿਹੀ ਮੁਸਕਾਣ ਵਿੱਚ ਬਦਲ ਗਈ। ਉਸਨੇ ਆਪਣੇ ਭਾਰੀ ਜਿਹੇ ਥੈਲੇ ਵੱਲ ਇਸ਼ਾਰਾ ਕਰਦਿਆਂ ਉਸਨੂੰ ਉੱਪਰ ਰੈਕ ਵਿੱਚ ਰੱਖਣ ਦੀ ਬੇਨਤੀ ਕੀਤੀ ਸੀ। ਰਾਸ਼ਿਦ ਆਪਣੀ ਸੀਟ ਤੋਂ ਉਠਿਆ ਤੇ ਜਲਦੀ ਨਾਲ ਥੈਲਾ ਉੱਪਰ ਰੱਖ ਦਿੱਤਾ। ਉਸ ਦਿਨ ਉਸਦਾ ਮਨ ਕੀਤਾ ਸੀ ਕਿ ਉਸਨੂੰ ਪੁੱਛ ਲਏ ਕਿ ਉਹ ਕੌਣ ਹੈ? ਕੀ ਕਰਦੀ ਹੈ? ਪਰ ਰਾਸ਼ਿਦ ਦੀ ਹਿੰਮਤ ਨਾ ਪਈ। ਫਿਰ ਕਈ ਦਿਨਾਂ ਬਾਅਦ ਉਹ ਕਿਸੇ ਹੋਰ ਸਵਾਰੀ ਗੱਲਾਂ ਕਰਦੀ ਪਈ ਸੀ, ਜਿਸ ਤੋਂ ਰਾਸ਼ਿਦ ਨੂੰ ਉਸਦੇ ਸਕੂਲ ਅਧਿਆਪਕਾ ਹੋਣ ਬਾਰੇ ਪਤਾ ਲੱਗਿਆ ਸੀ।

ਰਾਸ਼ਿਦ ਸਾਰਾ ਦਿਨ ਬੀਤੇ ਦਿਨਾਂ ਦੀਆਂ ਆਹੀ ਗੱਲਾਂ ਸੋਚਦਾ ਰਿਹਾ ਸੀ।

ਮਲੇਰਕੋਟਲੇ ਦਾ ਰਹਿਣ ਵਾਲਾ ਸੀ ਰਾਸ਼ਿਦ। ਸਰਕਾਰੀ ਨੌਕਰੀ ਮਿਲੀ ਤਾਂ ਉਸਦੀ ਨਿਯੁਕਤੀ ਇੰਨੀ ਦੂਰ ਬਿਗਾਨੇ ਇਲਾਕੇ ਵਿੱਚ ਹੋ ਗਈ। ਬਾਰਡਰ ਕੰਢੇ, ਮਾਝੇ ਦਾ ਇਲਾਕਾ। ਰਾਸ਼ਿਦ ਦਾ ਇੱਥੇ ਮਨ ਨਹੀਂ ਸੀ ਲੱਗਦਾ। ਦੁਪਹਿਰ ਤੀਕ ਉਹ ਡਿਸਪੈਂਸਰੀ ਹੁੰਦਾ ਤੇ ਫੇਰ ਆਪਣੇ ਕਿਰਾਏ ਦੇ ਕਮਰੇ ਵਿੱਚ। ਸ਼ਾਮ ਉਤਰਦੀ ਤਾਂ ਉਸਨੂੰ ਆਪਣੇ ਘਰ ਦੀ ਯਾਦ ਆਉਣ ਲੱਗਦੀ। ਅੰਮੀ-ਅੱਬੂ ਦੀ ਯਾਦ। ਉਹ ਉਦਾਸ ਹੋ ਜਾਂਦਾ। ਘਰੇ ਫੋਨ ਕਰਦਾ ਤਾਂ ਗਲਾ ਭਰ ਆਉਂਦਾ। ਉਸਦਾ ਮਨ ਕਰਦਾ, ਵਾਪਸ ਮੁੜ ਜਾਵੇ ਆਪਣੇ ਸ਼ਹਿਰ। ਆਪਣੇ ਘਰ ਵਰਗੀ ਭਲਾ ਮੌਜ ਹੁੰਦੀ ਕਿਤੇ? ਇੱਥੇ ਬੇਗਾਨੀ ਥਾਂ ਕੀ ਸੀ ਉਸਦਾ? ਛੋਟਾ ਜਿਹਾ ਕਮਰਾ ਤੇ ਨਿੱਕਾ ਜਿਹਾ ਵਿਹੜਾ। ਨਾ ਕੋਈ ਸਾਂਝ। ਨਾ ਕਿਤੇ ਬੈਠਣ ਦੀ ਥਾਂ ਨਾ ਉਠਣ ਦੀ। ਇਸ ਬੇਗਾਨੇ ਸ਼ਹਿਰ ਦੇ ਲੋਕ ਉਹਨੂੰ ਦੌੜਦੇ ਭੱਜਦੇ ਪ੍ਰਤੀਤ ਹੁੰਦੇ।

ਪਰ ਨੌਕਰੀ ਖਾਤਿਰ ਬੰਦਾ ਕੀ ਕੁਝ ਨਹੀਂ ਕਰਦਾ?

ਅੰਮੀ ਵੀ ਇਹੀ ਸਮਝਾਉਂਦੀ। ਆਖਦੀ ਕੁਝ ਸਾਲਾਂ ਦੀ ਔਖ ਹੈ, ਉਹ ਕੱਟ ਲਏ। ਸ਼ਾਇਦ ਕਦੇ ਆਪਣੇ ਵੱਲ ਬਦਲੀ ਹੋ ਜਾਏ।

ਰਾਸ਼ਿਦ ਕਿਸੇ ਵੀ ਤਰ੍ਹਾਂ ਦਿਨ ਕੱਟੀ ਜਾਂਦਾ।

ਪਰ ਇਹ ਬੀਤਿਆ ਹਫ਼ਤਾ ਉਸ ਲਈ ਬਹੁਤ ਖ਼ੂਬਸੂਰਤ ਗੁਜ਼ਰਿਆ ਸੀ। ਉਹ ਹਰ ਰੋਜ਼ ਉਸ ਕੁੜੀ ਦੀ ਉਡੀਕ ਕਰਦਾ। ਉਹ ਉਸ ਨਾਲੋਂ ਰਤਾ ਦੇਰੀ ਨਾਲ ਬਸ ਵਿੱਚ ਆਉਂਦੀ। ਉਹ ਆਉਂਦੀ ਤਾਂ ਰਾਸ਼ਿਦ ਨੂੰ ਲੱਗਦਾ ਜਿਵੇਂ ਬਸ ਮਹਿਕ ਉੱਠੀ ਹੋਵੇ। ਸਰਦੀਆਂ ਕਾਰਨ ਡਿਸਪੈਂਸਰੀ ਦਾ ਟਾਈਮ ਬਦਲ ਜਾਣ ਕਾਰਨ ਉਹ ਇਸ ਬਸ 'ਤੇ ਜਾਣ ਲੱਗਿਆ। ਵਰਨਾ ਉਹ ਤਾਂ ਸਵੇਰੇ ਪਹਿਲੀ ਬਸ 'ਤੇ ਨਿਕਲ ਜਾਂਦਾ। ਪਿੰਡ ਦੀ

ਡਿਸਪੈਂਸਰੀ ਉਸਨੂੰ ਚੰਗੀ ਲੱਗਦੀ। ਖੁੱਲ੍ਹਾ ਜਿਹਾ ਮਾਹੌਲ਼। ਸ਼ਾਂਤ ਜਿਹਾ ਵਾਤਾਵਰਨ। ਪੱਟੀ ਵਰਗਾ ਛੋਟਾ ਸ਼ਹਿਰ ਵੀ ਉਸਨੂੰ ਮਹਾਂਨਗਰ ਹੀ ਜਾਪਦਾ। ਇਸ ਲਈ ਉਹ ਪਹਿਲਾਂ ਆਉਂਦਾ ਤੇ ਲੇਟ ਜਾਂਦਾ। ਰਾਸ਼ਿਦ ਤਾਂ ਹੁਣ ਇਹ ਵੀ ਸੋਚੀ ਬੈਠਾ ਸੀ ਕਿ ਉਹ ਡਿਸਪੈਂਸਰੀ ਕੋਲ ਹੀ ਕਿਤੇ ਕਈ ਕਮਰਾ ਲੱਭ ਲਏਗਾ ਰਹਿਣ ਨੂੰ। ਪੱਟੀ ਹੈ ਵੀ ਕੀ ਸੀ ਉਸਦਾ। ਉਹ ਤਾਂ ਜਦੋਂ ਪਹਿਲੇ ਦਿਨ ਡਿਊਟੀ 'ਤੇ ਹਾਜ਼ਿਰ ਹੋਣ ਲਈ ਆਇਆ ਸੀ ਤਾਂ ਉਦੋਂ ਵੱਡੇ ਡਾਕਟਰ ਨੇ ਆਪਣੇ ਕਿਸੇ ਜਾਣਕਾਰ ਰਾਹੀ ਉਸਨੂੰ ਪੱਟੀ ਵਾਲਾ ਕਮਰਾ ਲੈ ਦਿੱਤਾ ਸੀ। ਉਸ ਵੇਲੇ ਤਾਂ ਉਹ ਇਸ ਇਲਾਕੇ ਵਿੱਚ ਕਿਸੇ ਹੋਰ ਨੂੰ ਜਾਣਦਾ ਵੀ ਨਹੀਂ ਸੀ। ਪਰ ਹੁਣ ਤਾਂ ਉਸਦੀ ਡਿਸਪੈਂਸਰੀ ਦੇ ਆਸ-ਪਾਸ ਲੋਕਾਂ ਨਾਲ ਵਾਕਫ਼ੀ ਸੀ। ਪੱਟੀ ਉਸਨੂੰ ਇਕੱਲਤਾ ਤੇ ਖਾਲੀ ਪਣ ਮਹਿਸੂਸ ਹੋਣ ਲੱਗਿਆ ਸੀ। ਪਰ ਜਿਸ ਦਿਨ ਦਾ ਉਹ ਸਾਢੇ ਅੱਠ ਵਾਲੀ ਬੱਸ 'ਤੇ ਆਉਣ ਲੱਗਿਆ ਸੀ ਤੇ ਤਿੰਨ ਵੀਹ ਵਾਲੀ ਬੱਸ 'ਤੇ ਵਾਪਿਸ ਜਾਣ ਲੱਗਿਆ ਸੀ, ਉਸ ਦਿਨ ਦਾ ਉਸਦਾ ਸੁਭਾਅ ਬਦਲ ਗਿਆ ਸੀ। ਹੁਣ ਸ਼ਾਮ ਢਲਦਿਆਂ ਉਸਦਾ ਦਿਲ ਨਾ ਡੁੱਬਦਾ। ਸਗੋਂ ਅਗਲੇ ਦਿਨ ਦੀ ਉਡੀਕ ਵਿੱਚ ਉਹ ਉਡਿਆ ਫਿਰਦਾ। ਫਟਾਫਟ ਆਪਣੀ ਸਬਜ਼ੀ ਬਣਾਉਂਦਾ। ਰੋਟੀਆਂ ਵੇਲਦਾ ਤੇ ਰਜਾਈ ਵਿੱਚ ਵੜ ਕੇ ਕੋਈ ਨਾਵਲ ਪੜ੍ਹਨ ਲੱਗਦਾ। ਕਿਤਾਬਾਂ ਨਾਲ ਤਾਂ ਉਸਦੀ ਪੱਕੀ ਦੋਸਤੀ ਸੀ।

ਘਰ ਹੁੰਦਿਆਂ ਵੀ ਉਹ ਰੋਟੀ ਖਾ ਕੇ ਸੌਂਣ ਤੋਂ ਪਹਿਲਾਂ ਕੁਝ ਨਾ ਕੁਝ ਜ਼ਰੂਰ ਪੜ੍ਹਦਾ। ਬਹੁਤੀ ਵਾਰ ਕਿਸੇ ਕਿਤਾਬ ਵਿੱਚ ਇੰਨਾ ਗੁਆਚ ਜਾਂਦਾ ਕਿ ਅੰਮੀ ਉਸਦੇ ਕਮਰੇ ਵਿੱਚ ਆ ਕੇ ਆਖ ਕੇ ਜਾਂਦੀ, "ਰਾਸ਼ਿਦ ਬੇਟਾ! ਸੌਂ ਜਾ। ਕਿਉਂ ਦੀਦੇ ਗਾਲ਼ਦਾ ਰਹਿੰਨੈ ਇਹਨਾਂ ਕਿਤਾਬਾਂ ਨਾਲ ਅੱਧੀ ਰਾਤ ਤੀਕ। ਕਿਹੜਾ ਕੋਈ ਇਮਤਿਹਾਨ ਦੇਣਾ ਤੂੰ ਇਹਨਾਂ ਨੂੰ ਪੜ੍ਹ ਕੇ।"

ਰਾਸ਼ਿਦ ਅੰਮੀ ਦੀਆਂ ਗੱਲ਼ਾਂ ਉੱਪਰ ਹੱਸ ਪੈਂਦਾ। ਆਖਦਾ, "ਅੰਮੀ ਇਹ ਕਿਤਾਬਾਂ ਨਾ ਜ਼ਿੰਦਗੀ ਦੇ ਇਮਤਿਹਾਨ ਵਿੱਚੋਂ ਪਾਸ ਹੋਣ ਦਾ ਵੱਲ ਦੱਸਦੀਆਂ ਨੇ।"

ਭੋਲ਼ੀ ਅੰਮੀ ਨੂੰ ਕਿਹੜਾ ਪਤਾ ਸੀ ਇਹਨਾਂ ਡੂੰਘੀਆਂ ਗੱਲਾਂ ਦਾ? ਪਰ ਇੱਥੇ ਤਾਂ ਰਾਸ਼ਿਦ ਵਿਹਲਾ ਸੀ। ਕਿਤਾਬਾਂ ਪੜ੍ਹਨ ਬਿਨਾਂ ਉਸਨੇ ਹੋਰ ਕਰਨਾ ਵੀ ਕੀ ਸੀ? ਉਹ ਡਿਸਪੈਂਸਰੀ ਵਿੱਚ ਵੀ ਵਿਹਲੇ ਵੇਲੇ ਕੁਝ ਨਾ ਕੁਝ ਪੜ੍ਹਦਾ ਰਹਿੰਦਾ। ...ਤੇ ਹੁਣ ਪੜ੍ਹਨ ਦੇ ਨਾਲ ਨਾਲ ਰਾਸ਼ਿਦ ਉਸ ਕੁੜੀ ਬਾਰੇ ਸੋਚਦਾ ਰਹਿੰਦਾ। ਉਸਦੀਆਂ ਅੱਖਾਂ ਰਾਸ਼ਿਦ ਨੂੰ ਪਿਆਰੀਆਂ ਲੱਗਦੀਆਂ। ਉਹ ਕਦੇ ਕਿਸੇ ਦਿਨ ਰਾਸ਼ਿਦ ਦੇ ਨਾਲ ਬੈਠ ਜਾਂਦੀ ਤਾਂ ਰਾਸ਼ਿਦ ਦੀ ਧੜਕਣ ਤੇਜ਼ ਹੋ ਜਾਂਦੀ। ਨਜ਼ਰਾਂ ਨੀਵੀਂ ਕਰੀ ਰਾਸ਼ਿਦ ਉਸਦੇ ਹੱਥਾਂ ਵੱਲ ਦੇਖਦਾ ਰਹਿੰਦਾ। ਨਾਜ਼ੁਕ ਗੋਰੇ ਹੱਥ। ਰਾਸ਼ਿਦ ਨੂੰ ਉਹ ਕਿਸੇ ਨਾਵਲ ਦੀ ਪਾਤਰ ਲੱਗਣ ਲੱਗਦੀ। ਰਾਸ਼ਿਦ ਹਰ ਵਾਰ ਸੋਚਦਾ, ਉਹ ਉਸ ਨਾਲ ਕੋਈ ਗੱਲ ਕਰੇਗਾ। ਕਿਸੇ ਬਹਾਨੇ ਉਸ ਨਾਲ ਜ਼ੁਬਾਨ ਸਾਂਝੀ ਕਰੇਗਾ। ਪਰ ਉਸ ਕੋਲੋਂ ਇੰਝ ਹੋ ਨਾ ਪਾਉਂਦਾ।

ਉਸਦੇ ਹੋਣ ਦਾ ਅਹਿਸਾਸ ਰਾਸ਼ਿਦ ਨੂੰ ਚੰਗਾ-ਚੰਗਾ ਲੱਗਦਾ।

*****

ਐਤਵਾਰ ਦਾ ਦਿਨ ਰਾਸ਼ਿਦ ਲਈ ਪਹਾੜ ਜਿੱਡਾ ਲੰਮਾ ਸੀ।

ਉਹ ਇਸ ਹਫ਼ਤੇ ਘਰ ਨਹੀਂ ਸੀ ਗਿਆ। ਸਵੇਰੇ-ਸਵੇਰੇ ਕਮਰੇ ਦੀ ਸਫ਼ਾਈ ਕੀਤੀ। ਕੁਝ ਕੱਪੜੇ ਧੋਤੇ ਤੇ ਮੁੜ ਸਾਰਾ ਦਿਨ ਕੰਧ ਦੀ ਓਟ ਵਿੱਚ ਮੰਜਾ ਡਾਹ ਕੇ ਪਿਆ ਰਿਹਾ। ਕਿਤਾਬ ਵਿੱਚ ਵੀ ਉਸਦਾ ਮਨ ਨਹੀਂ ਸੀ ਲੱਗਿਆ। ਸਵੇਰੇ ਰੋਟੀ ਦੇਰੀ ਨਾਲ ਖਾਧੀ ਹੋਣ ਕਰਕੇ ਉਸਨੂੰ ਦੁਪਹਿਰੇ ਭੁੱਖ ਵੀ ਮਹਿਸੂਸ ਨਹੀਂ ਸੀ ਹੋਈ। ਦਿਨ ਢਲੇ ਜਿਹੇ ਉਸਦਾ ਮਨ ਚਾਹ ਪੀਣ ਨੂੰ ਕੀਤਾ ਤਾਂ ਉਸਨੇ ਮਸਾਂ ਹੀ ਉਠਣ ਦੀ ਹਿੰਮਤ ਕੀਤੀ। ...ਤੇ ਸੋਮਵਾਰ ਦਾ ਦਿਨ ਤਾਂ ਉਸ ਲਈ ਐਤਵਾਰ ਨਾਲੋਂ ਵੀ ਵੱਧ ਭੈੜਾ ਸੀ। ਸਵੇਰ ਦੇ ਵੇਲੇ ਉਹ ਕੁੜੀ ਨਾ ਜਾਣੇ ਕਿਉਂ ਬੱਸ ਵਿੱਚ ਨਹੀਂ ਆਈ। ਰਾਸ਼ਿਦ ਛੁੱਟੀ ਵੇਲੇ ਦੀ ਉਡੀਕ ਵਿੱਚ ਕਿੰਨੀਆਂ ਹੀ ਗੱਲਾਂ ਸੋਚਦਾ ਰਿਹਾ। ਤਿੰਨ ਵਜੇ ਉਸਨੇ ਡਿਸਪੈਂਸਰੀ ਤੋਂ ਨਿਕਲਣਾ ਸੀ। ਪਰ ਪੌਣੇ ਕੁ ਤਿੰਨ ਵਜੇ ਉਹਨਾਂ ਦਾ ਸੇਵਾਦਾਰ ਰਾਮ ਜੱਸ , ਵੱਡੇ ਡਾਕਟਰ ਤੇ ਰਾਸ਼ਿਦ ਨੂੰ ਆਪਣੇ ਫੋਨ ਵਿੱਚ ਆਈਆਂ ਕਿਸੇ ਐਕਸੀਡੈਂਟ ਦੀਆਂ ਫੋਟੋਆਂ ਦਿਖਾਉਣ ਲੱਗਾ।

"ਡਾਕਦਾਰ ਸਾਬ੍ਹ! ਆਹ ਤੂਤਾਂ ਕੋਲੇ ਕਾਰ ਵੱਜੀ ਅੱਜ ਦਸ ਕੁ ਵਜੇ। ਆਹ ਵੇਖੋ! ਟਾਹਲੀ ਤਾਂ ਅਡੋਲ ਖੜ੍ਹੀ ਆ ਪਰ ਗੱਡੀ ਤਾਂ ਲੱਗਦਾ ਜਿਵੇਂ ਕਿਸੇ ਆਰੇ 'ਤੇ ਚੀਰ ਦਿੱਤੀ ਹੋਵੇ। ਆਹ ਤਿੰਨ ਜਾਣੇ ਥਾਂਏ ਮੁੱਕ ਗਏ। ਦੋ ਭੈਣਜੀਆਂ ਤੇ ਇੱਕ ਮਾਸਟਰ ਸੀ।"

ਰਾਸ਼ਿਦ ਜਿਵੇਂ ਤ੍ਰਭਕ ਗਿਆ ਹੋਵੇ।

ਉਸਨੇ ਰਾਮਜੱਸ ਹੱਥੋਂ ਫੋਨ ਫੜ੍ਹਿਆ। ...ਮਰਨ ਵਾਲੀਆਂ ਅਧਿਆਪਕਾਵਾਂ ਦੀਆਂ ਤਸਵੀਰਾਂ ਦੇਖ ਕੇ ਰਾਸ਼ਿਦ ਜਿਵੇਂ ਹਿੱਲ ਗਿਆ ਹੋਵੇ।

"ਇਹ ਤਾਂ ਪੱਟੀ ਵਾਲੀ..." ਵਾਕ ਉਸਦੇ ਬੁੱਲ੍ਹਾਂ ਤੀਕ ਆਉਂਦਾ-ਆਉਂਦਾ ਜਿਵੇਂ ਬਰਫ਼ ਵਾਂਗ ਜੰਮ ਗਿਆ ਹੋਵੇ।

ਰਾਸ਼ਿਦ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਹੁਣ ਕੀ ਕਰੇ। ਉਹ, ਜਿਸ ਨੂੰ ਉਹ ਸਵੇਰ ਦਾ ਉਡੀਕ ਰਿਹਾ ਸੀ, ਉਹ ਤਾਂ ਲਾਸ਼ ਬਣੀ ਸੜਕ ਕਿਨਾਰੇ ਪਈ ਸੀ। ਰਾਸ਼ਿਦ ਦਾ ਮਨ ਕੀਤਾ ਉਹ ਦੌੜ ਕੇ ਉਸ ਤੀਕ ਜਾਵੇ। ਉਸਨੂੰ ਜਾਂਦੀ ਵਾਰੀ ਰੱਜ ਕੇ ਦੇਖ ਲਏ। ਪਰ ਇੰਝ ਹੋ ਕਿਵੇਂ ਸਕਦਾ ਸੀ? ਉਸ ਦਾ ਮਨ ਕੀਤਾ ਉਹ ਉਹਨਾਂ ਨੂੰ ਦੱਸੇ ਕਿ ਮੈਂ ਇਸ ਕੁੜੀ ਨੂੰ ਜਾਣਦਾ। ਇਹ ਹਰ ਰੋਜ਼ ਮੇਰੇ ਨਾਲ ਆਉਂਦੀ ਸੀ ਬਸ ਵਿੱਚ ਤੇ ਮੈਂ ਦਿਨ ਰਾਤ ਇਹਦੇ ਬਾਰੇ ਸੋਚਦਾ ਸਾਂ। ਇਹ ਕੁੜੀ ਮੈਨੂੰ ਬੜੀ ਚੰਗੀ ਲੱਗਦੀ ਸੀ। ਪਰ ਉਸਨੇ ਡਾਕਟਰ ਤੇ ਰਾਮ ਜੱਸ ਨਾਲ ਕੋਈ ਗੱਲ ਨਾ

## ਕਵਿਤਾਵਾਂ / ਪ੍ਰੋ. ਜਗਮੋਹਨ ਸਿੰਘ

### ਘਰ

ਘਰ ਤਾਂ ਹੁੰਦੈ
ਘਰ ਹੀ
ਉਡੀਕਦਾ ਰਹਿੰਦੈ
ਸਾਨੂੰ ਦੂਰ ਗਿਆਂ ਨੂੰ
ਬਿੜਕ ਰਖਦੈ
ਸਾਡੇ ਪੈਰਾਂ ਦੀ
ਫ਼ਿਕਰਮੰਦ ਹੁੰਦੈ
ਸਾਡੇ ਫ਼ਿਕਰਾਂ ਸੰਗ
ਖ਼ੁਸ਼ ਥੀਂਵਦੈ
ਸਾਨੂੰ ਖ਼ੁਸ਼ ਵੇਖ

'ਕੰਧਾਂ ਖਿੜਕੀਆਂ ਦਰਵਾਜ਼ੇ'
ਘਰ ਨਹੀਂ ਹੁੰਦਾ
ਘਰ ਤਾਂ ਅਹਿਸਾਸ ਹੁੰਦੈ
ਸਜੱਗ ਤੇ ਸਜੀਵ
ਸੰਵੇਦਨਾ ਨਾਲ ਓਤ-ਪੋਤ
ਦਿਲ ਵਾਂਗੂ ਧੜਕਦਾ
ਘਰ ਤਾਂ ਜੜ੍ਹ ਹੁੰਦੈ
ਰਿਸ਼ਤਿਆਂ ਨੂੰ ਜੋੜੀ ਰਖਦੈ
ਜ਼ਰੂਰਤਾਂ ਲੋੜਾਂ-ਥੋੜਾਂ ਦੇ ਬਾਵਜੂਦ

ਘਰ ਟੁੱਟਦਾ ਭੱਜਦਾ
ਬਿਖਰਦਾ ਵੀ ਹੈ
ਜਦੋਂ ਘਰ ਬਿਖਰਦਾ ਹੈ
ਧਰਤੀ ਰੋਂਦੀ ਹੈ
ਕੋਈ ਜੀਅ ਛਾਤੀ 'ਚ ਡੂੰਘਾ
ਸਾਹ ਭਰ ਦੂਰ ਤੁਰ ਜਾਂਦੈ



ਕਦੇ ਨਾ ਪਰਤਣ ਲਈ
ਘਰ ਤਾਂ ਹੁੰਦੈ
ਘਰ ਹੀ !

### ਗਾਜ਼ਾ ਦੇ ਬੱਚਿਆਂ ਦੇ ਹੰਝੂ

ਕੌਣ ਪੂੰਝੇਗਾ
ਗ਼ਾਜ਼ਾ ਦੇ ਬੱਚਿਆਂ ਦੇ ਹੰਝੂ
ਕੌਣ ਦੇਵੇਗਾ ਦਿਲਾਸਾ ?

ਸ਼ਾਇਦ ਹਵਾ
ਸ਼ਾਇਦ ਧਰਤੀ
ਸ਼ਾਇਦ ਅਸਮਾਨ

ਸ਼ਾਇਦ ਅਜਿਹਾ ਕੋਈ ਹੋਰ ਬੱਚਾ
ਜਿਸਦੇ ਆਪਣੇ ਹੰਝੂ ਸੁੱਕ ਗਏ ਨੇ
ਪਰ ਦਿਲ 'ਚ
ਉਮੀਦ ਅਜੇ ਜ਼ਿੰਦਾ ਹੈ !

ਸ਼ਾਇਦ ਉਹ
ਜਿਨ੍ਹਾਂ ਦੇ ਦਿਲ ਸੋਹਣੇ ਨੇ
ਜਿਨ੍ਹਾਂ ਦੇ ਅੰਦਰ
ਚੇਤਨਾ ਅਤੇ ਸੰਵੇਦਨਾ ਦੀ
ਕੂਲ੍ਹ ਵਹਿੰਦੀ ਹੈ
ਜੋ ਮਹਿਸੂਸ ਕਰਦੇ ਨੇ
ਕਿ ਬੱਚਿਆਂ ਦੇ ਹੰਝੂ ਬੇਸ਼ਕੀਮਤੀ ਨੇ
ਤੇ ਉਨ੍ਹਾਂ ਉੱਪਰ ਕਹਿਰ
ਢਾਹਿਆ ਜਾ ਰਿਹੈ
ਇਹ ਇਕ ਕਵੀ ਦਾ ਵਿਸ਼ਵਾਸ ਹੈ ਕਿ
ਸੋਹਣੇ ਦਿਲਾਂ ਵਾਲੇ ਹੀ ਪੂੰਝਣਗੇ
ਗ਼ਾਜ਼ਾ ਦੇ ਬੱਚਿਆਂ ਦੇ ਹੰਝੂ

ਉਹ ਹੀ ਰੱਖਣਗੇ
ਉਨ੍ਹਾਂ ਦੇ ਤਪਦੇ ਮੱਥਿਆਂ ਤੇ
ਮਾਂ ਦੀ ਛੋਹ ਜਿਹਾ
ਸਾਂਤਵਨਾ ਭਰਿਆ ਹੱਥ !
ਉਹ ਹੀ ਲੈਣਗੇ
ਉਨ੍ਹਾਂ ਦੇ ਦੁੱਖਾਂ ਦੀ ਸਾਰ !

ਉਹ ਹੀ ਮਾਰਨਗੇ
ਉਨ੍ਹਾਂ ਦੇ ਹੱਕ ਵਿਚ
ਹਾਅ ਦਾ ਨਾਅਰਾ !

ਉਹ ਹੀ ਦਿਵਾਉਣਗੇ ਉਨ੍ਹਾਂ ਨੂੰ
ਜ਼ੁਲਮ ਤੋਂ ਨਿਜਾਤ !

ਉਹ ਜੰਗਬਾਜ਼ਾਂ ਨੂੰ
ਵੰਗਾਰ ਕੇ ਕਹਿਣਗੇ:
ਬਸ ਹੁਣ !
ਬਹੁਤ ਹੋ ਗਿਆ !!
ਬੰਦ ਕਰੋ ਇਹ ਕਤਲੇਆਮ!!!

ਕੀਤੀ। ਸਰਦੀਆਂ ਵਿੱਚ ਵੀ ਉਸਦੇ ਮੱਥੇ ਉੱਤੇ ਪਸੀਨੇ ਦੀਆਂ ਬੂੰਦਾਂ ਉੱਭਰ ਆਈਆਂ।

ਅਜੇ ਕੱਲ੍ਹ ਹੀ ਤਾਂ ਉਹ ਸੋਚਦਾ ਸੀ ਕਿ ਉਹ ਉਸ ਕੁੜੀ ਨੂੰ ਉਸਦਾ ਨਾਮ ਪੁੱਛੇਗਾ। ਕਿਸੇ ਬਹਾਨੇ ਉਸਨੂੰ ਬੁਲਾਏਗਾ। ਉਸਦਾ ਸਕੂਲ ਪੁੱਛ ਕੇ, ਉਸਦੇ ਸਕੂਲ ਵਿੱਚ ਮੈਡੀਕਲ ਕੈਂਪ ਲਈ ਜਾਏਗਾ। ਪਰ ਐਸਾ ਤਾਂ ਕੁਝ ਵੀ ਨਾ ਹੋ ਸਕਿਆ। ਰਾਸ਼ਿਦ ਦਾ ਮਨ ਉੱਖੜ ਗਿਆ। ਪਰ ਰਾਮਜੱਸ ਤੇ ਡਾਕਟਰ ਦੇ ਸਾਹਮਣੇ ਉਹ ਬੜੇ ਜ਼ਬਤ ਵਿੱਚ ਰਿਹਾ। ਉਸ ਸੋਚਿਆ, ਉਹ ਜ਼ਰਾ ਵੀ ਡੋਲਿਆ ਤਾਂ ਰਾਮਜੱਸ ਤੇ ਡਾਕਟਰ ਨੂੰ ਕੀ ਦੱਸੇਗਾ? ਉਹਨੂੰ ਜਿਵੇਂ ਇਸ ਰਿਸ਼ਤੇ ਦਾ ਕੋਈ ਨਾਮ ਹੀ ਨਾ ਸੁਝ ਰਿਹਾ ਹੋਵੇ। ਤਿੰਨ ਵਜੇ ਉਹ ਡਿਸਪੈਂਸਰੀ ਤੋਂ ਨਿਕਲ ਕੇ ਬੱਸ ਅੱਡੇ ਆ ਗਿਆ। ਤਿੰਨ ਵੀਹ ਵਾਲੀ ਬੱਸ ਚੱਲਣ ਲਈ ਤਿਆਰ ਖੜ੍ਹੀ ਸੀ। ਪਰ ਰਾਸ਼ਿਦ ਬੱਸ ਵਿੱਚ ਨਹੀਂ ਚੜ੍ਹਿਆ। ਬਸ ਅੱਡੇ ਤੋਂ ਬਾਹਰ ਹੋ ਗਈ ਤੇ ਰਾਸ਼ਿਦ ਜਾਂਦੀ ਬੱਸ ਨੂੰ ਦੇਖਦਾ ਰਿਹਾ। ਉਸਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਉਸਦਾ ਮਨ ਕੀਤਾ ਉਹ ਵਾਪਸ ਡਿਸਪੈਂਸਰੀ ਮੁੜ ਜਾਏ।

**94632-15168**

## ਕਵਿਤਾਵਾਂ / ਦੀਪ ਇੰਦਰ

### ਵਿਦਾ

ਆਦਮੀ
ਸਾਫ਼ ਐਨਕ ਨੂੰ
ਸਾਫ਼ ਕਰਦਾ ਰਿਹਾ

ਔਰਤ
ਪਰਸ ਫਰੋਲਦੀ
ਕੁਝ ਲੱਭਣ ਦਾ
ਨਾਟਕ ਕਰਦੀ ਰਹੀ

ਓਹਨਾਂ ਦੋਹਵਾਂ ਵਿੱਚੋਂ
ਕੋਈ ਵੀ

ਭਿੱਜੀਆਂ ਅੱਖਾਂ ਨਾਲ
ਨਹੀਂ ਲੈਣਾ ਚਾਹੁੰਦਾ
ਵਿਦਾ


ਪਰ ਗੱਡੀ ਚੱਲਦੇ ਹੀ
ਔਰਤ
ਰੋ ਪਈ ਕਿਉਂ
ਸੁੱਬਕ ਸੁੱਬਕ

ਤੇ ਸਟੇਸ਼ਨ ਦੇ
ਬੈਂਚ ਤੇ
ਕੋਈ
ਭੁੱਲ ਗਿਆ
ਐਨਕ।

### ਯਾਤਰੂ

ਤੂੰ
ਕਿਸੇ ਦੇ
ਆਰਾਮ ਵਿੱਚ ਹੈਂ

ਮੈਂ
ਧਿਆਨ ਵਿੱਚ



ਅਸੀਂ ਜਿੱਥੇ
ਕਿਤੇ ਹਾਂ
ਓਹ ਅਵਸਥਾ ਕਮਾਲ ਹੈ
ਠਹਿਰਾਓ
ਜਨਮ ਦਾ
ਸਦੀਆਂ ਦਾ

ਛੂਹ ਨਾ
ਹਵਾ ਸੰਗ ਲਹਿਰਾਓਣ ਦੇ
ਤੂੰ
ਮੈਂ
ਯਾਤਰੂ ਹਾਂ

ਮਿਲਾਂਗੇ
ਇੱਕ ਰੋਜ਼
ਕਿਸੇ ਯਾਤਰਾ ਤੇ

ਕਵੀ
ਸੱਚ ਇਹੀ ਹੈ

ਕਵਿਤਾ ਨੂੰ
ਮੋਕਸ਼ ਨਹੀਂ ਮਿਲਦਾ

### ਲਾਕ-ਡਾਊਨ

ਜਿਸ ਨਾਲ ਕਰਦੈਂ ਪਰੇਮ
ਤੇ ਸੋਚਦਾ ਰਹਿਨੈਂ

ਕਿ
ਜਦੋਂ ਮਿਲਿਆ
ਤਾਂ ਆਖਾਂਗਾ

ਇਹ ਗੱਲ
ਓਹ ਬਾਤ

ਹੁਣ ਕਹਿ ਵੀ ਦੇ
ਆਖ ਵੀ ਦੇ

ਕਿ ਖ਼ਤਾਂ ਦਾ ਮੌਸਮ
ਬੀਤ ਚੁੱਕਿਆ

ਡਾਕ-ਖਾਨੇ ਬੰਦ ਨੇ
ਤੇ
ਕੋਈ ਗੱਡੀ ਨਹੀਂ ਜਾਂਦੀ
ਓਸ ਤੀਕ
ਇਹ ਫੋਨ ਹੈ
ਜੋ ਕਦੇ ਵੀ ਬੰਦ ਹੋ ਸਕਦੈ

ਇਹ ਤਾਂ ਹੋ ਹੀ ਨਹੀਂ ਸਕਦਾ
ਕਿ ਓਹ
ਗੱਲ ਨਾ ਕਰੇ

ਭਲਾ ਕੌਣ ਮਰਣਾ ਚਾਹੁੰਦੈ
ਇਸ ਤਰ੍ਹਾਂ
ਕਿ ਦਿਲ ਤੋਂ ਯਾਦ ਕਰਕੇ
ਰੋਣ ਵਾਲਾ
ਕੋਈ ਵੀ ਨਾ ਰਹੇ

ਏਹ ਗੱਲ ਤੂੰ
ਆਪਣੇ ਆਪ ਤੋਂ ਪੁੱਛ

ਅੱਜ
ਕਹਿ ਹੀ ਦੇ
ਜਿਸ ਨਾਲ ਕਰਦੈਂ ਪਰੇਮ
ਤੇ ਸੋਚਦਾ ਰਹਿਨੈਂ

ਕਿ ਜਦ ਮਿਲਿਆ
ਤਾਂ ਕਹਾਂਗਾ

ਏਹ ਗੱਲ
ਓਹ ਬਾਤ।



"ਦਾਣੇ ਦਾਣੇ ਤੇ ਖਾਣ ਵਾਲੇ ਦਾ ਨਾਮ ਲਿਖਿਆ ਹੁੰਦਾ, ਇਹ ਤਾਂ ਰੱਬ ਨੇ ਪਹਿਲਾਂ ਮਿਥਿਆ ਹੁੰਦਾ ਕਿ ਕੀਹਨੇ, ਕੀਹਦਾ, ਕਿੱਥੋਂ ਖਾਣਾ, ਕਿ ਨਹੀਂ ਬਾਈ ਜੀ ? ਜੇ ਏਵੇਂ ਨਾ ਹੁੰਦਾ ਤਾਂ ਮੈਂ ਤੁਹਾਡੇ ਕੋਲੋਂ ਅੱਜ ਖੀਰ ਨਾ ਖਾ ਰਿਹਾ ਹੁੰਦਾ।" ਉਸਨੇ ਖੀਰ ਦਾ ਚਮਚਾ ਮੂੰਹ 'ਚ ਪਾਉਂਦਿਆਂ ਮੇਰੇ ਵੱਲ ਵੇਖ ਕੇ ਸਵਾਲੀਆ ਤੇ ਸ਼ੁਕਰੀਆ ਦੇ ਮਿਲ-ਭਾਵਾਂ ਦੇ ਨਾਲ ਵੇਖਦਿਆਂ ਕਿਹਾ।

"ਹਾਂ ਜੀ, ਇਹ ਤਾਂ ਹੈ, ਦੇਣ ਵਾਲਾ ਤਾਂ ਉਹੀ ਆ।" ਮੈਂ ਸਿਰ ਹਿਲਾ ਮਲਕੜੇ ਜਹੇ ਉਸਦੀ ਗੱਲ ਦੀ ਹਾਮੀ ਭਰੀ।

ਮੈਂ ਸਾਹਮਣੇ ਲੱਗੇ ਵਾਲ ਕਲਾਕ ਤੇ ਨਿਗ੍ਹਾ ਮਾਰੀ। ਡਿਊਟੀ ਤੇ ਜਾਣ ਦਾ ਸਮਾਂ ਹੋ ਰਿਹਾ ਸੀ। ਪਰ ਕੋਲ੍ਹੇ ਬੰਦਾ ਬੈਠਾ ਕਰਕੇ ਹਿੱਲ ਵੀ ਨਹੀਂ ਸੀ ਹੋ ਰਿਹਾ, ਸਰਿਸ਼ਟਾਚਾਰ ਦੇ ਵਿਰੁੱਧ ਸੀ। ਅੰਦਰੋ ਖਿੱਝ ਚੜ੍ਹ ਰਹੀ ਸੀ ਪਰ ਕੁਝ ਕਹਿਣ ਜੋਗਾ ਵੀ ਨਹੀਂ ਸੀ।

ਚੌਦੇਂ ਦੀ ਰੋਟੀ ਖਵਾਈ ਸੀ ਘਰੇ ਅੱਜ। ਮੈਂ ਰੋਟੀ ਖਾ ਕੇ ਨਿਕਲਣ ਤੋਂ ਪਹਿਲਾਂ ਬੂਟ ਪਾਉਣ ਲੱਗਾ ਤਾਂ ਫੇਰ ਥੋੜੀ ਜਿਹੀ ਖੀਰ ਖਾਣ ਦਾ ਮਨ ਕਰ ਆਇਆ ਤੇ ਉੱਤੋਂ ਇਹ ਆ ਗਿਆ। ਘਰ ਦੇ ਫਿਰ 'ਕੱਲੇ ਨੂੰ ਫੜਾਉਂਦੇ ਚੰਗੇ ਥੋੜੀ ਲੱਗਦੇ ਸੀ, ਇਹਨੂੰ ਵੀ ਨਾਲ ਫੜਾਉਣੀ ਪਈ।

ਮੈਂ ਜਲਦੀ ਹੋਣ ਕਰਕੇ ਛੇਤੀ ਛੇਤੀ ਭਾਂਡਾ ਖਾਲੀ ਕਰਨ ਦੀ ਕੀਤੀ, ਪਰ ਇਹ ਸਰਦਾਰ ਸਾਬ ਆਰਾਮ ਨਾਲ ਪੂਰੇ ਸਵਾਦ ਲੈ ਲੈ ਕੇ ਖਾ ਰਹੇ ਸੀ।

ਖਾਣਾ ਤਾਂ ਆਰਾਮ ਨਾਲ ਹੀ ਖਾਣਾ ਚਾਹੀਦਾ, ਪਰ ਦੂਜੇ ਦਾ ਸਮਾਂ ਵੀ ਵੇਖ ਲੈਣਾ ਚਾਹੀਦਾ। ਮੈਂ ਹੋਰ ਕੁੜਨ ਲੱਗਾ। ਡਰਾਇਵਰ ਅੰਦਰ ਆ ਕੇ ਪੁੱਛ ਵੀ ਗਿਆ ਕਿ ਸਾਬ, ਕਦੋਂ ਕੁ ਚੱਲਣਾ ਆ। "ਬੱਸ ਚੱਲਦੇ" ਕਹਿ ਕੇ ਮੈਂ ਉਹਨੂੰ ਉਡੀਕਣ ਲੱਗਾ ਕਿ ਕਦੋਂ ਖ਼ਤਮ ਕਰੂ।

"ਵੈਸੇ, ਖੀਰ ਬਹੁਤ ਸਵਾਦ ਬਣੀ ਆ ਬਾਈ ਜੀ। ਸਾਰੀਆਂ ਈ ਸ਼ੈਆਂ ਪਾ ਰੱਖੀਆਂ ਤੁਸੀਂ ਤੇ। ਸਾਰਾ ਕੁਝ ਗ੍ਰੈਂਡ ਕਰਕੇ ਪਾਇਆ ਹੋਇਆ ਆ।

ਵਾਹ!!! ਏਹ ਮੈਂ ਪਹਿਲੀ ਵਾਰ ਵੇਖਿਆ। ਸਾਰੇ ਪੋਸ਼ਟਿਕ ਤੱਤ ਤੁਸੀਂ ਖੀਰ 'ਚ ਪਾ ਰੱਖੇ ਆ।" ਇਹ ਕਹਿ ਕੇ ਉਹ ਖੀਰ ਨਾਲ ਲਿੱਬੜੀਆਂ ਮੁੱਛਾਂ ਨਾਲ ਖਚਰਾ ਜਿਹਾ ਹੱਸਿਆ।

ਮੈਂ ਫੋਕਾ ਜਿਹਾ ਹਾਸਾ ਹੱਸ ਕੇ ਉਹਦੀ ਗੱਲ 'ਚ ਹਾਮੀ ਭਰੀ ਤੇ ਪਛਤਾਉਣ ਲੱਗਾ ਕਿ ਕਿਹੜੇ ਵੇਲੇ ਘਰਦਿਆਂ ਨੇ ਤੈਨੂੰ ਖੀਰ ਫੜਾ ਦਿੱਤੀ।

"ਅੱਛਾ !!!! ਬਾਈ ਜੀ, ਮੈਂ ਕੀ ਕਹਿੰਦਾ ਸੀ। ਮੇਰਾ ਕੰਮ ਤਾਂ ਕਰ ਦਿਉ। ਮੈਂ ਤੁਹਾਨੂੰ ਯਾਦ ਕਰਵਾਉਣ ਆਇਆ ਸੀ, ਮੈਂ ਤਾਂ ਕੱਲ੍ਹ ਸ਼ਾਮੀ ਤੁਹਾਡੇ ਘਰ ਗੇੜਾ ਵੀ ਦੇ ਕੇ ਗਿਆ ਸੀ, ਜਿੰਦਰਾ ਵੱਜਿਆ ਸੀ। ਘਰ ਕੋਈ ਵੀ ਹੈ ਨਹੀਂ ਸੀ।" ਉਹਨੇ ਆਖਿਰ ਉਹ ਸਵਾਲ ਦਾਗ਼ ਹੀ ਦਿੱਤਾ, ਜਿਸਦੀ ਮੈਂ ਉਡੀਕ ਕਰ ਰਿਹਾ ਸੀ।

"ਉ-ਹ-ਹ !!!!ਹਾਂ ਜੀ, ਹਾਂ ਜੀ, ਬਾਈ ਮੈਂ ਕਰਦਾ ਕੰਮ ਤੁਹਾਡਾ। ਬਾਈ ਚੇਤਾ ਭੁੱਲ ਗਿਆ ਮੇਰਾ। ਯਾਰ ! ਮੇਰਾ ਚੇਤਾ ਬੜਾ ਮਾੜਾ, ਕੁਝ ਯਾਦ ਨਹੀਂ ਰਹਿੰਦਾ। ਕੋਈ ਨਾ ਅੱਜ ਕਰਦਾ ਕੰਮ।" ਮੈਂ ਉਸਨੂੰ ਭਰੋਸਾ ਦਿੱਤਾ।

"ਕੋਈ ਨਾ ਬਾਈ ਜੀ, ਥੋਨੂੰ ਸੌ ਕੰਮ ਹੁੰਦੇ ਹੋਣੇ। ਐਨਾ ਕਿੱਥੇ ਯਾਦ ਰਹਿੰਦਾ ਹੋਣਾ। ਕੋਈ ਨਾ ਅੱਜ ਕਰ ਦਿਓ।" ਉਹਨੇ ਸ਼ਾਂਤ ਭਾਵ ਨਾਲ ਕਹਿੰਦਿਆਂ ਖੀਰ ਖ਼ਤਮ ਕੀਤੀ ਤੇ ਮੈਂ ਸੁੱਖ ਦਾ ਸਾਹ ਲਿਆ।

"ਚਲੋ ਚੰਗਾ, ਬਾਈ ਜੀ, ਆਪਾਂ ਆਥਣ ਨੂੰ ਮਿਲਦੇ, ਹੁਣ ਮੇਰੇ ਜਾਣ ਦਾ ਸਮਾਂ ਹੋ ਗਿਆ ਆ। ਆਪਾਂ ਮਿਲਦੇ ਸ਼ਾਮ ਨੂੰ। ਮੈਂ ਹੱਥ ਮਿਲਾਉਂਦਿਆਂ ਉਹਦੇ ਤੋਂ ਇਜਾਜ਼ਤ ਮੰਗੀ ਤੇ ਉਹ ਮੇਰੇ ਨਾਲ ਹੀ ਬਾਹਰ ਆ ਗਿਆ ਤੇ ਵਿਦਾ ਲੈ ਕੇ ਆਵਦੇ ਘਰ ਵੱਲ ਨੂੰ ਹੋ ਤੁਰਿਆ।

ਮੈਂ ਕਾਹਲੀ 'ਚ ਸੀ ਫੇਰ ਵੀ ਉਹਨੂੰ ਜਾਂਦੇ ਨੂੰ ਵੇਖਣ ਲੱਗਾ।

ਇਹਦਾ ਘਰ ਮੇਰੇ ਘਰ ਤੋਂ ਇੱਕ ਗਲੀ ਛੱਡ ਕੇ ਅਗਲੀ ਗਲੀ ਵਿੱਚ ਐਫ ਸ਼ੈਕਸ਼ਨ 'ਚ ਪਾਰਕ ਵਾਲੀ ਸਾਇਡ ਆ।

ਹਾਲਾਂਕਿ ਮੈਨੂੰ ਇਸ ਘਰ 'ਚ ਸ਼ਿਫਟ ਹੋਇਆ ਥੋੜਾ ਸਮਾਂ ਹੀ ਹੋਇਆ, ਕੋਈ ਬਹੁਤੀ ਜਾਣ ਪਛਾਣ ਵੀ ਨਹੀਂ ਆ। ਪਰ ਇਸ ਬੰਦੇ ਨੇ ਆਪ ਹੀ ਜਾਣ ਪਛਾਣ ਕੱਢ ਲਈ ਸੀ ਮੇਰੇ ਨਾਲ। ਅਸੀਂ ਤਾਂ ਮਹੂਰਤ ਤੇ ਵੀ ਨੇੜੇ ਦੇ ਕੁਝ ਕੁ ਘਰ ਸੱਦੇ ਸੀ, ਬਹੁਤ ਰਿਸ਼ਤੇਦਾਰ ਜਾਂ ਕੁਲੀਗ ਹੀ ਸੀ।

ਪਾਰਕ 'ਚ ਲੱਗੇ ਝੂਲਿਆਂ ਕਰਕੇ ਮੇਰੇ ਜਵਾਕ ਦਾ ਜੀਅ ਬਾਹਲ਼ਾ ਲੱਗਦਾ ਉੱਥੇ। ਇੱਕ ਦਿਨ ਉਹ ਸਕੂਲ ਜਾਣ ਤੋਂ ਪਹਿਲਾਂ ਪਾਰਕ ਚਲਾ ਗਿਆ, ਡਰਾਈਵਰ ਨਾਲ ਹੀ ਸੀ। ਮੈਂ ਵਰਦੀ 'ਚ ਤਿਆਰ ਹੋਇਆ ਉਹਨੂੰ ਲੈਣ ਗਿਆ ਤਾਂ ਇਹ ਅੱਗੋਂ ਮਿਲ ਗਿਆ ਸੀ।

ਪਹਿਲਾਂ ਤਾਂ ਵੇਖ ਕੇ ਠਠੰਬਰ ਜਹੇ ਗਿਆ। ਪਰ ਜਵਾਕ ਨਾਲ ਵੇਖ ਕੇ ਇਹਨੂੰ ਭਰੋਸਾ ਹੋ ਗਿਆ ਕਿ ਮੈਂ ਏਥੇ ਦਾ ਹੀ ਆ।

"ਸਾਸਰੀ ਕਾਲ ਸਾਬ ਜੀ, ਨਵੇਂ ਆਏ ਓ ?"

"ਹਾਂ ਜੀ, ਸਾਸਰੀ ਕਾਲ ਬਾਈ ਜੀ, ਹਾਂਜੀ ਬੱਸ ਕੁਝ ਦਿਨ ਈ ਹੋਏ ਆ "

"ਵਧੀਆ ਫੇਰ ਤਾਂ, ਵਧਾਈਆਂ ਬਾਈ ਜੀ, ਕਿਹੜੀ ਸਾਇਡ ਰਹਿੰਨੇ ਓ ?"

"ਉੱਧਰ ਆ ਜੀ ਬੀ ਸ਼ੈਕਸ਼ਨ ਸਾਇਡ"

ਮੈਂ ਐਨਾ ਕਹਿ ਕੇ ਜਵਾਕ ਨੂੰ ਲੈ ਕੇ ਤੁਰ ਪਿਆ ਤੇ ਉਹ ਵੇਖਦਾ ਰਿਹਾ।ਜਾਪਿਆ ਉਹ ਕੁਝ ਕਹਿਣਾ ਚਾਹੁੰਦਾ ਆ, ਪਰ ਮੈਂ ਹਮੇਸ਼ਾ ਵਾਂਗ ਕਾਹਲੀ 'ਚ ਸੀ।

ਵੈਸੇ ਵੀ ਮੇਰੇ ਲਈ ਇਹ ਨਵਾਂ ਤਜੁਰਬਾ ਤਾਂ ਹੈ ਨਹੀਂ ਸੀ। ਵਰਦੀ 'ਚ ਹੋਵਾਂ ਤਾਂ ਪਛਾਣ ਕੱਢਣ ਵਾਲੇ ਆ ਈ ਜਾਂਦੇ ਨੇ। ਲੋਕ ਤਾਂ ਸਿਪਾਹੀ ਨਾਲ ਜਾਣ ਪਛਾਣ ਕੱਢਣ ਲੱਗੇ ਮਿੰਟ ਮਾਰਦੇ, ਮੇਰੇ ਤਾਂ ਫਿਰ ਵੀ ਤਿੰਨ ਸਟਾਰ ਲੱਗੇ ਆ।

ਉਸ ਤੋਂ ਬਾਅਦ ਮੈਂ ਕਈ ਵਾਰ ਵੇਖਿਆ, ਉਹ ਮੇਰੇ ਨਾਲ ਗੌਰ ਨਾਲ ਵੇਖਦਾ, ਸਿਰ ਹਿਲਾ ਕੇ ਬੁਲਾਉਂਦਾ। ਮੈਂ ਵੀ ਬੁਲਾਉਂਦਾ ਪਰ ਸਾਡੀ ਗੱਲ ਨਹੀਂ ਸੀ ਹੋਈ। ਵੇਖਣ ਨੂੰ ਤਾਂ ਮੇਰੇ ਤੋਂ ਪੰਜ ਸੱਤ ਸਾਲ ਵੱਡਾ ਹੋਣਾ, ਪਰ ਲੱਗਦਾ ਉਹ ਵੀ ਕਿਸੇ ਮਹਿਕਮੇ ਵਿੱਚ ਹੀ ਸੀ।ਸੂਟਡ-ਬੂਟਡ ਕੋਈ ਅਫਸਰ ਲੱਗਦਾ ਸੀ, ਹੋ ਸਕਦਾ ਕੋਈ ਅਧਿਆਪਕ ਜਾਂ ਲੈਕਚਰਾਰ ਹੋਵੇ। ਪਰ ਉਹਦੇ ਮੂੰਹ ਤੇ ਚਿੰਤਾਂ ਦੀਆਂ ਰੇਖਾਵਾਂ ਮੈਨੂੰ ਉਹਦੇ ਨਾਲ ਗੱਲ ਕਰਨ ਲਈ ਖਿੱਚਦੀਆਂ, ਪਰ ਕਦੇ ਵੀ ਖੁੱਲ੍ਹ ਕੇ ਗੱਲ ਨਾ ਹੋਈ ਜਾਂ ਕਹਿਲੋ ਸਬੱਬ ਨਾ ਜੁੜਿਆ।

ਇੱਕ ਦਿਨ ਉਹ ਆਪ ਹੀ ਆ ਗਿਆ ਸੀ ਮੇਰੇ ਕੋਲ, ਉਸ ਦਿਨ ਵੀ ਮੈਂ ਜਵਾਕ ਨੂੰ ਪਾਰਕ 'ਚ ਖਿਡਾ ਰਿਹਾ ਸੀ। ਮੈਨੂੰ ਪਾਰਕ 'ਚ ਆਇਆ ਵੇਖ ਉਹ ਮੇਰੇ ਕੋਲ ਆ ਗਿਆ। ਉਹਦੇ ਘਰ ਤੋਂ ਪਾਰਕ ਦਾ ਸਾਰਾ ਵਿਊ ਦਿਖਦਾ ਸੀ ਤੇ ਮੈਨੂੰ ਲੱਗਿਆ ਕਿ ਉਹ ਸਾਰਾ ਦਿਨ ਬਾਹਰ ਝਾਕ ਕੇ ਜਿਵੇਂ ਮੇਰੀ ਉਡੀਕ ਹੀ ਕਰਦਾ ਰਹਿੰਦਾ ਹੋਵੇ।

"ਆਜੋ ਬਾਈ ਜੀ, ਚਾਹ ਪੀ ਜੋ ਘਰੇ" ਉਹਨੇ ਆਉਣ ਸਾਰ ਹਲੀਮੀ ਨਾਲ ਘਰ ਵੱਲ ਹੱਥ ਕਰਦਿਆਂ ਕਿਹਾ।

ਮੈਂ ਫੇਰ ਆਉਣ ਦਾ ਕਹਿ ਕੇ ਉਹਨੂੰ ਬੈਂਚ ਤੇ ਬੈਠਣ ਦਾ ਕਿਹਾ ਪਰ ਉਹ ਜ਼ੋਰ ਪਾਉਣ ਲੱਗਾ।

"ਕਿਹੜਾ ਜੀ ਵਲੈਤ ਜਾਣਾ, ਨਾਲ ਤਾਂ ਘਰ ਆ, ਕਿਹੜਾ ਸਮਾਂ ਲੱਗਣਾ ਆ, ਆਜੋ ਜੀ ਨਾਲੇ ਸਾਡੇ ਗਰੀਬਖਾਨੇ 'ਚ ਤੁਹਾਡੇ ਚਰਨ ਪੈ ਜਾਣਗੇ।"

ਉਹਦੀਆਂ ਅੱਖਾਂ 'ਚ ਤਰਲਾ ਤੇ ਮਾਣ ਲੱਗਿਆ ...ਜਦੋਂ ਉਹਨੇ ਗਰੀਬਖਾਨਾ ਕਿਹਾ ਤਾਂ ਮੈਂ ਮਨ੍ਹਾਂ ਕਰ ਹੀ ਨਾ ਸਕਿਆ, ਕਿਸੇ ਤਰ੍ਹਾਂ ਨਾਲ ਛੋਟੇ ਹੋਣ ਦਾ ਅਹਿਸਾਸ ਕਰਵਾਉਣਾ ਖੁਦ ਨੂੰ ਬੁਰਾ ਲੱਗਦਾ ਸੀ, ਉਹਦੇ ਇਨ੍ਹਾਂ ਲਫ਼ਜ਼ਾਂ ਨਾਲ ਮੈਂ ਉਹਦੇ ਘਰ ਜਾਣ ਲਈ ਕਾਫ਼ੀ ਹੱਦ ਤੱਕ ਰਾਜ਼ੀ ਹੋ ਗਿਆ, ਪਰ ਬੁੱਲ੍ਹਾਂ ਤੇ ਨਾਂਹ ਹਾਲੇ ਵੀ ਨੱਚ ਰਹੀ ਸੀ।

ਮੈਂ ਬਥੇਰਾ ਮਨ੍ਹਾ ਵੀ ਕਰਿਆ ਪਰ ਉਹ ਮੱਲੋਜੋਰੀ ਆਵਦੇ ਘਰ ਲੈ ਗਿਆ। ਗੱਲਬਾਤੀਂ ਪਤਾ ਲੱਗਾ ਕਿ ਰਜਿਸਟਰਾਰ ਦਫ਼ਤਰ 'ਚ ਸੁਪਰਡੈਂਟ ਦੇ ਅਹੁਦੇ ਤੇ ਸੀ, ਇੱਕ ਬੱਚਾ ਬਾਹਰ ਤੇ ਇੱਕ ਚੰਡੀਗੜ੍ਹ ਪੜ੍ਹਦਾ ਸੀ, ਘਰਵਾਲੀ ਅਧਿਆਪਕ ਸੀ। ਚਾਹ ਬਣਦੇ ਬਣਦੇ ਉਹਨੇ ਘਰ ਦਾ ਟੂਰ ਕਰਵਾਇਆ। ਘਰ ਸਲੀਕੇ ਨਾਲ ਬਣਵਾਇਆ ਲੱਗਦਾ ਸੀ। ਕੋਈ ਚੀਜ਼ ਇੰਚ ਤੋਂ ਏਧਰ ਉੱਧਰ ਨਹੀਂ ਪਈ ਸੀ। ਮੈਂ ਬੈਠਣ ਲੱਗਾ ਤਾਂ ਕਹਿਣ ਲੱਗਾ,"ਜੀ, ਏਧਰ ਬੈਠੋ ਮਹਿਮਾਨ ਦਾ ਮੂੰਹ ਏਧਰ ਨੂੰ ਹੋਣਾ ਚਾਹੀਦਾ।"

ਮੈਂ ਹੈਰਾਨ ਹੋਇਆ, ਉਹ ਖਚਰਾ ਜਿਹਾ ਹੱਸ ਕੇ ਬੋਲਿਆ, "ਜੀ ਵਾਸਤੂ ਦੇ ਅਨੁਸਾਰ ਮਹਿਮਾਨ ਘਰ ਆਵੇ ਤਾਂ ਏਧਰ ਬਹਿਣਾ ਚਾਹੀਦਾ।"

'ਅਜੀਬ ਬੰਦਾ ਯਾਰ' ਮੈਂ ਮਨ ਹੀ ਮਨ ਸੋਚਿਆ।

ਮੈਂ ਤਕਲੀਫ਼ ਜਿਹੀ ਮੰਨੀ, ਪਰ ਉਹਦੇ ਕਹਿਣ ਮੁਤਾਬਿਕ ਬਹਿ ਗਿਆ ਤੇ ਉਹਨੇ ਖੁਦ ਵੀ ਇਹ ਭਾਂਪ ਲਿਆ।

ਮੈਨੂੰ ਘਰ ਦੇ ਵਾਤਾਵਰਣ 'ਚ ਘੁੱਟਣ ਜਿਹੀ ਲੱਗੀ। ਮੇਰਾ ਬੇਟਾ ਸ਼ਰਾਰਤਾਂ ਕਰਨ ਲੱਗ ਪਿਆ, ਪਰ ਉਹਦਾ ਧਿਆਨ ਉਹਦੇ ਵੱਲ ਸੀ ਕਿ ਉਹ ਕੋਈ ਚੀਜ਼ ਏਧਰ ਉੱਧਰ ਨਾ ਕਰੇ। ਉਹਦਾ ਧਿਆਨ ਮੇਰੇ ਨਾਲ ਗੱਲ ਕਰਨ ਵੱਲ ਘੱਟ ਤੇ ਉਹਦੇ ਵੱਲ ਵੱਧ ਸੀ। ਜਾਪ ਰਿਹਾ ਸੀ ਕਿ ਜੇ ਉਹਨੇ ਚੀਜ਼ ਏਧਰ-ਉਧਰ ਕੀਤੀ ਤਾਂ ਉਹਨੂੰ ਹਾਰਟ ਅਟੈਕ ਆ ਜਾਵੇਗਾ। ਮੈਂ ਉਹਦੀ ਰਮਜ਼ ਸਮਝਦਿਆਂ ਬੇਟੇ ਨੂੰ ਝਿੜਕ ਕੇ ਕੋਲ ਬਿਠਾ ਲਿਆ, ਪਰ ਜਵਾਕ ਕਿੱਥੇ ਟਿਕਣ ਵਾਲਾ ਸੀ, ਮੈਂ ਫੋਨ ਹੱਥ 'ਚ ਫੜ੍ਹਾ ਦਿੱਤਾ।

ਉਹ ਜਦੋਂ ਚਾਹ ਲੈ ਕੇ ਆਇਆ ਤਾਂ ਮੈਂ ਉਹਦੇ ਹੱਥਾਂ ਵੱਲ ਵੇਖਿਆ, ਨਗਾਂ ਨਾਲ ਸੱਜੀਆਂ ਰੰਗ ਬਿਰੰਗੀਆਂ ਮੁੰਦੀਆਂ ਪਾਈਆਂ ਹੋਈਆਂ ਸਨ।

ਸਭ ਕੁਝ ਬੜੇ ਸਲੀਕੇ ਨਾਲ ਕਰ ਰਿਹਾ ਸੀ।

"ਘਰ ਸੋਹਣਾ ਪਾਇਆ ਤੁਸੀਂ" ਮੈਂ ਗੱਲ ਅੱਗੇ ਤੋਰ ਇਰਾਦੇ ਨਾਲ ਕਿਹਾ ਤਾਂ ਉਹ ਦੱਸਣ ਲੱਗ ਪਿਆ।

"ਹਾਂ ਜੀ, ਸਭ ਵਾਸਤੂ ਸ਼ਾਸਤਰ ਦੇ ਹਿਸਾਬ ਨਾਲ ਬਣਾਇਆ। ਪੰਡਿਤ ਜੀ ਨੇ ਆਹ ਕਿਹਾ ਸੀ, ਉਹ ਕਿਹਾ ਸੀ। ਉਹ ਤਾਂ ਖੋਲ੍ਹਣ ਦੀ ਦੇਰ ਸੀ ਕਿ ਪੱਛਮ ਦੇ ਗੋਲੇ ਵਾਂਗ ਉਧੜ ਪਿਆ। ਮੈਨੂੰ ਸਮਝਦੇ ਦੇਰ ਨਾ ਲੱਗੀ ਕਿ ਬੰਦਾ ਸਿਰੇ ਦਾ ਵਹਿਮੀ ਆ।ਉਹ ਟੇਪ ਰਿਕਾਰਡਰ ਵਾਂਗ ਵੱਜੀ ਗਿਆ ਤੇ ਸਰਸਰੀ ਮੈਂ ਹਾਂ ਹੂੰ ਕਰੀ ਗਿਆ।

ਮੈਨੂੰ ਉਹਦੇ ਵੱਲ ਵੇਖ ਕੇ ਜਾਣਨ 'ਚ ਦਿਲਚਸਪੀ ਪੈਦਾ ਹੋ ਗਈ, ਪਰ ਉਦੋਂ ਵੱਧ ਉਹ ਮੇਰੇ ਬਾਰੇ ਜਾਣਨ ਦੀ ਕਾਹਲ਼ 'ਚ ਸੀ, ਮੇਰੀ ਪੋਸਟਿੰਗ ਕਿੱਥੇ, ਡਿਊਟੀ ਕਿੱਥੇ, ਸਭ ਕੁਝ। ਜਦੋਂ ਉਹਨੂੰ ਪੋਸਟਿੰਗ ਬਾਰੇ ਦੱਸਿਆ ਤਾਂ ਉਹ ਖੁਸ਼ ਹੋ ਗਿਆ, ਜਿਵੇਂ ਉਹਦਾ ਕੰਮ ਬਣ ਗਿਆ ਹੋਵੇ।

"ਬਾਈ ਜੀ, ਪੰਡਿਤ ਜੀ ਕਹਿੰਦੇ ਸੀ ਤੇਰੇ ਗ੍ਰਹਿ

ਸਿੱਧੇ ਆ, ਆਹ ਵੇਖਲੋ ਤੁਹਾਡੇ ਨਾਲ ਮੁਲਾਕਾਤ ਹੋ ਗਈ। ਬੱਸ ਇੱਕ ਨਿੱਕਾ ਜਿਹਾ ਕੰਮ ਆ ਤੁਹਾਡੇ ਨਾਲ।''

''ਹੁਕਮ ਕਰੋ ਬਾਈ ਜੀ''

ਉਹਨੇ ਜਦ ਕੰਮ ਦੱਸਿਆ ਤਾਂ ਮੈਂ ਮੁਸਕੜੀਏ ਹੱਸ ਪਿਆ

''ਅੱਛਾ !!!! ਇਹ ਤਾਂ ਕਿਹੜਾ ਕੰਮ ਆ, ਜ਼ਰੂਰ ਕਰੂੰ''

ਮੈਂ ਉਹਨੂੰ ਵਾਅਦਾ ਕਰਕੇ ਘਰ ਆ ਗਿਆ, ਉਸ ਤੋਂ ਬਾਅਦ ਉਹ ਮੇਰੇ ਕੋਲ ਕਈ ਵਾਰ ਆਇਆ ਪਰ ਸਾਡਾ ਮੇਲ ਨਹੀਂ ਹੋਇਆ।ਪਰ ਅੱਜ ਉਹਨੇ ਟਾਇਮ ਨਾਲ ਹੀ ਦਬੋਚ ਲਿਆ ਸੀ।

ਸਾਲਾ ! ਐਡੀ ਵੀ ਕੀ ਜ਼ਰੂਰਤ ਉਹਨੂੰ। ਪਰ ਇੱਕ ਗੱਲ ਤਾਂ ਸੀ ਕਿ ਇਹਨੂੰ ਵਹਿਮ ਕਿਸੇ ਪਾਖੰਡੀ ਪੰਡਿਤ ਨੇ ਪਾਇਆ ਹੋਣਾ।ਇਹ ਕੀ ਬਥੇਰੇ ਇਹਦੇ ਵਰਗੇ ਆਉਂਦੇ ਨੇ, ਪੰਡਿਤਾਂ ਦੇ ਪੱਟੇ।

ਹਾਲੇ ਤੱਕ ਉਹਨੇ ਮੈਨੂੰ ਜ਼ੁਬਾਨੀ ਹੀ ਕਿਹਾ ਸੀ ਤੇ ਉਹਦੇ ਕੋਲ ਮੇਰਾ ਨੰਬਰ ਨਹੀਂ ਸੀ, ਨਹੀਂ ਤਾਂ ਪੱਕਾ ਇਹ ਫੋਨ ਲਾ ਲਾ ਯਾਦ ਕਰਵਾਉਂਦਾ ਰਹਿੰਦਾ।

ਉਹ ਮੈਨੂੰ ਮਿਲਣ ਆਉਦਾ, ਜਵਾਕ ਲਈ ਚਾਕਲੇਟ ਵਗੈਰਾ ਲਿਆਉਦਾ, ਕਦੇ ਮੇਰੀ ਗੈਰਹਾਜ਼ਰੀ 'ਚ ਆਰਗੈਨਿਕ ਸ਼ਬਜੀ ਦੇ ਜਾਂਦਾ, ਕਦੇ ਕੁਝ ਕਦੇ ਕੁਝ। ਮੈਨੂੰ ਏਦਾਂ ਸ਼ਰਮ ਮਹਿਸੂਸ ਹੁੰਦੀ।

ਇੱਕ ਦਿਨ ਘਰਵਾਲੀ ਨੇ ਵੀ ਕਿਹਾ,''ਕੀ ਕੰਮ ਆ, ਕਰਦੋ ਵਿਚਾਰੇ ਦਾ, ਗੁਆਂਢ ਮੱਥਾ ਆ'' ਮੈਂ ਹੂੰ, ਕੱਲ੍ਹ ਕਰਦਾ ਕਹਿ ਕੇ ਫਿਰ ਯਾਦ ਭੁਲਾ ਗਿਆ।

ਯਾਦ ਤਾਂ ਮੇਰੇ ਫਿਰ ਨਾ ਰਿਹਾ, ਦਫ਼ਤਰ ਜਾਂਦਾ ਤਾਂ ਘਰ ਦਾ ਚੇਤਾ ਕਿੱਥੇ।

ਮੈਨੂੰ ਦੋ ਤਿੰਨ ਵਾਰ ਮਿਲਿਆ ਪਰ ਮੈਂ ਭੁੱਲ ਗਿਆ ਕਹਿ ਕੇ ਟਾਲ ਦਿੰਦਾ।ਉਹਨੇ ਮੇਰਾ ਨੰਬਰ ਲੈ ਲਿਆ, ਫੋਨ ਮੈਸਜ ਕਰਕੇ ਯਾਦ ਕਰਵਾਉਂਦਾ।ਬਾਕੀ ਫੇਰ ਮੈਨੂੰ ਲੱਗਦਾ ਕਿ ਮੇਰੇ ਕਰਨ ਵਾਲਾ ਕੰਮ ਹੈ ਵੀ ਨਹੀਂ, ਸਾਡੇ ਸਿਪਾਹੀ ਵਗੈਰਾ ਕਰਦੇ ਆ, ਪੈਸੇ ਵੀ ਲੈਂਦੇ ਨੇ ਪਰ ਮੈਨੂੰ ਤਾਂ ਊ ਈ ਸ਼ਰਮ ਜਿਹੀ ਆਉਦੀ ਆ ਵੀ ਜੇਲ੍ਹ ਡਿਪਟੀ ਸੁਪਰਡੈਂਟ ਹੋ ਕੇ ਕਿਹੜੇ ਚੱਕਰਾਂ 'ਚ ਪਿਆ ਫਿਰਦਾ।

ਇੱਕ ਦਿਨ ਡਰਾਈਵਰ ਨੇ ਪੁੱਛ ਹੀ ਲਿਆ ਕਿ ਇਹ ਕਹਿੰਦਾ ਕੀ ਆ ?

ਮੈਂ ਕਿਹਾ,''ਕੁਝ ਨਈ ਯਾਰ, ਜੇਲ੍ਹ ਦੀ ਰੋਟੀ ਮੰਗਦਾ ਆ। ਉਹਦੇ ਲਈ ਆਉਂਦਾ ਆ। ਕਹਿੰਦਾ,''ਮੈਨੂੰ ਕਹਿ ਦਿੰਦੇ। ਫਿਰ ਵੀ ਗੁਆਂਢ ਮੱਥਾ ਆ।'' ਮੈਂ ਕੀ ਕਹਿੰਦਾ ?

ਮੈਂ ਸੋਚਿਆ ਮੁਲਾਜ਼ਮ ਬੰਦਾ, ਇੱਕ ਵਾਰ ਪੁੱਛਾਂ ਤਾਂ ਸਹੀ, ਜੇਲ੍ਹ ਦੀ ਰੋਟੀ ਦੀ ਲੋੜ ਕੀ ਆ ? ਘਰ ਦੀ ਰੋਟੀ ਤਾਂ ਜੇਲ੍ਹ ਦੀ ਰੋਟੀ ਤੋਂ ਸੌ ਗੁਣਾ ਬੇਹਤਰ ਆ। ਅਗਲੇ ਦਿਨ ਮੈਂ ਪੁੱਛ ਹੀ ਲਿਆ ਕਿ ਐਡੀ ਕੀ ਆਫ਼ਤ ਆ। ਉਹਨੇ ਦੱਸਿਆ ਕਿ ਪੰਡਿਤ ਜੀ ਨੇ ਕਿਹਾ ਕਿ ਤੇਰੇ ਕਰਮਾਂ ਵਿੱਚ ਜੇਲ੍ਹ ਦੀ ਰੋਟੀ ਆ, ਬਿਹਤਰ ਆ ਕਿ ਪਹਿਲਾਂ ਹੀ ਮੁੱਲ ਲੈ ਕੇ ਜੇਲ੍ਹ ਦੀ ਰੋਟੀ ਖਾ ਲੈ ਤੇ ਖਾ ਵੀ ਛੇਤੀ ਲੈ, ਨਹੀਂ ਗ੍ਰਹਿ ਮਾੜੇ ਚੱਲ ਪੈਣੇ ਆ। ਮੈਂ ਸੋਚਾਂ ਪੜ੍ਹਿਆ ਲਿਖਿਆ ਬੰਦਾ ਕਿਹੜੇ ਚੱਕਰੀਂ ਪਿਆ ਹੋਇਆ। ਜ਼ਰੂਰ ਕੋਈ ਪੁੱਠਾ ਚੱਕਰ ਚੱਲ ਰਿਹਾ ਲੱਗਦਾ ਜੀਹਦੇ ਕਰਕੇ ਇੰਤਜ਼ਾਮ ਕਰਦਾ ਫਿਰਦਾ ਆ।

ਮੈਂ ਉਹਦੇ ਕੋਲ ਖੜ੍ਹੇ ਤੋਂ ਡਰਾਇਵਰ ਨੂੰ ਕਿਹਾ ਕਿ ਅੱਜ ਕੁਝ ਹੋ ਜੇ, ਬਾਈ ਜੀ ਹੋਰਾਂ ਨੂੰ ਜੇਲ੍ਹ ਦੀ ਰੋਟੀ ਲਿਆ ਕੇ ਹੀ ਦੇਣੀ ਆ।

ਮੈਂ ਹੱਸ ਕੇ ਵੇਖਿਆ ਤਾਂ ਉਹਦੇ ਮੱਥੇ ਦੀਆਂ ਚਿੰਤਾਵਾਂ ਉੱਭਰ ਕੇ ਸਾਫ ਦਿਸ ਰਹੀਆਂ ਸੀ, ਜਿਵੇਂ ਕਹਿ ਰਹੀਆਂ ਹੋਣ, ਪਲੀਜ਼ ਬਾਈ ਜੀ। ਤਰਲੇ ਭਰੀ ਆਵਾਜ਼ ਨਾਲ ਧੰਨਵਾਦ ਕਹਿੰਦਾ ਚਲਾ ਗਿਆ ਪਰ ਮੈਨੂੰ ਲੱਗਾ ਕਿ ਗੱਲ ਹੋਰ ਆ।

ਉਸ ਦਿਨ ਅਸੀਂ ਰੋਟੀ ਤਾਂ ਲਿਆਂਦੀ, ਪਰ ਉਹ ਨਹੀਂ ਆਇਆ। ਪਾਰਕ 'ਚ ਵੀ ਨਾ ਦਿਖਿਆ।ਅਗਲੇ ਕਈ ਦਿਨ ਨਜ਼ਰੀਂ ਨਾ ਪਿਆ, ਰੋਟੀ ਸੁੱਕ ਕੇ ਆਕੜ ਗਈ ਪਰ ਉਹ ਲੈਣ ਨਾ ਆਇਆ। ਮੈਂ ਪਾਰਕ ਗਏ ਨੇ ਦੁਬਾਰਾ ਫੇਰ ਵੇਖਿਆ ਪਰ ਉਹਦੇ ਘਰ ਨੂੰ ਜਿੰਦਾ ਲੱਗਾ ਹੋਇਆ ਸੀ।ਫੋਨ ਕੀਤਾ ਸਵਿੱਚ ਆਫ ਸੀ।

ਅਜੀਬ ਬੰਦਾ ਆ ਯਾਰ, ਪਹਿਲ੍ਹਾਂ ਕਿੰਨੀ ਕਾਹਲ ਮਚਾਈ ਸੀ ਤੇ ਹੁਣ ਕੁਝ ਅਤਾ ਪਤਾ ਨਈ.. ਫੇਰ ਮੈਨੂੰ ਲੱਗਾ ਕਿਤੇ ਘੁੰਮਣ ਜਾਂ ਵਿਆਹ ਸ਼ਾਦੀ ਤੇ ਗਏ ਹੋਣੇ ...ਆਪੇ ਆ ਜੂ, ਨਾਲੇ ਕਿੰਨਾ ਕੁ ਟੈਮ ਖੂਹ ਪਿਆਸੇ ਕੋਲ ਤੁਰਿਆ ਫਿਰੂ।

ਹਫਤੇ ਕੁ ਬਾਅਦ ਜਦੋਂ ਜੇਲ੍ਹ ਦਫ਼ਤਰ 'ਚ ਸੀ ਤਾਂ ਨਵੇਂ ਸ਼ਿਫਟ ਕੈਦੀਆਂ ਦੀ ਲਿਸਟ ਵੇਖ ਰਿਹਾ ਸੀ, ਮੈਂ ਇੱਕ ਨਾਮ ਵੇਖ ਕੇ ਹੈਰਾਨ ਹੋ ਗਿਆ, ਇਹ ਤਾਂ ਉਹੀ ਸਾਡਾ ਗੁਆਂਢੀ ਸੀ।

'ਐਡੀ ਗੱਲ ਸੀ....ਕਮਾਲ ਆ' ਮੈਂ ਆਪ ਈ ਬੁੜਬੁੜਾਇਆ ਤੇ ਕਨਫਰਮ ਕਰਨ ਲੱਗਾ ਕਿ ਵਾਕਿਆ ਉਹੀ ਆ।

ਉਹ ਤੇਰੀ ਦੀ ਮੇਰਾ ਸ਼ੱਕ ਸਹੀ ਸੀ ਮੈਂ ਪੁਸ਼ਟੀ ਕਰਨ ਤੋਂ ਬਾਅਦ ਮਿਲਣ ਲਈ ਕਾਹਲ੍ਹਾ ਪੈਣ ਲੱਗਾ।ਅੰਦਰ ਤਾਂ ਫਰੋਲਣਾ ਚਾਹੀਦਾ ਸੀ। ਕਾਗਜ਼ੀ ਕਾਰਵਾਈ ਤੋਂ ਬਾਅਦ ਉਹਨੂੰ ਹਾਲੇ ਬੈਰਕ 'ਚ ਸ਼ਿਫਟ ਕਰਨਾ ਸੀ। ਪਰ ਮੈਂ ਜਾਣਨਾ ਸੀ ਕਿ ਕਹਾਣੀ ਬਣੀ ਕੀ।

ਮੈਂ ਨੰਬਰਦਾਰ ਨੂੰ ਕਹਿ ਉਹਨੂੰ ਮੁਲਾਕਾਤ ਲਈ ਕਮਰੇ 'ਚ ਹੀ ਬੁਲਾ ਲਿਆ, ਉਹ ਸ਼ਰਮਿੰਦਾ ਜਿਹਾ ਹੋ ਕੇ ਆ ਰਿਹਾ ਸੀ। ਮੈਨੂੰ ਸੀ ਕਿ ਸਭ ਕੁਝ ਮੇਰੇ ਸਾਹਵੇਂ ਢੇਰੀ ਕਰ ਦਵੇ। ਉਹਨੇ ਦੱਸਿਆ ਕਿ ਉਹਦਾ ਨਾਮ ਦਫ਼ਤਰ ਦੇ ਸਰਕਾਰੀ ਕਰਜ ਮੁਆਫ਼ੀ ਘਪਲੇ 'ਚ ਸ਼ਾਮਿਲ ਸੀ। ਜਾਅਲੀ ਕਿਸਾਨਾਂ ਦੇ ਨਾਮ

ਦਿਖਾ ਕੇ ਉਨ੍ਹਾਂ ਦੇ ਨਾਮ ਤੇ ਕਰਜ਼ਾ ਮੁਆਫ਼ੀ ਖਾਤਿਆਂ 'ਚ ਪਵਾ ਕੇ ਵੱਡੇ ਪੱਧਰ ਤੇ ਖੁਰਦ ਬੁਰਦ ਕੀਤੀ ਗਈ ਸੀ। ਰਕਮ ਮੂਲੋਂ ਵੱਡੀ ਸੀ ...ਪਰ ਜਾਣਕਾਰੀ ਵੀ ਉੱਤੋ ਲੈ ਕੇ ਹੇਠਾਂ ਤੱਕ ਸੀ। ਹਰੇਕ ਅਫ਼ਸਰ ਕੋਲ ਹਿੱਸਾ ਗਿਆ ਸੀ।ਗੱਲ ਮੀਡੀਆ 'ਚ ਹਿੱਲੀ ਤਾਂ ਰੌਲਾ ਪੈ ਗਿਆ, ਕਿਸੇ ਨੇ ਆਰ ਟੀ ਆਈ ਪਾ ਦਿੱਤੀ। ਪੱਤਰਕਾਰ ਤੇ ਵਿਰੋਧੀ ਧਿਰਾਂ ਨੇ ਆਪਣੇ ਪੱਧਰ ਤੇ ਜਾਂਚ ਕਰ ਲਈ ...ਉਤਲੇ ਅਫਸਰ ਤਾਂ ਬਚ ਬਚਾ ਗਏ ਪਰ ਨਾਮ ਉਹਦਾ ਆ ਗਿਆ, ਨਾਮ ਕਾਹਦਾ ਆਇਆ ਮੱਲੋ ਜੋਰੀ ਬਲੀ ਦਾ ਬੱਕਰਾ ਬਣਾਇਆ ਗਿਆ। ਪਰਚੇ 'ਚ ਮੁੱਖ ਦੋਸ਼ੀ ਉਹ ਬਣਨਾ ਸੀ ਤੇ ਉਸਨੂੰ ਇਹ ਗੱਲ ਦਾ ਪਤਾ ਸੀ।ਪਹਿਲਾਂ ਤਾਂ ਲੱਗਿਆ ਕਿ ਅਫਸਰ ਮਦਦ ਕਰਨਗੇ ਪਰ ਜਦੋਂ ਪਾਣੀ ਸਿਰ ਉੱਤੋਂ ਲੰਘਿਆ ਤਾਂ ਛੇਤੀ ਛੁਡਾਉਣ ਦਾ ਵਾਅਦਾ ਕਰ ਤੇ ਵਿਭਾਗੀ ਇਨਕੁਆਰੀ ਨਰਮ ਰੱਖਣ ਦਾ ਕਹਿ ਪੰਜਾਲੀ ਗਲ ਪਾ ਦਿੱਤੀ।ਉਹ ਦੱਸਣ ਲੱਗਿਆ ਕਿ ਜੋਤਿਸ਼ ਵਿੱਚ ਵਿਸ਼ਵਾਸ਼ ਬਚਪਨ ਤੋਂ ਹੀ ਆ ਤੇ ਹਰੇਕ ਕੰਮ ਜੋਤਿਸ਼ੀ ਦੇ ਕਹਿਣ ਤੇ ਈ ਕਰਦਾ ਆ। ਪਹਿਲਾਂ ਵੀ ਇੱਕ ਵਿਭਾਗੀ ਇਨਕੁਆਰੀ ਤੇ ਇੱਕ ਰਿਸ਼ਵਤ ਦੇ ਕੇਸ 'ਚ ਫਸ ਚੱਲਿਆ ਸੀ, ਪਰ ਪੰਡਿਤਾਂ ਦੇ ਦੱਸੇ ਉਪਾਆਂ ਕਰਕੇ ਬੱਚ ਨਿਕਲਿਆ ਸੀ ਤੇ ਇਸ ਵਾਰ ਵੀ ਜਦੋਂ ਇਨਕੁਆਰੀ ਚੱਲ ਰਹੀ ਸੀ ਤਾਂ ਪੰਡਿਤ ਨੇ ਕਹਿਤਾ ਸੀ ਕਿ 'ਤੇਰੇ ਕਰਮਾਂ 'ਚ ਜੇਲ੍ਹ ਦੀ ਰੋਟੀ ਆ' ਤੇ ਇਹਦਾ ਹੱਲ ਇਹੀ ਸੀ ਕਿ ਮੈਂ ਹਫ਼ਤਾ ਜੇਲ੍ਹ ਦੀ ਰੋਟੀ ਮੁੱਲ ਮੰਗਾ ਕੇ ਖਾ ਲਵਾਂ ਤੇ ਮੁਸੀਬਤ ਟਲ ਜਾਵੇ।

ਚਾਹ ਮੁੱਕਣ ਦੇ ਨਾਲ ਹੀ ਉਹਦੀ ਵਿੱਥਿਆ ਮੁੱਕੀ।

ਕੇਰਾਂ ਤਾਂ ਮੈਂ ਸ਼ਰਮਿੰਦਾ ਜਿਹਾ ਮਹਿਸੂਸ ਕੀਤਾ ਜਿਵੇਂ ਮੈਂ ਉਹਦਾ ਗੁਨਾਹਗਾਰ ਹੋਵਾਂ। ਮੈਂ ਮੁਆਫ਼ੀ ਮੰਗੀ ਤੇ ਸੋਚਣ ਲੱਗਾ ਲਿਆ ਰੋਟੀ ਦੇਣੀ ਚਾਹੀਦੀ ਸੀ ਕੀ ਪਤਾ ਬੱਚ ਈ ਜਾਂਦਾ। ਪਰ ਆਪ ਫਾਥੜੀਏ ਤਾਂ ਛੁਡਾਵੇ ਕੌਣ ...।ਮੇਰਾ ਗੁਆਂਢੀ ਹੋਣ ਕਰਕੇ ਹਮਦਰਦੀ ਵੀ ਸੀ ਪਰ ਇੱਕ ਗੁਨਾਹਗਾਰ ਨੂੰ ਸਜ਼ਾ ਮਿਲਣ ਦਾ ਸਕੂਨ। ਪਰ ਫੇਰ ਏਥੇ ਦੁੱਧ ਧੋਤਾ ਕੋਣ ? ਸਜ਼ਾ ਤਾਂ ਸਭ ਨੂੰ ਮਿਲਣੀ ਚਾਹੀਦੀ ਸੀ। ਮੈਂ ਸੋਚਾਂ ਦੇ ਵਹਾਅ 'ਚ ਐਸਾ ਉਲਝਿਆ ਕਿ ਸੇਵਾਦਾਰ ਨੇ ਕੱਪ ਚੁੱਕਣ ਲੱਗੇ ਕੀਤੇ ਖੜਕੇ ਨੇ ਜਗਾ ਦਿੱਤਾ।

ਮੈਂ ਮਦਦ ਕਰਨੀ ਚਾਹੁੰਦਾ ਸੀ ਪਰ ਹੁਣ ਤਾਂ ਮਦਦ ਦਾ ਸਮਾਂ ਵੀ ਨਿਕਲ ਚੱਲਿਆ ਸੀ।

ਮੈਂ ਫੇਰ ਕਿਹਾ,"ਬਾਈ ਜੀ ਮੁਆਫ਼ੀ ਫਿਰ ਤੋਂ, ਪਰ ਹੁਣ ਕੋਈ ਲੋੜ ਹੋਈ ਤਾਂ ਦੱਸਿਓ, ਕੋਈ ਕੁਤਾਹੀ ਨਹੀਂ ਹੁੰਦੀ ..ਤੇ ਕੋਈ ਘਰ ਸੁਨੇਹਾ ਦੇਣਾ ਤਾਂ ਦੱਸ ਦਿਓ ਤੇ ਹੋਰ ਕੋਈ ਲੋੜ ਵੀ ਹੋਈ ਤਾਂ ?

ਮੇਰੇ ਐਨਾ ਕਹਿਣ ਦੀ ਦੇਰ ਸੀ ਕਿ ਉਹਦਾ ਚਿਹਰਾ ਚਮਕ ਗਿਆ, ਜਿਵੇਂ ਉਹ ਇਸ ਗੱਲ ਦੀ ਹੀ ਉਡੀਕ ਕਰ ਰਿਹਾ ਸੀ, ਬਿਨਾਂ ਵਕਤ ਗਵਾਏ ਉਹ ਝੱਟ ਬੋਲ ਪਿਆ।

"ਬਾਈ ਜੀ, ਮੇਰੇ ਬੈਰਕ ਲਹਿੰਦੇ ਵੱਲ ਆ, ਤੁਸੀਂ ਉੱਤਰ ਵਾਲੇ ਪਾਸੇ ਦੀ ਦਵਾ ਦਿਉਗੇ ? ਪੰਡਿਤ ਜੀ ਨੇ ਕਿਹਾ ਸੀ ਕਿ ਲਹਿੰਦੇ ਪਾਸੇ ਅੜਚਨਾਂ ਬਹੁਤ ਆਉਂਦੀਆਂ।

"ਠੀਕ ਆ ਬਾਈ ਜੀ, ਕੋਸ਼ਿਸ਼ ਕਰਾਂਗਾ"

"ਇੱਕ ਬਾਈ ਜੀ ਪਿੱਤਲ ਦੇ ਭਾਂਡੇ ਮੰਗਵਾਉਣੇ ਆ ਘਰੋਂ"

ਮੈਂ ਫਸਿਆ ਫਸਿਆ ਮਹਿਸੂਸ ਕਰਿਆ ਤੇ 'ਠੀਕ ਆ, ਬਾਈ ਜੀ' ਹੀ ਕਿਹਾ।

ਪਹਿਲਾਂ ਤਾਂ ਗੁੱਸਾ ਆਇਆ ਵੀ ਬਾਰਾਤ ਆਇਆਂ? ਪਰ ਮੈਂ ਹੱਸ ਕੇ ਸਹਿਜ ਹੋਣ ਦੀ ਕੋਸ਼ਿਸ਼ ਕੀਤੀ ਤੇ ਉਮੀਦ ਕੀਤੀ ਕਿ ਇਸ ਤੋਂ ਵੱਧ ਕੁਝ ਨਹੀ ਕਹੂਗਾ। ਪਰ ਉਹ ਮੇਰੇ ਵੱਲ ਸਿੱਧਾ ਝਾਕਦਿਆਂ ਫੇਰ ਬੋਲਿਆ।

"ਬਾਈ  ਇੱਕ ਕੰਮ ਹੋਰ ਕਰ ਦਿਓ"

"ਹਾਂ ਜੀ"

ਮੈਂ ਔਖੇ ਜਹੇ ਹੋ ਕੇ ਮਸਾਂ ਈ ਬੋਲਿਆ।

ਮੈਂ ਤਣੀਆਂ ਨਸਾਂ ਨਾਲ ਸਿੱਧਾ ਅੱਖ 'ਚ ਅੱਖ ਪਾ ਉਹਦੇ ਵੱਲ ਵੇਖਿਆ ਤਾਂ ਉਹਨੇ ਨਜ਼ਾਕਤ ਸਮਝਦਿਆਂ ਤੋਪ ਦੇ ਗੋਲੇ ਵਾਂਗ ਅਗਲਾ ਸਵਾਲ ਦਾਗ਼ ਦਿੱਤਾ।

"ਬਾਈ ਜੀ, ਮੈਨੂੰ ਖਾਣੇ 'ਚ ਦੋ ਚਾਰ ਰੋਟੀਆਂ ਵੱਧ ਦੁਆ ਦਿਆ ਕਰਿਓ,  ਮੇਰੀ ਜ਼ਮਾਨਤ ਛੇਤੀ ਹੋਜੂ" ਉਹਦੇ ਕਾਹਲ਼ੀ ਕਾਹਲੀ ਬੋਲੇ ਬੋਲਾਂ ਨੂੰ ਮੈਨੂੰ ਅਵਾਕ ਕਰ ਕਰ ਦਿੱਤਾ।

ਤੇ ਉਹ ਖਚਰੀ ਹਾਸੀ ਹੱਸ ਕੇ ਮੇਰੇ ਵੱਲ ਵੇਖ ਮੇਰੇ ਜਵਾਬ ਦੀ ਉਡੀਕ ਕਰਨ ਲੱਗਾ ਤੇ ਜਾਪਿਆ ਉਹਨੂੰ ਯਕੀਨ ਸੀ ਕਿ ਮੈਂ ਇਸ ਵਾਰ ਕੁਝ ਵੀ ਮਨ੍ਹਾ ਨਹੀ ਕਰਾਂਗਾ।

"ਅੱਛਾ, ਤਾਂ ਆਹ ਗੱਲ ਸੀ, ਪਰ ਇੱਕ ਗੱਲ ਜ਼ਰੂਰ ਦੱਸੋ ? ਘਪਲਾ ਹੋਇਆ ਸੀ ? ਸਹੀ ਸਹੀ ਦੱਸਿਓ ?

"ਹਾਂ ਜੀ"

ਉਹਨੇ ਏਨਾ ਹੀ ਕਿਹਾ।

"ਤੁਸੀਂ ਵੀ ਵਿੱਚੇ ਸੀ ਨਾ?

ਉਹਨੇ ਨੀਵੀਂ ਪਾ ਲਈ ਤੇ ਕੋਈ ਜਵਾਬ ਨਾ ਦਿੱਤਾ।

ਮੇਰੀ ਬੋਲੀ 'ਚ ਆਈ ਅੜਵਾਈ ਉਹਨੇ ਸ਼ਾਇਦ ਪਛਾਣ ਲਈ ਸੀ।ਮੈਂ ਗੱਲ ਦੁਹਰਾਈ ਪਰ ਉਹ ਹਾਲੇ ਵੀ ਹੱਥਾਂ ਦੀ ਕੜਿੰਗੜੀ ਬਣਾਈ ਚੁੱਪ ਚਾਪ ਬੈਠਾ ਸੀ। ਉਹਦਾ ਖੁਸ਼ਕ ਗਲਾ ਹਿੱਲਦਾ ਮਹਿਸੂਸ ਹੋਇਆ। ਮੇਰੇ ਵੱਲ ਸਿੱਧਾ ਵੀ ਨਹੀਂ ਸੀ ਝਾਕ ਰਿਹਾ।

ਮੈਂ ਉਸਦੀ ਮਦਦ ਵੀ ਕਰਨਾ ਚਾਹੁੰਦਾ ਸੀ ਪਰ ਉਸ ਤੋਂ ਪਹਿਲਾਂ ਉਸਨੂੰ ਇੱਕ ਗੱਲ ਪੁੱਛਣਾ ਜ਼ਰੂਰ ਚਾਹੁੰਦਾ ਸੀ–

ਕਿ ਆਹ ਘਪਲਾ ਕਰਨ ਵੀ ਨੂੰ ਪੰਡਿਤ ਨੇ ਕਿਹਾ ਸੀ?

**98884-08383**

## ਕੌਣ ਆਇਐ !

ਮੇਰੇ ਗੁਰੂਦੇਵ
ਬੂਹੇ 'ਤੇ ਕਿਸ ਦੇ
ਮੁਬਾਰਕ ਕਦਮਾਂ ਦੀ
ਆਹਟ ਹੈ !
ਮੇਰੀਆਂ ਦਿਸ਼ਾਵਾਂ ਲਈ
ਨਵੇਂ ਦਿਸਹੱਦਿਆਂ ਦੀਆਂ
ਕਨਸੋਆਂ ਲੈ ਕੇ
ਕੌਣ ਆਇਐ !
ਸੈਆਂ ਸੂਰਜਾਂ ਦੀ
ਲੋਅ ਲੈ ਕੇ
ਮੇਰੀ ਹਨੇਰੀ ਕੋਠੜੀ 'ਚ
ਦੀਵਾ ਜਗਾਉਣ
ਕੌਣ ਆਇਐ !
ਮੇਰੀ ਸੁਰਤੀ ਦੇ
ਤਲ 'ਤੇ
ਰਮਜ਼ਾਂ ਦੀ ਦਸਤਕ ਦੇ ਕੇ
ਰੂਹ ਨੂੰ ਰੁਸ਼ਨਾਉਣ
ਕੌਣ ਆਇਐ !
ਧਰਤੀ ਤੇ ਪਿਘਲੀ
ਇਸ ਦੇਹ ਦੀ ਮਿੱਟੀ ਨੂੰ
ਥੀਣ ਦਾ
ਅਹਿਸਾਸ ਕਰਾਉਣ
ਕੌਣ ਆਇਐ !
ਮੇਰੇ ਮਨ ਤੋਂ
ਸੰਸਿਆਂ ਦੀ ਗਹਿਰ
ਹੌਲੀ ਹੌਲੀ ਮਿਟ ਰਹੀ ਹੈ
ਤੇਰੀ ਕਨਸੋਅ ਮੈਨੂੰ
ਚਿੱਤ ਕਰ ਰਹੀ ਹੈ !
ਵੇਗ ਵਿਚ
ਕਿਤੇ ਉੱਡ ਹੀ ਨਾ ਜਾਵਾਂ
ਆਪਣੀਆਂ ਹਵਾਵਾਂ ਨੂੰ
ਮੈਂ ਬੰਨ੍ਹ ਬੰਨ੍ਹ ਰੱਖਦੀ ਹਾਂ !
ਖੁਸ਼ਆਮਦੇਦ
ਐ ਮੇਰੇ ਗੁਰੂਦੇਵ
ਖੁਸ਼ਆਮਦੇਦ !!



## ਕਦੇ ਤੂੰ ਇੰਝ ਆਵੀਂ ਕਵਿਤਾ

ਓ ਕਵਿਤਾ !
ਕਦੇ ਤੂੰ ਆਵੀਂ ਇਉਂ
ਜਿਉਂ ਸ਼ਿਵਜੀ ਦੀਆਂ ਜਟਾਂ 'ਚੋਂ
ਭਾਗੀਰਥੀ ਉਤਰਦੀ ਏ!
ਜਿਉਂ ਆਕਾਸ਼ 'ਚੋਂ
ਬਿਜਲੀ ਕੋਈ
ਲਿਸ਼ਕਦੀ ਏ
ਜਿਉਂ ਬੱਦਲਾਂ 'ਚੋਂ
ਅਚਾਨਕ
ਸਤਰੰਗੀ ਪੀਂਘ
ਨਿਕਲਦੀ ਏ!
ਜਿਉਂ ਬੰਜਰ ਧਰਤੀ 'ਤੇ
ਬਾਰਿਸ਼ ਦੀ
ਪਹਿਲੀ ਬੂੰਦ ਡਿਗਦੀ ਏ!
ਜਿਉਂ ਜ਼ਮੀਨ 'ਚੋਂ
ਸੋਮਾ ਕੋਈ
ਅਚਨਚੇਤ ਫੁੱਟ ਨਿਕਲਦਾ ਏ
ਜਿਉਂ ਪਰਬਤਾਂ 'ਚੋਂ
ਆਬਸ਼ਾਰ ਕੋਈ
ਧਰਤੀ 'ਤੇ ਡਿਗਦੀ ਏ!

ਐ ਕਵਿਤਾ
ਤੂੰ ਇੰਝ ਆਵੀਂ ਕਦੇ
ਜਿਉਂ ਮਿਰਗ ਦੀ ਨਾਭੀ 'ਚੋ
ਕਸਤੂਰੀ ਮਹਿਕਦੀ ਏ
ਜਿਉਂ ਨਾਗ ਦੇ ਫ਼ਨ ਤੇ
ਕੋਈ ਮਣੀ ਲਿਸ਼ਕਦੀ ਹੈ!

ਜਦ ਵੀ ਆਵੀਂ
ਆਵੀਂ ਸੁੰਨੀਆਂ ਬਰੂਹਾਂ 'ਤੇ
ਦੀਵਾ ਜਗਾਉਂਣ ਦੇ ਲਈ
ਗੁਆਚੀ ਵੰਝਲੀ ਦੀਆਂ
ਸੁਰਾਂ ਸੁਨਾਉਣ ਦੇ ਲਈ!
ਜਦ ਵੀ ਆਵੀਂ
ਆਵੀਂ ਕੋਈ
ਆਬ-ਏ-ਹਯਾਤ ਲੈ ਕੇ
ਆਦਮੀ ਲਈ ਆਦਮੀਅਤ ਦੀ
ਪੈਗੰਬਰੀ ਸੁਗਾਤ ਲੈ ਕੇ !

## ਹੁਣ ਮੈਂ ਮੁਕਤ ਹਾਂ

ਉਹ ਜੋ ਅਹੰ ਦੀਆਂ
ਪੀੜਾਂ ਲਗਦੀਆਂ ਸਨ
ਉਹ ਜੋ ਹਉਮੈ ਦੀਆਂ
ਜਾਈਆਂ
ਜੰਮਦੀਆਂ ਸਨ
ਹੁਣ ਗਰਭਿਤ ਹੀ
ਨਹੀਂ ਹੁੰਦੀਆਂ !
ਉਹ ਅੰਕੁਸ਼
ਜੋ ਮੇਰੇ ਮੱਥੇ 'ਚ ਵੱਜ
ਮੇਰੀ ਹਸਤੀ 'ਚ
ਖੁੱਭ ਜਾਂਦੇ ਸਨ,
ਉਹ ਲੋਕ ਜੋ
ਮੇਰੇ ਪੈਰਾਂ ਨੂੰ ਮਿੱਧ
ਅੱਗੇ ਲੰਘ ਜਾਂਦੇ ਸਨ
ਉਹ ਦੋਸਤ ਜੋ
ਮਹਿਫ਼ਿਲ 'ਚ
ਮੇਰੀ ਸ਼ਮੂਲੀਅਤ ਨੂੰ
ਨਕਾਰ ਦਿੰਦੇ ਸਨ
ਉਹ ਮਿਹਰਬਾਨ
ਜੋ ਹਰ ਇਲਜ਼ਾਮ
ਮੇਰੇ ਸਿਰ ਧਰ ਦਿੰਦੇ ਸਨ
ਮੈਂ ਉਹਨਾਂ ਨਾਲ਼
ਇਨਸਾਫ਼ ਕਰ ਦਿਤੈ
ਮੈਂ ਉਨ੍ਹਾਂ ਨੂੰ
ਮੁਆਫ਼ ਕਰ ਦਿੱਤੈ
ਤੇ ਹੁਣ ਮੈਂ ਮੁਕਤ ਹਾਂ !

## ਜਸਵੰਤ ਗਿੱਲ ਦੀਆਂ ਕਵਿਤਾਵਾਂ



### ਕਵਿਤਾ ਦੀ ਤਾਕਤ

ਜ਼ੇ ਤੁਹਾਨੂੰ ਲੱਗਦੈ
ਕਵਿਤਾ ਤੁਹਾਡੇ ਮਸਲੇ
ਦਾ ਹੱਲ ਨਹੀਂ
ਤਾਂ ਸਹੀ ਹੈ
ਪਰ ਕਵਿਤਾ
ਤੁਹਾਡੇ ਮਸਲੇ ਨੂੰ
ਉਜਾਗਰ ਕਰ ਸਕਦੀ ਏ
ਤੁਹਾਡਾ ਮਸਲਾ
ਦੁਨੀਆਂ ਦਾ ਮਸਲਾ
ਬਣ ਸਕਦੈ...!

ਕਵਿਤਾ ਸੂਰਜ ਨੂੰ ਫੜ
ਧਰਤੀ ਦੇ ਦਰਦ ਦਾ
ਅਹਿਸਾਸ ਕਰਾ ਸਕਦੀ ਐ
ਚੰਨ ਦੀ ਰੌਸ਼ਨੀ ਨੂੰ ਅੱਗੇ
ਫਿੱਕਾ ਪਾ ਸਕਦੀ ਐ..!

ਕਵਿਤਾ ਤੁਹਾਡੇ
ਖੋਹੇ ਜਾ ਰਹੇ ਹੱਕ
ਪੈਰਾਂ 'ਚ ਚੁੱਭਦੇ
ਗੁਲਾਮੀ ਦੇ ਕੱਚ
ਸਾਮਰਾਜ ਵਲੋਂ ਹੁੰਦੀ ਲੁੱਟ
ਤੇ ਸਿਆਸੀ ਕੁੱਟ
ਦਾ ਪਰਦਾਫਾਸ਼
ਕਰ ਸਕਦੀ ਐ..!

ਕਵਿਤਾ ਤੁਹਾਨੂੰ
ਚੁੱਲ੍ਹੇ ਦੀ ਠਰੀ ਸਵਾਹ
ਬੰਦ ਹੋਏ ਰਾਹ
ਗੁਲਾਮੀ 'ਚ ਘੁੱਟਦੇ ਸਾਹ
ਦਿਖਾ ਸਕਦੀ ਐ..!

ਕਵਿਤਾ ਤੁਹਾਨੂੰ
ਮਹਿਬੂਬਾ ਦਾ ਅਹਿਸਾਸ
ਸੁੱਚੇ ਪਾਣੀਆਂ ਦੀ ਪਿਆਸ
ਵਿਛੋੜੇ 'ਚ ਬਣਦੀ ਲਾਸ਼
ਦਾ ਅੰਦਾਜ਼ਾ ਲਵਾ ਸਕਦੀ ਐ...!
ਕਵਿਤਾ ਮਮਤਾ ਦਾ ਨਿੱਘ
ਬਾਪ ਦੀ ਘੂਰ
ਭੈਣ ਭਾਈਆਂ ਦਾ ਸਰੂਰ
ਰਿਸ਼ਤਿਆਂ ਨੂੰ ਖਾਂਦਾ ਗ਼ਰੂਰ
ਕੰਧੋਂ ਓਹਲੇ ਹੋਏ ਦੂਰ
ਤੇ ਸਮਾਜ ਦੇ ਦਸਤੂਰ
ਤੁਹਾਡੀਆਂ ਅੱਖਾਂ ਸਾਹਵੇਂ
ਲਿਆ ਸਕਦੀ ਐ...!

ਕਵਿਤਾ ਅੱਖ 'ਚੋਂ
ਵਹਿੰਦਾ ਨੀਰ
ਮਿੱਟੀ ਹੋਇਆ ਸਰੀਰ
ਮਰੀ ਹੋਈ ਜ਼ਮੀਰ
ਹੱਥ ਫੜੀ ਸ਼ਮਸ਼ੀਰ
ਵਿਖਾ ਸਕਦੀ ਐ..!

ਮੰਨਿਆ ਕਿ ਕਵਿਤਾ
ਤੁਹਾਡੇ ਮਸਲੇ ਦਾ
ਹੱਲ ਨਹੀਂ
ਪਰ ਤੁਹਾਡਾ ਮਸਲਾ
ਲੋਕ ਮਸਲਾ
ਬਣਾ ਸਕਦੀ ਐ..!

### ਰਾਮ, ਭਗਵਾਨ ਤੇ ਈਸ਼ਵਰ

ਮੇਰੇ ਪਿੰਡ ਦੇ
ਰਾਮ, ਭਗਵਾਨ ਤੇ ਈਸ਼ਵਰ
ਜਦ ਵੀ ਕਿਸੇ ਦੇ ਘਰ
ਦਿਹਾੜੀ ਜਾਂਦੇ
ਤਾਂ ਮਾਲਕ ਉਹਨਾਂ ਨੂੰ
ਮਜਦੂਰ ਸਮਝ ਰੱਤੀ ਭਰ ਵੀ
ਇੱਜ਼ਤ ਨਹੀ ਦਿੰਦੇ
'ਓਏ.. ਓਏ' ਕਹਿੰਦੇ
ਓਏ ! ਆਹ ਕਰ
ਓਏ ! ਔਹ ਕਰ
ਦੇ ਹੁਕਮ ਚੜ੍ਹਾਉਂਦੇ
ਚਾਹ ਦੇ ਭਾਂਡੇ ਦੂਰ ਰੱਖ ਕੇ
ਚਾਹ ਪਵਾਉਣ ਲਈ ਕਹਿੰਦੇ
ਉਹ ਗੁੱਸਾ ਨਾ ਕਰਦੇ
ਬਸ ਅਪਣਾ ਕੰਮ ਕਰਦੇ
ਲਗਨ ਨਾਲ਼
ਮਿਹਨਤ ਨਾਲ਼
ਕਦੇ ਕਿਸੇ ਨੂੰ ਕੁਝ ਨਾ ਕਹਿੰਦੇ
ਕਿ ਉਨ੍ਹਾਂ ਦਾ ਨਾਮ ਲਿਆ ਜਾਵੇ
ਉਹ ਆਪਣੇ ਕੰਮ ਵਿੱਚ ਮਗਨ
ਆਲ਼ੇ ਦੁਆਲ਼ੇ ਨੂੰ ਭੁੱਲ ਜਾਂਦੇ
ਤੇ ਉਨ੍ਹਾਂ ਨੂੰ
ਅਪਣਾ ਆਪ ਵੀ
ਯਾਦ ਨਾ ਰਹਿੰਦਾ
ਜਦ ਕੰਮ ਖ਼ਤਮ ਹੁੰਦਾ
ਤਾਂ ਮਾਲਕ
ਰਾਮ ਰਾਮ ਕਰ ਉੱਠਦੇ
ਭਗਵਾਨ ਦੀ ਤਾਰੀਫ਼ ਕਰਦੇ
ਈਸ਼ਵਰ ਨੂੰ
ਕਰਾਮਾਤੀ ਕਹਿੰਦੇ
ਉਨ੍ਹਾਂ ਦੀ ਕੰਮ ਪ੍ਰਤੀ
ਸੱਚੀ ਸ਼ਰਧਾ
ਲੋਕਾਂ ਦੇ ਮੂੰਹੋਂ
ਜੈ ਜੈ ਕਾਰ ਕਰਵਾਉਂਦੀ
ਉਹ ਕਿਸੇ ਨਾਲ਼
ਧੱਕਾ ਨਾ ਕਰਦੇ
ਬਸ ਅਪਣਾ ਕੰਮ ਕਰਦੇ
ਜ਼ਿੰਮੇਵਾਰੀ ਨਾਲ਼
ਇਮਾਨਦਾਰੀ ਨਾਲ਼।

## ਪੁਰਾਣਾ ਮਾਖਿਓਂ — ਕਹਾਣੀ / ਸ਼ਹੀਦ / ਕੇ.ਐੱਲ. ਗਰਗ



ਮੇਰਾ ਪੁੱਤਰ ਮੇਰੇ ਕੋਲੋਂ ਬੜੇ ਹੀ ਅਜੀਬ ਅਜੀਬ ਸਵਾਲ ਪੁਛਣ ਲੱਗ ਪਿਆ ਹੈ। ਬੁਝਾਰਤਾਂ ਵਰਗੇ ਫੁਲਝੜੀਆਂ ਵਰਗੇ, ਆਤਿਸ਼ਬਾਜ਼ੀਆਂ, ਪਟਾਖਿਆਂ ਤੇ ਬਰਛਿਆਂ ਵਰਗੇ ਸਵਾਲ। ਕਈ ਕਈ ਸਵਾਲ ਤਾਂ ਮੇਰੇ ਅੰਦਰਲੇ ਘੁੱਪ ਅਨ੍ਹੇਰੇ ਵਿਚ ਮਸ਼ਾਲ ਵਾਂਗ ਜਗਣ ਲਗਦੇ ਨੇ, ਤੇ ਕਈ ਜੁਗਨੂੰਆਂ ਵਾਂਗ ਝੱਪਝੱਪ ਕਰਕੇ ਜਗਣ ਬੁਝਣ ਲਗ ਪੈਂਦੇ ਨੇ। ਕਿਸੇ ਕਿਸੇ ਸਵਾਲ ਕਰਨ ਵੇਲੇ ਤਾਂ ਉਹ ਮੈਨੂੰ ਆਪਣੇ ਮੋਢਿਆਂ ਉਤੇ ਬੈਠਾ ਪ੍ਰਤੀਤ ਹੁੰਦਾ ਹੈ, ਜਿਸ ਦੇ ਭਾਰ ਹੇਠਾਂ ਮੇਰਾ ਵੱਡਪਣ ਛੁਈ ਮੂਈ ਹੋਣ ਲਗਦਾ ਹੈ।

ਇਕ ਦਿਨ ਦੇਸ਼ਭਗਤ ਇਨਕਲਾਬੀਆਂ ਦੀਆਂ ਜੀਵਨੀਆਂ ਦੀ ਕਿਤਾਬ ਪੜ੍ਹਦਾ ਪੜ੍ਹਦਾ ਪੁੱਛਣ ਲਗਾ, ਡੈਡੀ, ਸ਼ਹੀਦ ਕੌਣ ਹੁੰਦੇ ਨੇ?''

ਸ਼ਾਇਦ ਉਹਨੇ ਫਾਂਸੀ ਉਤੇ ਝੂਲਦੇ, ਗੋਲੀਆਂ ਨਾਲ ਭੁੰਨੇ ਤੇ ਤੇਜ਼ਧਾਰ ਹਥਿਆਰਾਂ ਨਾਲ ਜਿਬ੍ਹਾ ਕੀਤੇ ਕੁਝ ਬੰਦਿਆਂ ਦੀਆਂ ਤਸਵੀਰਾਂ ਦੇਖ ਲਈਆਂ ਹੋਣ ਤੇ ਸਹਿਜ ਭਾਅ ਹੀ ਇਕ ਮੋਏ ਹੋਏ ਬੰਦੇ ਦਾ ਅਕਸ ਉਹਦੇ ਜ਼ਹਿਨ ਵਿਚ ਆ ਖਲੋਤਾ ਹੋਵੇ, ਜੀਹਨੂੰ ਸ਼ਹੀਦ ਦਾ ਦਰਜਾ ਮਿਲ ਗਿਆ ਹੋਵੇ।

ਪਲ ਦੀ ਪਲ ਮੈਨੂੰ ਕੁਝ ਨਹੀਂ ਅਹੁੜਦਾ। ਮੈਂ ਹੈਰਾਨੀ ਨਾਲ ਉਹਦੇ ਚਿਹਰੇ ਵਲ ਦੇਖਣ ਲਗਦਾ ਹਾਂ। ਮੈਨੂੰ ਜਾਪਦਾ ਹੈ ਜਿਵੇਂ ਇਹ ਸਵਾਲ ਮੇਰੇ ਗਿਆਨ ਲਈ ਇੱਕ ਵੰਗਾਰ ਵਾਂਗ ਆਇਆ ਹੋਵੇ ਤੇ ਮੇਰਾ ਗਿਆਨ ਵੱਡੀ ਨਹਿਰ ਦੇ ਝਾਲ ਵਿਚ ਫਸੀ ਲਾਸ਼ ਵਾਂਗ ਗੇੜੇ ਕੱਢਣ ਲਗ ਪਿਆ ਹੋਵੇ– ਅਰਥਹੀਨ, ਨਿਰਉਦੇਸ਼ ਤੇ ਬੇਥੁਵੇ ਗੇੜੇ!

ਮੈਂ ਸੰਭਲਣ ਦਾ ਜਤਨ ਕਰਦੇ ਹੋਏ ਦੱਸਣ ਦੀ ਕੋਸ਼ਿਸ਼ ਕੀਤੀ, ਕੁਝ ਲੋਕ ਆਪਣੇ ਲਈ ਨਹੀਂ, ਸਗੋਂ ਦੂਜਿਆਂ ਲਈ ਜਿਉਂਦੇ ਮਰਦੇ ਨੇ। ਕਾਮਨ ਕਾਜ਼ ਲਈ ਲੜਦੇ ਨੇ, ਫਾਂਸੀਆਂ ਚੜ੍ਹਦੇ ਨੇ ਤੇ...''

''ਕਾਮਨ ਕਾਜ਼?'' ਮੁੰਡੇ ਨੂੰ ਸ਼ਾਇਦ ਇਹ ਸ਼ਬਦ ਸਮਝ ਨਹੀਂ ਪਏ ਸਨ।

''ਸਾਂਝੇ ਕਾਰਜਾਂ ਲਈ ਮਰਨਾ...ਨਿਤਾਣਿਆਂ ਤੇ ਨਿਥਾਂਵਿਆਂ ਲਈ ਮਰਨ ਵਾਲੇ ਸ਼ਹੀਦ ਹੁੰਦੇ ਨੇ। ਫਾਂਸੀ ਦੇ ਰੱਸੇ ਚੁੰਮਣ ਵਾਲੇ ਮਰਜੀਵੜੇ ਸ਼ਹੀਦ ਹੁੰਦੇ ਨੇ, ਮੇਰੇ ਬੇਟੇ!''

''ਰੰਗਾ ਬਿੱਲਾ ਵੀ ਫਾਂਸੀ ਚੜ੍ਹੇ ਸੀ, ਨੱਥੂ ਰਾਮ ਗੋਡਸੇ ਵੀ ਫਾਂਸੀ ਚੜ੍ਹਿਆ ਸੀ। ਜ਼ੁਲਫਕਾਰ ਅਲੀ ਭੁਟੋ ਵੀ। ਉਹ ਸ਼ਹੀਦ ਸੀਗੇ?'' ਮੁੰਡਾ ਸਵਾਲ ਕਰ ਦਿੰਦਾ ਹੈ।

''ਉਹਨਾਂ ਉਤੇ ਦੂਸਰਿਆਂ ਨੂੰ ਕਤਲ ਕਰਨ ਦਾ ਮੁਕੱਦਮਾ ਚਲਿਆ ਸੀ। ਉਨ੍ਹਾਂ ਕੁਝ ਬੇਦੋਸ਼ਿਆਂ ਨੂੰ ਮਾਰਿਆ ਜਾਂ ਮਰਵਾਇਆ ਸੀ। ਉਹ ਸ਼ਹੀਦ...'' ਮੈਂ ਸਿੱਧਾ ਜਵਾਬ ਟਾਲ ਜਾਂਦਾ ਹਾਂ।

''ਲੜਾਈਆਂ ਵਿਚ ਕਮਾਂਡਰ ਵੀ ਤਾਂ ਹਜ਼ਾਰਾਂ ਬੇਦੋਸ਼ੇ ਲੋਕਾਂ ਨੂੰ ਮਰਵਾਉਂਦੇ ਨੇ ਡੈਡੀ। ਦੋਸ਼ਾਂ ਦੇ ਲੋਕਾਂ ਦੀ, ਫੌਜੀਆਂ ਦੀ ਕਿਹੜੀ ਦੁਸ਼ਮਨੀ ਹੁੰਦੀ ਐ ਆਪਸ ਵਿਚ। ਉਨ੍ਹਾਂ ਨੇ ਤਾਂ ਇਕ ਦੂਜੇ ਨੂੰ ਕਦੀ ਵੇਖਿਆ ਵੀ ਨ੍ਹੀਂ ਹੁੰਦਾ। ਫੇਰ ਉਨ੍ਹਾਂ ਕਮਾਂਡਰਾਂ ਨੂੰ ਤਾਂ ਕੋਈ ਫਾਂਸੀ ਚਾੜ੍ਹਦਾ ਨੀਂ। ਸਗੋਂ ਉਨ੍ਹਾਂ ਨੂੰ ਸੋਨੇ ਚਾਂਦੀ ਦੇ ਤਗਮੇ ਦਿਤੇ ਜਾਂਦੇ ਨੇ।'' ਮੁੰਡਾ ਬਹੁਤ ਹੀ ਗੰਭੀਰ ਸੀ।

''ਉਹ ਬਹਾਦਰ ਹੁੰਦੇ ਨੇ ਮੇਰੇ ਬੇਟੇ...ਇਕ ਦੇਸ਼ ਦੇ ਬਹਾਦਰ''।

''ਇਕ ਦੇਸ਼ ਦੇ ਬਹਾਦਰ ਦੂਜੇ ਲਈ ਕਾਫ਼ਿਰ ਹੈ, ਨਾ ਡੈਡੀ?'' ਮੁੰਡਾ ਸਥਿਤੀ ਵਿਚਲੇ ਵਿਅੰਗ ਨੂੰ ਕਿੱਡੇ ਸੌਖੇ ਤਰੀਕੇ ਨਾਲ ਅਤੇ ਕਿੰਨੇ ਸਹਿਜ ਰੂਪ ਵਿਚ ਆਖ ਗਿਆ ਸੀ। ਪਰ ਉਹਦੀ ਤਸੱਲੀ ਨਹੀਂ ਸੀ ਹੋ ਰਹੀ। ਮੈਂ ਆਪਣੇ ਹੀ ਪੁੱਤਰ ਸਾਹਵੇਂ ਪਾਣੀ ਪਾਣੀ ਹੋਣ ਲਗਦਾ ਹਾਂ।

ਬਹਾਦਰ ਤੇ ਕਾਫ਼ਿਰ ਸ਼ਬਦਾਂ ਤੋਂ ਕਈ ਘਟਨਾਵਾਂ ਮੇਰੇ ਚੇਤੇ ਵਿਚ ਖੁੰਬਾਂ ਵਾਂਗ ਖਲੋ ਜਾਂਦੀਆਂ ਹਨ। ਅਸੀਂ ਗੁਆਂਢੀ ਦੇਸ਼ ਨਾਲ ਦੋ ਲੜਾਈਆਂ ਲੜੀਆਂ। ਭਾਵੇਂ ਇਧਰਲੇ ਤੇ ਉਧਰਲੇ ਅਵਾਮ ਦੇ ਦਿਲਾਂ ਵਿਚ ਇਕ ਦੂਜੇ ਲਈ ਭੋਰਾ ਭਰ ਵੀ ਜ਼ਹਿਰ ਨਹੀਂ ਸੀ। ਹਮਲਾ ਕੀਹਨੇ ਕੀਹਦੇ ਉਤੇ ਕੀਤਾ, ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਤੇ ਅਖਬਾਰਾਂ ਨੇ ਕਈ ਕੁਝ ਸੱਚ ਝੂਠ ਬੋਲਿਆ ਸੀ। ਇਕ ਦੇਸ਼ ਦੀਆਂ ਫੌਜਾਂ ਲਾਹੌਰ ਤਕ ਪਹੁੰਚਦੀਆਂ ਸਨ ਤੇ ਦੂਜੇ ਦੇਸ਼ ਦੀਆਂ ਦਿੱਲੀ ਤਕ ਅਪੜਣ ਦੀਆਂ ਟਾਹਰਾਂ ਮਾਰ ਰਹੀਆਂ ਸਨ। ਦੋਹਾਂ ਦੇਸ਼ਾਂ ਦੇ ਫੌਜੀ ਬਹਾਦਰ ਸਨ, ਜੋ ਆਪਣੀ ਮਿੱਟੀ ਦੀ ਰੱਖਿਆ ਲਈ ਜੀਅ ਜਾਨ ਨਾਲ ਲੜੇ।

ਇਕ ਦੇਸ਼ ਦਾ ਰੇਡਿਓ ਐਲਾਨ ਕਰਦਾ ਸੀ, ਦੇਸ਼ ਦੇ ਬਹਾਦਰ ਸਹੀਦਾਂ ਨੇ ਦੇਸ਼ ਦੀ ਮਿੱਟੀ ਦੀ ਲਾਜ ਰਖੀ ਹੈ, ਮਾਂ ਦੇ ਦੁੱਧ ਦੀ ਕੀਮਤ ਚੁਕਾਈ ਹੈ, ਕਾਫ਼ਿਰਾਂ ਨੂੰ ਇਕ ਇੰਚ ਵੀ ਅੱਗੇ ਨਹੀਂ ਵਧਣ ਦਿਤਾ।

ਉਦੋਂ ਹੀ ਦੂਸਰੇ ਦੇਸ਼ ਦਾ ਰੇਡੀਓ ਸਮਾਚਾਰ ਦਿੰਦਾ ਸੀ, ਔਕੜਾਂ ਦੇ ਬਾਵਜੂਦ ਸਾਡੇ ਬਹਾਦਰ ਜੰਗਜੂ ਅੱਗੇ ਹੀ ਅੱਗੇ ਵਧਦੇ ਗਏ। ਇਕ ਇਕ ਬਹਾਦਰ ਲਖ ਲਖ ਕਾਫ਼ਿਰ ਉਤੇ ਭਾਰੂ ਸੀ। ਦੇਸ਼ ਦੀ ਆਬਰੂ ਬਚਾਉਣ ਵਾਲੇ ਸ਼ਹੀਦਾਂ ਨੂੰ ਪ੍ਰਣਾਮ'।

ਦੋਹਾਂ ਦੇਸ਼ਾਂ ਦੇ ਹਜ਼ਾਰਾਂ ਬਹਾਦਰ ਮਾਰੇ ਗਏ ਸਨ। ਇਕ ਦੋ ਬਹਾਦਰ ਦੂਜੇ ਲਈ ਕਾਫ਼ਿਰ ਬਣੇ ਤੇ ਦੂਜੇ ਦੇ ਕਾਫ਼ਿਰ

ਪਹਿਲੇ ਲਈ ਮੁਜ਼ਾਹਿਦ। ਮੇਰੇ ਪੁੱਤਰ ਨੇ ਰੇਡੀਓ ਟੀਵੀ ਤੋਂ ਇਹ ਸਾਰਾ ਸਚ ਝੂਠ ਸੁਣਿਆ ਸੀ। ਇਸ ਲਈ ਉਹਦੇ ਜ਼ਹਿਨ ਵਿਚ ਬਹਾਦਰ ਤੇ ਕਾਫ਼ਿਰ ਦਾ ਭੇਤ ਹੱਲ ਨਹੀਂ ਸੀ ਹੋ ਰਿਹਾ।

ਲੜਾਈ ਦੇ ਉਹਨੀਂ ਦਿਨੀਂ ਹੀ ਇਕ ਹੋਰ ਅਜੀਬ ਘਟਨਾ ਘਟੀ ਸੀ। ਗੁਆਂਢੀ ਦੇਸ਼ ਨੇ ਅਚਾਨਕ ਹੁਸੈਨੀ ਵਾਲਾ ਸਰਹੱਦ ਉਤੇ ਹਮਲਾ ਕਰਕੇ ਉਥੋਂ ਦਾ ਕੁਝ ਖੇਤਰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਕਾਫੀ ਬਚਾਓ ਹੋ ਗਿਆ ਸੀ। ਪਰ ਉਹ ਹੁਸੈਨੀ ਵਾਲਾ ਵਿਚ ਲੱਗੇ ਸ਼ਹੀਦਾਂ ਦੇ ਬੁੱਤ ਚੁਕ ਕੇ ਲਾਹੌਰ ਲੈ ਗਏ ਸਨ। ਜਿਥੇ ਸ਼ਹੀਦਾਂ ਨੇ ਬੰਬ ਕਾਂਡ ਕੀਤਾ ਸੀ, ਸਾਂਡਰਸ ਮਾਰਿਆ ਸੀ, ਜੇਲ੍ਹਾਂ ਕੱਟੀਆਂ ਸਨ, ਟਾਰਚਰ ਸਹੇ ਸਨ ਤੇ ਹੱਸ ਹੱਸ ਫਾਂਸੀ ਦੇ ਰੱਸੇ ਗਲ ਵਿਚ ਪਾਏ ਸਨ। ਜਿਸ ਲਾਹੌਰ ਦੀ ਅਜ਼ਾਦੀ ਲਈ ਉਨ੍ਹਾਂ ਸ਼ਹਾਦਤ ਦਾ ਜਾਮ ਪੀਤਾ ਸੀ, ਉਸ ਲਾਹੌਰ ਦੇ ਬਾਜ਼ਾਰਾਂ ਵਿਚ ਸ਼ਹੀਦਾਂ ਦਾ ਜਲੂਸ ਕਢਿਆ ਗਿਆ ਸੀ। ਪਰ ਉਨ੍ਹਾਂ ਜਲੂਸ ਦੇ ਅਰਥ ਬਦਲ ਦਿਤੇ ਸਨ।

ਮੇਰੇ ਪੁੱਤਰ ਨੇ ਇਹ ਸਾਰਾ ਪ੍ਰੋਗਰਾਮ ਲਾਹੌਰ ਟੀਵੀ ਤੇ ਦੇਖਿਆ ਸੀ। ਉਦੋਂ ਹੀ ਉਸ ਪੁੱਛਿਆ ਸੀ, ਇਹ ਕੀ ਕਰ ਰਹੇ ਨੇ ਡੈਡੀ?'' ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਨੇ ਜਾਂ ਜਿੱਤ ਦਾ ਜਸ਼ਨ ਮਨਾ ਰਹੇ ਨੇ?'':

''ਬਹਾਦਰੀ ਦਿਖਾ ਰਹੇ ਨੇ...ਸ਼ਹੀਦਾਂ ਨੂੰ ਸ਼ਰਮਿੰਦਾ ਕਰ ਰਹੇ ਨੇ।'' ਮੇਰੇ ਮੂੰਹੋਂ ਨਾ ਚਾਹੁੰਦਿਆਂ ਵੀ ਅਚਾਨਕ ਨਿਕਲ ਗਿਆ ਸੀ।

''ਪਰ ਇਹ ਤਾਂ ਸਾਂਝੇ ਮੁਲਕ ਦੇ ਸ਼ਹੀਦ ਸੀ, ਡੈਡੀ, ਸਾਂਝੇ ਸ਼ਹੀਦ?'' ਮੁੰਡੇ ਨੇ ਆਪਣੀ ਹੈਰਾਨੀ ਪ੍ਰਗਟ ਕੀਤੀ ਸੀ।

''ਹਾਂ, ਹਾਂ, ਪਰ ਹੁਣ ਇਹ ਵੰਡੇ ਹੋਏ ਦੋ ਮੁਲਕਾਂ ਵਿਚ ਇਕ ਮੁਲਕ ਦੇ ਹੀ ਸ਼ਹੀਦ ਰਹਿ ਗਏ ਨੇ, ਮੇਰੇ ਬੇਟੇ''।

''ਸੁਣਿਐਂ, ਡੈਡੀ, ਹੁਣ ਉਨ੍ਹਾਂ ਨੇ ਇਨ੍ਹਾਂ ਸ਼ਹੀਦਾਂ ਦੇ ਨਾਂ ਵੀ ਆਪਣੀ ਹਿਸਟਰੀ ਦੀ ਕਿਤਾਬ ਵਿਚੋਂ ਕਢ ਛਡੇ ਐ?''

ਹਿਸਟਰੀ ਵੀ ਤਾਂ ਪੁਤ ਬੰਦੇ ਈ ਲਿਖਦੇ ਐ। ਕਿਸੇ ਦਾ ਨਾਂ ਪਾ ਦੇਣ ਤੋਂ ਕਿਸੇ ਦਾ ਕੱਢ ਛਡਣ। ਭਾਵੇਂ ਕਿਸੇ ਨੂੰ ਹੀਰੋ ਬਣਾ ਦੇਣ ਤੇ ਕਿਸੇ ਨੂੰ ਜ਼ੀਰੋ। ਮੈਂ ਆਪਣੇ ਚਿਹਰੇ ਦੀ ਦੁਖਦੀ ਰਗ ਛੁਪਾਉਣਾ ਚਾਹੁੰਦੇ ਹੋਏ ਵੀ ਨਹੀਂ ਸੀ ਛੁਪਾ ਸਕਿਆ।

''ਹੀਰੋ ਹੁੰਦੇ ਨੇ ਜਾਂ ਬਣਾਏ ਜਾਂਦੇ ਨੇ, ਡੈਡੀ?'' ਮੁੰਡਾ ਇਕ ਹੋਰ ਸਵਾਲ ਉਲਾਰਦਾ ਹੈ।

''ਕਦੀ ਕਦੀ ਬਣਾਏ ਵੀ ਜਾਂਦੇ ਨੇ ਬੇਟੇ। ਸਿਆਸਤਦਾਨ ਸਭ ਕੁਝ ਕਰ ਸਕਦੇ ਨੇ। ਕਾਲਿਆਂ ਦਾ ਹੀਰੋ ਗੋਰਿਆਂ ਲਈ ਹਮੇਸ਼ਾ ਜ਼ੀਰੋ ਹੀ ਰਿਹਾ ਤੇ ਗੋਰਿਆਂ ਨੇ ਆਪਣਾ ਜ਼ੀਰੋ ਵੀ ਸਦਾ ਹੀਰੋ ਬਣਾ ਕੇ ਹੀ ਪੇਸ਼ ਕੀਤਾ। ਕਾਲਾ ਹੀਰੋ ਵੀ ਉਨ੍ਹਾਂ ਲਈ ਬਾਸਟਰਡ ਹੀ ਰਿਹਾ...ਬਾਸਟਰਡ...ਹਰਾਮ ਦਾ'।

''ਕੀ ਕੋਈ ਸਾਰੀ ਦੁਨੀਆ ਦਾ ਸ਼ਹੀਦ ਨਹੀਂ ਅਖਵਾ ਸਕਦਾ, ਡੈਡੀ?'

ਪ੍ਰਸ਼ਨ ਜਿੰਨਾ ਸੁਭਾਵਕ ਸੀ, ਉਤਨਾ ਹੀ ਗੁੰਝਲਦਾਰ।

''ਕਦੀ ਮੌਕਾ ਜ਼ਰੂਰ ਆਵੇਗਾ ਬੇਟੇ। ਪਰ ਅਜੇ ਧੁੰਦ ਹੈ, ਅਨ੍ਹੇਰਾ ਹੈ, ਸਾਜਿਸ਼ਨੁਮਾ ਮਾਹੌਲ ਹੈ।''

ਪਿਛਲੇ ਦਿਨੀਂ ਪੰਜਾਬ ਦੇ ਇਕ ਉਘੇ ਸ਼ਹਿਰ ਵਿਚ ਇੱਕ ਹਾਦਸਾ ਵਾਪਰ ਗਿਆ। ਦੋ ਫਿਰਕੇ ਉਲਝ ਪਏ। ਤੇਜ਼ਧਾਰ ਹਥਿਆਰਾਂ ਨਾਲ ਲੜਾਈ ਨਾਲ ਲੜਾਈ ਹੋਈ। ਪੁਲਿਸ ਨੂੰ ਗੋਲੀ ਵੀ ਚਲਾਉਣੀ ਪਈ ਸੀ। ਇਕ ਫਿਰਕੇ ਦਾ ਕਾਫੀ ਜਾਨੀ ਨੁਕਸਾਨ ਹੋਇਆ। ਇਕ ਅਖਬਾਰ ਨੇ ਸੁਰਖੀ ਲਾਈ, ਦੇਸ਼ ਕੇ ਅਮਨ ਪਸੰਦ ਸ਼ਹਿਰੀਓਂ ਪਰ ਕੁਛ ਤਤਵੋਂ ਨੇ ਤੇਜ਼ਧਾਰ ਹਥਿਆਰੋਂ ਸੇ ਹਮਲਾ ਕੀਆ। ਜਵਾਬੀ ਕਾਰਵਾਈ ਮੇਂ ਕੁਛ ਗੁੰਡੇ ਮਾਰੇ ਗਏ ਔਰ ਸੌ ਜ਼ਖਮੀ ਹੂਏ।

ਦੂਜੇ ਫਿਰਕੇ ਦੀ ਅਖਬਾਰਾਂ ਨੇ ਮੋਟੇ ਅੱਖਰਾਂ ਵਿਚ ਖਬਰ ਛਾਪੀ, ਧਰਮ ਦੀ ਰਖਿਆ ਕਰਦੇ ਹੋਏ ਕੁਝ ਬਹਾਦਰ ਲੋਕ ਸ਼ਹੀਦ ਹੋਏ। ਉਨ੍ਹਾਂ ਦਾ ਨਾਂ ਇਤਿਹਾਸ ਦੇ ਵਰਕਿਆਂ ਵਿਚ ਸੁਨਹਿਰੀ ਅਖਰਾਂ ਨਾਲ ਲਿਖਿਆ ਜਾਵੇਗਾ, ਜਿਨ੍ਹਾਂ ਨੇ ਧਰਮ ਦੀ ਰੱਖਿਆ ਲਈ ਆਪਣਾ ਖੂਨ ਡੋਲਿਆ।

ਮੇਰਾ ਪੁੱਤਰ ਅਖਬਾਰਾਂ ਲੈ ਕੇ ਮੇਰੇ ਕੋਲ ਆਇਆ ਤੇ ਦੋਵੇਂ ਅਖਬਾਰਾਂ ਮੇਰੇ ਮੂਹਰੇ ਧਰ ਕੇ ਪੁਛਣ ਲੱਗਾ, ਡੈਡੀ ਸ਼ਹੀਦ ਗੁੰਡੇ ਕਦੋਂ ਹੋ ਜਾਂਦੇ ਨੇ ਤੇ ਗੁੰਡੇ ਸ਼ਹੀਦ ਕਦੋਂ ਬਣ ਜਾਂਦੇ ਨੇ?''

''ਇਹ ਛੋਟੀ ਲੜਾਈ ਹੈ, ਮੇਰੇ ਬੇਟੇ! ਇੱਕ ਫਿਰਕੇ ਦੇ ਸ਼ਹੀਦ ਵਿਰੋਧੀ ਫਿਰਕੇ ਲਈ ਹਮੇਸ਼ਾ ਗੁੰਡੇ ਹੀ ਰਹਿੰਦੇ ਨੇ। ਤੇ ਆਪਣੇ ਗੁੰਡੇ ਵੀ ਉਨ੍ਹਾਂ ਨੂੰ ਸ਼ਹੀਦ ਹੀ ਲਗਦੇ ਨੇ'।

''ਫੇਰ ਉਨ੍ਹਾਂ ਦੀ ਪਛਾਣ ਕੌਣ ਕਰੇਗਾ? ਕਿਵੇਂ ਹੋਵੇਗੀ ਉਨ੍ਹਾਂ ਦੀ ਪਛਾਣ, ਡੈਡੀ?''

''ਵੱਡੀ ਫੈਸਲਾਕੁੰਨ ਲੜਾਈ ਹੀ ਉਨ੍ਹਾਂ ਦੀ ਪਛਾਣ ਕਰਾਏਗੀ। ਤੂੰ ਜਦੋਂ ਵੱਡੀ ਲੜਾਈ ਲਈ ਤਿਆਰ ਹੋਵੇਂਗਾ, ਤੈਨੂੰ ਸਭ ਕੁਝ ਸਮਝ ਆ ਜਾਵੇਗਾ। ਪਰ ਹਾਲੇ ਵਕਤ ਨਹੀਂ ਆਇਆ, ਹਾਲੇ ਤਾਂ...'

''ਵਕਤ ਕਦੋਂ ਆਵੇਗਾ, ਡੈਡੀ?'' ਮੁੰਡੇ ਦੀ ਅਜੇ ਵੀ ਤਸੱਲੀ ਨਹੀਂ ਸੀ ਹੋ ਰਹੀ।

ਮੈਂ ਮੁੰਡੇ ਦੇ ਪ੍ਰਸ਼ਨ ਦੀ ਰੌਸ਼ਨੀ ਵਿਚ ਬੜੀ ਹੀ ਗੰਭੀਰਤਾ ਨਾਲ ਸੋਚਣ ਲਗਦਾ ਹਾਂ। ਮੇਰੀ ਸੋਚ ਵਿਚ ਉਹ ਬੇਚੈਨ ਲੋਕ ਆਉਂਦੇ ਨੇ ਜੋ ਸਾਰੀ ਮਨੁਖਤਾ ਲਈ ਚੰਗੇ ਸੁਫਨੇ ਬੀਜਣ ਦਾ ਅਹਿਦ ਕਰ ਕੇ ਤੁਰੇ। ਮਨੁੱਖ ਦੀ ਹੋਣੀ ਦੀ ਤਰਤੀਬ ਬਦਲਣ ਲਈ ਉਨ੍ਹਾਂ ਮਸ਼ਾਲਾਂ ਚੁਕੀਆਂ। ਪਰ ਅੱਧ ਵਿਚਾਲੇ ਹੀ ਰਹਿ ਗਏ। ਤੇ ਉਨ੍ਹਾਂ ਦੀਆਂ ਅੱਖਾਂ ਦੀਆਂ ਝਿੰਮਣੀਆਂ ਵਿਚ ਸੂਹੀ ਸਵੇਰ ਰੱਤ ਬਣ ਕੇ ਫੈਲ ਗਈ ਸੀ।

''ਅਜੇ ਇਕ ਲੰਮੀ ਲੜਾਈ ਮਨੁੱਖ ਨੇ ਲੜਨੀ ਹੈ, ਸਾਂਝੇ ਸ਼ਹੀਦ ਪੈਦਾ ਕਰਨ ਲਈ, ਮੇਰੇ ਬੇਟੇ, ਸਾਂਝੇ ਸ਼ਹੀਦ। ਮੈਂ ਆਪਣੀ ਸੋਚ ਵਿਚੋਂ ਨਿਕਲਦਿਆਂ ਆਖਦਾ ਹਾਂ।

''ਕੌਣ ਲੜੇਗਾ ਉਹ ਲੜਾਈ, ਡੈਡੀ?'' ਹੁਣ ਮੁੰਡਾ ਜਿਵੇਂ ਉਸ ਲੜਾਈ ਦੀ ਤਾਂਘ ਰਖਦਾ ਹੋਵੇ।

## .ਗਜ਼ਲਾਂ / ਫੈਸਲ ਖਾਨ



### .ਗਜ਼ਲ

ਹਰ ਤਰਫ਼ ਚਲਦੀ ਪਈ ਦੂਜੇ ਲਈ ਇਹ ਬਾਤ ਹੈ।
ਹੈਸੀਅਤ ਹੈ ਕੀ ਉਦ੍ਹੀ, ਤੇ ਕੀ ਉਦ੍ਹੀ ਔਕਾਤ ਹੈ?

ਠੋਸ ਤੇ ਸੱਚੀ ਖ਼ਬਰ ਮਿਲਦੀ ਨਹੀਂ ਦੇਖਣ ਲਈ,
ਚੈਨਲਾਂ ਦੀ ਪਰ ਬੜੀ ਭਰਮਾਰ ਹੈ, ਬਹੁਤਾਤ ਹੈ ।

ਰਹਿਬਰਾਂ ਦੇ ਜਾਲ ਵਿਚ ਐਸੇ ਫਸੇ ਹਾਂ ਦੋਸਤੋ,
ਭੁੱਲ ਗਏ ਆਪਾਂ ਕਿ ਸਾਡਾ ਇਕ ਧਰਮ ਇਕ ਜਾਤ ਹੈ।

ਕੋਈ ਵੀ ਹੋਵੇ ਦਲੀਲ, ਕੁਝ ਵੀ ਕਹੇ ਕੋਈ ਕਨੂੰਨ,
ਓਸ ਦੇ ਦਰਬਾਰ ਵਿਚ ਪਰ ਬੇਅਸਰ ਹਰ ਬਾਤ ਹੈ ।

ਕੋਸ਼ਿਸ਼ਾਂ ਮਗਰੋਂ ਵੀ ਮੈਥੋਂ, ਮੁੱਕੇ ਨਾ ਅਥਰੂ ਮੇਰੇ,
ਇਸ ਤਰ੍ਹਾਂ ਲੱਗੇ ਕਿ ਜਿੱਦਾਂ ਹੋ ਰਹੀ ਬਰਸਾਤ ਹੈ ।

ਸਾਥ ਲੈ ਕੇ ਤੁਰਨ ਦੀ ਗੱਲ, ਗੱਲ ਹੀ ਬਣ ਕੇ ਰਹਿ ਗਈ,
ਦਿਖ ਰਿਹਾ ਸਭ ਨੂੰ ਕਿ 'ਫੈਸਲ' ਕਰ ਰਿਹਾ ਪਖਪਾਤ ਹੈ ।

### .ਗਜ਼ਲ

ਸ਼ਹਿਰ ਦੇ ਹਰ ਚੌਂਕ ਤੇ ਨਫ਼ਰਤ ਦੀ ਅੱਗ ਬਲ਼ਦੀ ਪਈ।
ਦੇਸ਼ ਦੀ ਤਸਵੀਰ ਪੂਰੀ ਪੂਰੀ ਹੀ ਬਦਲੀ ਪਈ।

ਦੂਜਿਆਂ ਦੇ ਘਰ ਸਵਾਰਨ ਨਾਲ਼ ਇਹ ਵੀ ਵੇਖ ਤੂੰ
ਆਪਣੇ ਘਰ ਵਿਚ ਤੇਰੇ ਹਰ ਚੀਜ਼ ਕਿਉਂ ਬਿਖਰੀ ਪਈ।

ਹਾਸੇ ਖੇੜੇ ਗੁੰਮ ਗਏ ਨੇ, ਨਾਜ਼ ਨੱਖਰੇ ਮੁੱਕ ਗਏ,
ਹਰ ਤਰਫ਼ ਹੀ ਘੋਰ ਉਦਾਸੀ ਯਾਰ ਹੈ ਪਸਰੀ ਪਈ।

ਹੈ ਨਹੀਂ ਕੋਈ ਸੁਰਖਸ਼ਿਤ ਨੱਚ ਰਹੀ ਦਹਿਸਤ ਚੁਫੇਰ,
ਦੇਸ਼ ਦੀ ਜਨਤਾ ਹਰਿੱਕ ਪਾਸੇ ਡਰੀ ਸਹਿਮੀ ਪਈ।

ਜਿਸਮ ਨੰਗਾ, ਪੇਟ ਭੁੱਖਾ, ਕੀ ਕਰਾਂ, ਕੀ ਨਾ ਕਰਾਂ,
ਏਸ ਖਿੱਚੋ ਤਾਣ ਵਿਚ ਹੈ, ਜ਼ਿੰਦਗੀ ਉਲਝੀ ਪਈ।

''ਤੂੰ ਵੀ ਲੜ ਸਕਦੈ, ਮੈਂ ਵੀ, ਤੇਰੇ ਬੱਚੇ ਵੀ, ਤੇ ਸ਼ਾਇਦ ਉਨ੍ਹਾਂ ਦੇ ਬੱਚੇ ਵੀ। ਅੰਤਿਮ ਤੇ ਫੈਸਲ਼ਾਕੁੰਨ ਲੜਾਈ।''

ਮੇਰਾ ਜਵਾਬ ਸੁਣ ਕੇ ਮੁੰਡਾ ਚੁਪ ਹੋ ਗਿਆ ਸੀ। ਸ਼ਾਇਦ ਉਹ ਲੜਾਈ ਦੀ ਤਿਆਰੀ ਬਾਰੇ ਸੋਚਣ ਲਗ ਪਿਆ ਸੀ।

ਕਈ ਦਿਨ ਇੰਝ ਹੀ ਬੀਤ ਗਏ। ਮੁੰਡੇ ਵਿਚ ਕਾਫੀ ਤਬਦੀਲੀ ਆਉਣ ਲਗ ਪਈ ਸੀ। ਉਹ ਲੋੜ ਨਾਲੋਂ ਜ਼ਿਆਦਾ ਗੰਭੀਰ ਰਹਿਣ ਲਗ ਪਿਆ ਸੀ। ਨਿੱਕੀ ਨਿੱਕੀ ਗੱਲ ਨੂੰ ਵੀ ਪੁਣਣ ਛਾਨਣ ਲਗ ਪਿਆ ਸੀ। ਇਕ ਦਿਨ ਆ ਕੇ ਕਹਿਣ ਲਗਾ, ''ਡੈਡੀ ਡੈਡੀ, ਆਪਣਾ ਗੁਆਂਢੀ ਰਾਮ ਲਾਲ ਸ਼ਹੀਦ ਹੋ ਗਿਆ ਹੈ।''

''ਬੇਟੇ, ਰਾਮ ਲਾਲ ਸ਼ਹੀਦ ਨਹੀਂ ਹੋਇਆ, ਮਰਿਆ ਹੈ। ਉਹਦੀ ਮੌਤ ਹੋ ਗਈ ਹੈ। ਮਰ ਗਿਆ ਹੈ ਰਾਮ ਲਾਲ''।

''ਨਹੀਂ ਡੈਡੀ, ਰਾਮ ਲਾਲ ਸ਼ਹੀਦ ਹੋਇਆ। ਮੇਰਾ ਮੁੰਡਾ ਬਾਰ ਬਾਰ ਆਖੀ ਜਾ ਰਿਹਾ ਸੀ। ਮੰਨਣ ਵਿਚ ਨਹੀਂ ਸੀ ਆ ਰਿਹਾ।''


''ਉਹ ਕਿਵੇਂ ?'' ਆਖੀਰ ਤੰਗ ਆ ਕੇ ਮੈਂ ਪੁਛਿਆ।

ਉਹਦੀ ਘਰਵਾਲੀ ਮੁਹੱਲੇ ਦੀਆਂ ਤੀਮੀਆਂ ਨੂੰ ਦੱਸ ਰਹੀ ਸੀ ਬਈ ਉਹ ਜਿੰਨਾ ਚਿਰ ਜਿਊਂਦਾ ਰਿਹਾ, ਬਿਮਾਰੀ, ਗਰੀਬੀ ਤੇ ਭੁੱਖ ਨਾਲ ਹੀ ਘੁਲਦਾ ਰਿਹਾ। ਤੇ ਆਖਿਰ ਮੁੱਕ ਗਿਆ ਲੜਦਾ ਲੜਦਾ...'' ਮੁੰਡੇ ਨੇ ਬੜੀ ਗੰਭੀਰਤਾ ਨਾਲ ਕਿਹਾ।

ਮੇਰੀਆਂ ਅੱਖਾਂ ਵਿੱਚ ਬਿਜਲੀ ਚਮਕਣ ਲੱਗ ਪਈ। ਪਲ ਦੀ ਪਲ ਮੈਨੂੰ ਜਾਪਿਆ ਜਿਵੇਂ ਮੇਰੇ ਮੁੰਡੇ ਨੂੰ ਉਸ ਅਮੁੱਕ ਲੜਾਈ ਦੀ ਸਮਝ ਪੈ ਗਈ ਹੋਵੇ, ਜੋ ਸਾਡੇ ਸਾਂਝੇ ਸ਼ਹੀਦਾਂ ਨੇ ਅਜੇ ਲੜਨੀ ਹੈ।

**94635-37050**

## ਬਹੁੜੀਂ ਵੇ ਤਬੀਬਾ / ਜਗਜੀਤ ਸਿੰਘ ਲੋਹਟਬੱਦੀ



ਸਾਵਣ ਦਾ ਮਹੀਨਾ ਚੜ੍ਹਿਆਂ ਤਿੰਨ ਕੁ ਦਿਨ ਹੋਏ ਸਨ। ਪਾਣੀ ਦੀਆਂ ਨਿੱਕੀਆਂ ਨਿੱਕੀਆਂ ਬੂੰਦਾਂ ਹਵਾ ਵਿੱਚ ਅਟਕੀਆਂ ਹੋਈਆਂ। ਮਾਈ ਬੁੱਢੀ ਦੀ ਪੀਂਘ ਨੇ ਅੰਬਰ ਵਿੱਚ ਆਪਣਾ ਰੰਗੀਨ ਮਹਿਰਾਬ ਤਾਣ ਰੱਖਿਆ ਸੀ। ਰੁਮਕਦੀ ਪੌਣ ਨਾਲ ਫਿਜ਼ਾ ਵਿੱਚ ਸੀਤਲਤਾ ਘੁਲੀ ਹੋਈ। ਧਰਤੀ ਦੀ ਹਿੱਕ ਵਿੱਚੋਂ ਉੱਠੀ ਮਿੱਟੀ ਦੀ ਮਹਿਕ ਨਾਲ ਮਨ-ਮਸਤਕ ਖੁਮਾਰੀ ਦੇ ਰੰਗ ਵਿੱਚ ਰੰਗੇ ਹੋਏ। ਅਜੇ ਵੀ ਕਈ ਸਲੇਟੀ-ਭਾਹ ਮਾਰਦੀਆਂ ਤਿੱਤਰ-ਖੰਭੀਆਂ ਸੂਰਜ ਨਾਲ ਅੱਖ-ਮਟੱਕਾ ਕਰ, ਉਸਦੀ ਲਾਲੀ ਦਾ ਰੰਗ ਹੋਰ ਗੂੜ੍ਹਾ ਕਰਨ ਵਿੱਚ ਮਸਰੂਫ਼। ਚਾਰੇ ਪਾਸੇ ਅੰਗੂਰੀ ਹਰਿਆਵਲ ਦੀ ਵਸੀਹ ਚਾਦਰ ਵਿਛੀ ਹੋਈ...।

ਕਿਹਰ ਸਿਹੁੰ ਨੂੰ ਦੂਰੋਂ ਕਿਸੇ ਅਜਨਬੀ ਜਿਹੇ ਪ੍ਰਛਾਵੇਂ ਦਾ ਝਾਉਲਾ ਪਿਆ। ਅਚੇਤ ਮਨ ਵਿੱਚ ਵੱਸਿਆ ਗਫ਼ੂਰ ਦਾ ਅਕਸ ਉੱਘੜ ਆਇਆ। ਉੱਚਾ ਲੰਮਾ ਕੱਦ, ਤਕੜੀ ਡੀਲ-ਡੌਲ, ਫਿਰਨ ਦੇ ਥੱਲੇ ਗੋਡਿਆਂ ਨੂੰ ਛੂੰਹਦਾ ਘਸਮੈਲਾ ਕੁੜਤਾ, ਗੰਦਮੀ ਜਿਹਾ ਸਲਵਾਰ-ਨੁਮਾ ਪਜਾਮਾ, ਸਿਰ ਤੇ ਉੱਘੜ-ਦੁੱਘੜਾ ਵਲਿਆ ਲੱਠੇ ਦਾ ਪਰਨਾ...। ਸ਼ਾਇਦ ਉਹੀ ਆਇਆ ਹੋਵੇ...ਵਰ੍ਹਿਆਂ ਬਾਅਦ। ਪਰ ਮਨ ਨੇ ਹੁੰਗਾਰਾ ਨਾ ਭਰਿਆ। 'ਨਾ ਮੋਢੇ ਕੁਹਾੜਾ, ਨਾ ਆਰਾ।' ਪਹਿਲਾਂ ਜਦੋਂ ਵੀ ਆਉਂਦਾ, ਗੂੜ੍ਹੀ ਸਰਦੀ ਦਾ ਪਸਾਰਾ ਹੁੰਦਾ। ਸਿਆਲੂ ਰੁੱਤੇ ਪਿੰਡ ਵਾਲਿਆਂ ਨੂੰ ਆਸ ਬੱਝੀ ਹੁੰਦੀ, ਕਿ ਉਹ ਜ਼ਰੂਰ ਆਊਗਾ। ਜਦੋਂ ਵੀ ਆਉਂਦਾ, ਬੱਚੇ 'ਰਾਸ਼ਾ...ਰਾਸ਼ਾ' ਕੂਕਦੇ ਉਸਦੇ ਪਿੱਛੇ ਦੌੜਦੇ। ਉਹ ਸਭਨਾਂ ਨੂੰ ਕਿਸ਼ਮਿਸ਼ ਵੰਡਦਾ ਜਾਂਦਾ।

ਭਾਰੇ ਤਣੇ, ਛੱਤਾਂ ਤੋਂ ਉੱਤਰੇ ਪੁਰਾਣੇ ਸ਼ਤੀਰ, ਕੜੀਆਂ ਅਤੇ ਬਾਲੇ ਗਫ਼ੂਰ ਦੇ ਕੁਹਾੜੇ ਦੇ ਟੱਕਾਂ ਨਾਲ ਝੱਟ ਹੀ ਖਿੱਲਰ ਜਾਂਦੇ ਅਤੇ ਘਰਾਂ ਦੇ ਚੁੱਲ੍ਹਿਆਂ ਵਿੱਚ ਲਾਲ ਸੁਰਖ ਹੋ ਕੇ ਨਿੱਘ ਦੇਣ ਦਾ ਸਬੱਬ ਬਣਦੇ। ਉਸਨੇ ਆਪਣੇ ਮੂੰਹੋਂ ਕਦੇ ਆਪਣਾ ਮਿਹਨਤਾਨਾ ਨਹੀਂ ਸੀ ਮੰਗਿਆ। ਜੋ ਮਿਲਦਾ, ਖੁਦਾ ਦਾ ਨਜ਼ਰਾਨਾ ਸਮਝ ਰੱਖ ਲੈਂਦਾ। ਕੋਈ ਤਪੱਸਵੀ ਰੂਹ ਲੱਗਦੀ। ਵਰਨਾ ਕੌਣ ਹੈ ਜਿਹਨੇ ਲਾਲਸਾ ਤਿਆਗੀ ਹੋਵੇ!

ਕਿਹਰ ਸਿੰਘ ਅਜੇ ਦਰਵਾਜ਼ਾ ਬੰਦ ਕਰ ਕੇ ਅੰਦਰ ਹੀ ਆਇਆ ਸੀ ਕਿ ਜਾਣੀ ਪਛਾਣੀ ਆਵਾਜ਼ ਨੇ ਧੁਰ ਅੰਦਰੋਂ ਝੰਜੋੜ ਦਿੱਤਾ, "ਕਰਮਾਂ ਵਾਲਿਓ, ਇੱਕ ਰੋਟੀ ਮਿਲੇਗੀ...।"

ਇਹ ਤਾਂ ਸੱਚੀਂ ਗਫ਼ੂਰ ਸੀ। ਪਰ ਇਹ ਕੀ! ਜੁੱਸਾ ਨਰਮ ਪਿਆ ਹੋਇਆ, ਚਿਹਰੇ ਤੇ ਪਿਲੱਤਣ ਛਾਈ ਹੋਈ, ਜਿਵੇਂ ਕੋਈ ਰਾਹੀ ਰਸਤਿਓਂ ਭਟਕ ਗਿਆ ਹੋਵੇ।

"ਗਫ਼ੂਰ, ਅੰਦਰ ਆ ਜਾਹ ਨਾ...ਕਿਉਂ ਜਕ ਰਿਹੈਂ...।" ਕਿਹਰ ਸਿਹੁੰ ਦੇ ਇੰਨਾ ਕਹਿਣ ਦੀ ਦੇਰ ਸੀ ਕਿ ਉਸ ਦਿਓ-ਕੱਦ ਬੰਦੇ ਦੀ ਧਾਹ ਨਿੱਕਲ ਗਈ। ਉਸਨੂੰ ਲੱਗਾ ਕਿ ਉਹ ਹੁਣੇ ਡਿੱਗ ਪਵੇਗਾ। ਕਿਹਰ ਸਿੰਘ ਨੇ ਉਸਨੂੰ ਸਹਾਰਾ ਦੇ ਕੇ ਕਮਰੇ ਵਿੱਚ ਲਿਆ ਬਿਠਾਇਆ। 'ਇੰਨਾ ਕਮਜ਼ੋਰ ਦਿਲ ਤਾਂ ਗਫ਼ੂਰ ਕਦੇ ਵੀ ਨਹੀਂ ਸੀ...ਜ਼ਰੂਰ ਕੋਈ ਭਾਣਾ ਵਰਤਿਆ ਹੋਵੇਗਾ।' ਉਸਦੀ ਚਿੱਟੀ ਲੰਮੀ ਦਾੜ੍ਹੀ ਅੱਥਰੂਆਂ ਨਾਲ ਗੱਚ ਹੋਈ ਪਈ ਸੀ। ਨਿੱਗਰ ਦਰਖ਼ਤਾਂ ਅਤੇ ਪੇੜ ਪੌਦਿਆਂ ਨੂੰ ਇੱਕੋ ਝਟਕੇ ਨਾਲ ਦੋ-ਫਾੜ ਕਰਨ ਵਾਲਾ ਅੱਜ ਪਾਰੇ ਵਾਂਗ ਡੋਲਦਾ ਪਿਆ ਸੀ।

ਚਾਰ ਸਾਲ ਪਹਿਲਾਂ ਦੀ ਤਾਂ ਗੱਲ ਹੈ ਜਦੋਂ ਗਫ਼ੂਰ ਕਸ਼ਮੀਰ ਤੋਂ ਆਉਂਦਾ ਹੋਇਆ ਸੁੱਕੀ ਅੰਜੀਰ ਅਤੇ ਪਸ਼ਮੀਨੇ ਦੀ ਸ਼ਾਲ ਲੈ ਕੇ ਆਇਆ ਸੀ। ਦੱਸਦਾ ਸੀ 'ਅੱਲਾ ਤਾਲਾ ਕੇ ਫ਼ਜ਼ਲ ਸੇ ਜ਼ਮੀਲ ਦਾ ਰਿਸ਼ਤਾ ਪੱਕਾ ਕਰ ਦਿੱਤੈ ਅਤੇ ਰੁਖ਼ਸਾਨਾ ਨੂੰ ਨਰਸਿੰਗ ਕੋਰਸ ਵਿੱਚ ਦਾਖਲਾ ਮਿਲ ਗਿਐ...ਅਬ ਬੜੀ ਹੋ ਗਈ ਹੈ...ਕੱਲ੍ਹ ਇੱਤੀ ਸੀ ਥੀ..।' ਆਪਣੇ ਹੱਥਾਂ ਨੂੰ ਫੈਲਾਉਂਦਿਆਂ ਗਫ਼ੂਰ ਦਾ ਚਿਹਰਾ ਲਿਸ਼ਕ ਰਿਹਾ ਸੀ। ਅਨੰਤਨਾਗ ਨੇੜਲੇ ਪਿੰਡ ਵਿੱਚ ਅਖ਼ਰੋਟਾਂ ਦਾ ਬਾਗ ਸੀ, ਉਸਦੇ ਪੁਰਖਿਆਂ ਦਾ। ਹਰ ਵਾਰ ਆਪਣੇ ਇਲਾਕੇ ਦੀ ਕੋਈ ਖ਼ਾਸ ਨਿਸ਼ਾਨੀ ਕਿਹਰ ਸਿੰਘ ਦੇ ਪਰਿਵਾਰ ਲਈ ਤੋਹਫ਼ੇ ਵਜੋਂ ਲੈ ਕੇ ਆਉਂਦਾ।

ਕਿਹਰ ਸਿੰਘ ਦੇ ਖੇਤਾਂ ਵਿਚਲੀ ਮੋਟਰ ਦਾ ਕੋਠਾ ਗਫ਼ੂਰ ਦਾ ਟਿਕਾਣਾ ਬਣਦਾ। ਜਦੋਂ ਕਦੇ ਦੂਰ ਨੇੜੇ ਦੇ ਪਿੰਡਾਂ ਵਿੱਚ ਲੱਕੜਾਂ ਕੱਟਣ ਜਾਂਦਾ ਤਾਂ ਰੋਟੀ ਪਾਣੀ ਉੱਥੋਂ ਖਾ ਲੈਂਦਾ, ਨਹੀਂ ਤਾਂ ਨਿੱਕੇ ਕੰਤੇ ਦੀ ਡਿਊਟੀ ਹੁੰਦੀ, ਉਸਦੀ ਰੋਟੀ ਮੋਟਰ ਤੇ ਪੁਚਾਉਣ ਦੀ। ਕੰਤੇ ਦੀ ਖਾਹਿਸ਼ ਹੁੰਦੀ ਕਿ ਗਫ਼ੂਰ ਉਸ ਨਾਲ ਕਸ਼ਮੀਰ ਦੀਆਂ ਗੱਲਾਂ ਕਰੇ, ਉਸ ਪਾਸੋਂ ਧਰਤੀ ਉੱਪਰਲੀ ਜੰਨਤ ਦੀਆਂ ਬਾਤਾਂ ਸੁਣੇ-ਡੱਲ ਝੀਲ ਤੇ ਤੈਰਦੇ ਸ਼ਿਕਾਰਿਆਂ ਦੀਆਂ...ਹਾਊਸ ਬੋਟਾਂ ਦੀਆਂ...ਨਿਸ਼ਾਂਤ ਬਾਗ਼ ਦੀਆਂ। ਪਰ ਗਫ਼ੂਰ ਕੁੱਝ ਯਾਦ ਕਰ ਕੇ ਉਦਾਸ ਹੋ ਜਾਂਦਾ। ਆਵਾਜ਼ ਉਸਦੇ ਗਲੇ ਵਿੱਚੋਂ ਬਾਹਰ ਨਾ ਨਿੱਕਲਦੀ। ਉਸਨੂੰ ਜਾਪਦਾ ਜਿਵੇਂ ਕਿਸੇ ਨੇ ਉਸਦੀ ਦੁਖ਼ਦੀ ਰਗ ਤੇ ਹੱਥ ਰੱਖ ਦਿੱਤਾ ਹੋਵੇ।

ਪਿਛਲੀ ਵਾਰ ਜਦੋਂ ਗਫ਼ੂਰ ਆਇਆ ਸੀ ਤਾਂ ਕਿਹਰ ਸਿੰਘ ਨੇ ਆਪ ਨਾਲ ਜਾ ਕੇ ਮੋਟਰ ਦੇ ਕਮਰੇ ਦੀ ਚਾਬੀ ਉਸਦੇ ਹੱਥ ਫੜਾਈ ਸੀ। ਇੱਕ ਦਰਖ਼ਤ ਦੀ ਮੋਟੀ ਸਾਖ ਬਿਜਲੀ ਦੀਆਂ ਤਾਰਾਂ ਨਾਲ ਖਹਿ ਕੇ ਲੰਘਦੀ ਸੀ। ਪੱਕੀਆਂ ਫ਼ਸਲਾਂ ਨਾਲ ਕਿਸੇ ਵੇਲੇ ਵੀ ਭਾਣਾ ਵਾਪਰ ਸਕਦਾ ਸੀ। ਗਫ਼ੂਰ ਨੇ ਕੁਹਾੜੇ ਦੇ ਇੱਕੋ ਵਾਰ ਨਾਲ ਉਹ ਟਾਹਣਾ ਵੱਢ ਦਿੱਤਾ ਸੀ। ਕਿਹਰ ਸਿੰਘ ਨੂੰ ਟਾਹਣਾ ਜ਼ਮੀਨ ਤੇ ਡਿੱਗਿਆ ਦੇਖ ਹੌਲ ਜਿਹਾ ਪਿਆ ਸੀ, ਜਿਵੇਂ ਉਸਤੋਂ ਕੋਈ ਘੋਰ ਅਨਰਥ ਹੋ ਗਿਆ ਹੋਵੇ, ਕਿਸੇ 'ਆਪਣੇ' ਨੂੰ ਜ਼ਖ਼ਮੀ ਕਰ ਦਿੱਤਾ ਹੋਵੇ। ਉਸਨੇ ਬਚਪਨ

ਵਿੱਚ ਉਹ ਬੂਟਾ ਆਪਣੇ ਹੱਥੀਂ ਲਗਾਇਆ ਸੀ।

"ਗਫ਼ੂਰ, ਮੇਰੇ ਕੋਲ਼ੋਂ ਇਹ ਪਾਪ ਹੋ ਗਿਐ...ਇਸਨੂੰ ਵੱਢਣਾ ਨਹੀਂ ਚਾਹੀਦਾ ਸੀ।" ਕਿਹਰ ਸਿੰਘ ਆਪਣੇ ਆਪ ਨੂੰ ਲਾਹਨਤਾਂ ਪਾ ਰਿਹਾ ਸੀ।

"ਸਰਦਾਰ...ਜੋ ਰਾਸਤੇ ਮੇਂ ਆਤਾ ਹੈ...ਉਸੇ ਹਟਾ ਦੇਨਾ ਹੀ ਬਿਹਤਰ ਹੋਤਾ ਹੈ...।" ਗਫ਼ੂਰ ਦਾ ਸੁਭਾਅ ਉਸਦੇ ਸਖ਼ਤ ਹੋਣ ਦੀ ਗਵਾਹੀ ਦੇ ਰਿਹਾ ਸੀ।

"...ਪਰ ਇਹ ਤਾਂ ਮੇਰਾ ਬਚਪਨ ਦਾ ਦੋਸਤ ਸੀ, ਗਫ਼ੂਰ...।" ਕਿਹਰ ਸਿੰਘ ਦਾ ਮਨ ਅਜੇ ਵੀ ਟਿਕ ਨਹੀਂ ਸੀ ਰਿਹਾ।

"ਬਾਬਾ...ਹਮਾਰਾ ਕਾਮ ਤੋ ਕਾਟਨੇ ਔਰ ਉਖਾੜਨੇ ਕਾ ਹੋਤਾ ਹੈ...ਪੇੜ ਪੌਦੇ ਲਗਾਨੇ ਤੋ ਮਾਲੀ ਕਾ ਕਾਮ ਹੈ...।"

"ਨਹੀਂ ਗਫ਼ੂਰ...ਔਹ ਦੇਖ ਉਸਦੇ ਪੱਤਿਆਂ ਅਤੇ ਟਾਹਣੀਆਂ ਵਿੱਚੋਂ ਦੁੱਧ ਸਿੰਮਦਾ...ਮੈਂ ਇਨ੍ਹਾਂ ਨਾਲ ਰੋਜ਼ ਗੱਲਾਂ ਕਰਦਾਂ...ਇਹ ਵੀ ਸਾਡੇ ਵਾਂਗ ਸਾਹ ਲੈਂਦੇ ਨੇ...ਝੂਮਦੇ...ਖੜ ਖੜ ਕਰਦੇ...ਪੱਤੇ ਨਿੱਕਲਦੇ ... ਨਵਾਂ ਜਨਮ...।"

ਗਫ਼ੂਰ ਨੂੰ ਜਾਪਿਆ, ਇਹ ਗੱਲਾਂ ਉਸਦੀ ਸਮਝ ਤੋਂ ਪਰ੍ਹੇ ਦੀਆਂ ਸਨ, ਪਰ ਫਿਰ ਵੀ ਉਸਨੇ ਕਿਹਰ ਸਿੰਘ ਦਾ ਮਨ ਪੜ੍ਹ ਲਿਆ ਸੀ।

"ਸਰਦਾਰ, ਮੁਝੇ ਅਫ਼ਸੋਸ ਹੈ...ਐਸੇ ਕਰਤੇ ਹੈਂ...ਆਜ ਮੈਂ ਏਕ ਪੌਦਾ ਲਗਾਤਾ ਹੂੰ ਅਪਨੇ ਹਾਥੋਂ ਸੇ...ਲਾਈਫ਼ ਮੇਂ ਪਹਿਲੀ ਮਰਤਬਾ...।" ਗਫ਼ੂਰ ਨੇ ਉਸ ਦਿਨ ਅੰਬ ਦਾ ਪੌਦਾ ਲਗਾਇਆ ਸੀ, ਤਾਂ ਹੀ ਕਿਹਰ ਸਿੰਘ ਦੇ ਮਨ ਨੂੰ ਸਕੂਨ ਮਿਲਿਆ ਸੀ, ਜਿਵੇਂ ਕੱਟਿਆ ਵੱਢਿਆ ਦਰਖ਼ਤ ਫਿਰ ਤੋਂ ਜੀਵੰਤ ਹੋ ਗਿਆ ਹੋਵੇ।

ਗਫ਼ੂਰ ਨੇ ਰੱਜ ਕੇ ਖਾਣਾ ਖਾਧਾ ਅਤੇ ਘੂਕ ਸੌਂ ਗਿਆ। ਬੱਚਿਆਂ ਵਾਂਗ ਬੇਫਿਕਰ ਸੁੱਤੇ ਗਫ਼ੂਰ ਨੂੰ ਦੇਖ ਕਿਹਰ ਸਿੰਘ ਦਾ ਮਨ ਪਸੀਜ ਗਿਆ। ਉਸਨੂੰ ਜਾਪਿਆ ਜਿਵੇਂ ਚਿਰਾਂ ਤੋਂ ਥੱਕੇ ਮੁਸਾਫ਼ਰ ਨੂੰ ਤਪਦੀ ਦੁਪਹਿਰੇ ਕਿਸੇ ਘਣੇ ਬੋਹੜ ਦੀ ਛਾਂ ਮਿਲ ਗਈ ਹੋਵੇ। ਤ੍ਰਿਕਾਲਾਂ ਢਲੀਆਂ ਤਾਂ ਕਿਹਰ ਸਿਹੁੰ ਨੇ ਮੋਟਰ ਦੇ ਕਮਰੇ ਦੀ ਚਾਬੀ ਗਫ਼ੂਰ ਵੱਲ ਵਧਾਈ ਤਾਂ ਉਸਨੇ ਹੱਥ ਪਿਛਾਂਹ ਖਿੱਚ ਲਿਆ, "ਸਰਦਾਰ, ਮੇਰਾ ਉਧਰ ਜਾਨੇ ਕਾ ਮਨ ਨਹੀਂ...ਬੱਸ ਏਕ ਦੋ ਦਿਨ ਯਹਾਂ ਰੁਕ ਕਰ...ਵਾਪਸ ਚਲਾ ਜਾਊਂਗਾ...।"

ਕਿਹਰ ਸਿੰਘ ਨੂੰ ਕਿਸੇ ਗੱਲ ਦੀ ਸਮਝ ਨਹੀਂ ਸੀ ਆ ਰਹੀ ਕਿ ਮਾਜਰਾ ਕੀ ਹੈ? ਉਸਨੂੰ ਯਾਦ ਆਇਆ ਕਿ ਕੰਤਾ ਦੱਸਦਾ ਸੀ ਕਿ ਪਿਛਲੀ ਵਾਰੀ ਗਫ਼ੂਰ ਜਦੋਂ ਖੇਤ ਵਿੱਚ ਠਹਿਰਿਆ ਹੋਇਆ ਸੀ, ਤਾਂ ਉਹ ਕੋਈ ਕਸ਼ਮੀਰੀ ਗੀਤ ਗੁਣਗੁਣਾ ਰਿਹਾ ਸੀ:

ਉਸਦੇ ਮੱਥੇ ਤੇ ਚਿੰਤਾ ਦੀਆਂ ਗੂੜ੍ਹੀਆਂ ਲਕੀਰਾਂ ਸਨ, ਜਿਵੇਂ ਕਿਸੇ ਅਸਹਿ ਦਰਦ ਨੇ ਉਸਦੇ ਸੀਨੇ ਨੂੰ ਵਿੰਨ੍ਹ ਕੇ ਰੱਖ ਦਿੱਤਾ ਹੋਵੇ।

ਆਥਣੇ ਕਿਹਰ ਸਿੰਘ ਅਤੇ ਗਫ਼ੂਰ ਗੱਲਾਂ ਕਰਦਿਆਂ ਪਿੰਡ ਦੀਆਂ ਗਲੀਆਂ ਵਿੱਚੋਂ ਲੰਘ ਬਾਹਰਵਾਰ ਫਿਰਨੀ ਤੇ ਆ ਗਏ। ਕਿਹਰ ਸਿੰਘ ਦੇ ਮਨ ਵਿੱਚ ਬੱਝੀ ਗੰਢ ਉਸਨੂੰ ਵਾਰ ਵਾਰ ਬੇਚੈਨ ਕਰ ਰਹੀ ਸੀ।

"ਜ਼ਮੀਲ ਦਾ ਕੀ ਹਾਲ ਐ ਗਫ਼ੂਰ...ਕਿਵੇਂ ਚੱਲਦੀ ਹੈ ਉਸਦੀ ਨੌਕਰੀ...ਕਿਤੇ ਉਸਦਾ ਨਿਕਾਹ ਤਾਂ ਨਹੀਂ ਕਰ ਦਿੱਤਾ... ? ਸਾਨੂੰ ਬੁਲਾਇਆ ਹੀ ਨਾ ਹੋਵੇ..." ਮਿੱਠਾ ਜਿਹਾ ਨਿਹੋਰਾ ਦੇਣ ਦੇ ਨਾਲ ਕਿੰਨੇ ਹੀ ਸਵਾਲ ਕਿਹਰ ਸਿੰਘ ਨੇ ਉਸਨੂੰ ਕਰ ਦਿੱਤੇ।

ਗਫ਼ੂਰ ਨੂੰ ਜਿਵੇਂ ਕਿਸੇ ਨੇ ਧਰਤੀ ਵਿੱਚ ਗੱਡ ਦਿੱਤਾ ਹੋਵੇ। ਉਹ ਇੱਕ ਦਮ ਸੁੰਨ ਹੋ ਗਿਆ। ਕਿਹਰ ਸਿੰਘ ਦੇ ਹਲੂਣਾ ਦੇਣ ਤੇ ਉਸ ਸੁਰਤ ਸੰਭਾਲੀ, ਪਰ ਸ਼ਬਦ ਗਲੇ ਵਿੱਚੋਂ ਬਾਹਰ ਨਹੀਂ ਸਨ ਆ ਰਹੇ।

"...ਰੁਖ਼ਸਾਨਾ ਨੇ ਨਰਸ ਦਾ ਕੋਰਸ ਪੂਰਾ ਕਰ...?" ਕਿਹਰ ਸਿੰਘ ਨੇ ਅਗਲਾ ਸਵਾਲ ਪੂਰਾ ਵੀ ਨਹੀਂ ਸੀ ਕੀਤਾ ਕਿ ਗਫ਼ੂਰ ਨੇ ਉਸਦੇ ਮੂੰਹ ਤੇ ਹੱਥ ਰੱਖ ਦਿੱਤਾ।

ਉਹ ਤੁਰਦੇ ਰਹੇ ਪਰ ਚੁੱਪੀ ਛਾਈ ਰਹੀ।

"ਗਫ਼ੂਰ...ਮੇਰੇ ਸੇ ਕੁਛ ਛੁਪਾ ਰਹੇ ਹੋ...।" ਕਿਹਰ ਸਿੰਘ ਨੇ ਖ਼ਾਮੋਸ਼ੀ ਤੋੜੀ।

"ਆਪ ਸੇ ਕਿਆ ਛੁਪਾਨਾ...ਬਾਬਾ...।" ਗਫ਼ੂਰ ਨੇ ਲੰਮਾ ਹਉਕਾ ਲਿਆ।

"ਫਿਰ ਕਿਉਂ ਉਦਾਸ ਹੋ...ਔਰ ਇਤਨੇ ਸਾਲ ਆਪ ਹਮਾਰੇ ਯਹਾਂ ਆਏ ਭੀ ਨਹੀਂ...।"

"ਲੰਮੀ ਕਹਾਨੀ ਹੈ, ਬਾਬਾ...ਆਪਕੋ ਤੋ ਮਾਲੂਮ ਹੈ ਕਿ ਹਮਾਰੀ ਜੰਨਤ, ਜਹੰਨੁਮ ਮੇਂ ਤਬਦੀਲ ਹੋ ਚੁੱਕੀ ਹੈ...ਗੋਲੀਓਂ ਕੀ ਆਵਾਜ਼...ਫੌਜੀ ਵਰਦੀ...ਬਲਾਸਟ...ਮੌਤ ਕਾ ਸਾਇਆ...ਹਰ ਸਮੇਂ ਸਰ ਪੇ ਮੰਡਰਾਤੇ ਰਹਿਤੇ ਹੈਂ...।" ਗਫ਼ੂਰ ਨੂੰ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਉਸਦੇ ਰਿਸਦੇ ਜ਼ਖ਼ਮ ਵਿੱਚ ਨਸ਼ਤਰ ਖੋਭ ਦਿੱਤਾ ਹੋਵੇ।

"ਸਮੇਂ ਸਮੇਂ ਦੀ ਗੱਲ ਹੁੰਦੀ ਆ, ਗਫ਼ੂਰ...ਅਸੀਂ ਇੱਧਰ ਵੀ ਤਾਂ ਇਹ ਸਿਤਮ ਦੇਖੇ ਹੋਏ ਨੇ...ਸ਼ਾਮ ਪੈਣ ਤੇ ਕੋਈ ਘਰੋਂ ਬਾਹਰ ਨਹੀਂ ਸੀ ਨਿੱਕਲਦਾ...ਸ਼ਮਸ਼ਾਨਾਂ ਵਾਲੀ ਚੁੱਪ ਪਸਰ ਜਾਂਦੀ ਸੀ...ਚਾਰੇ ਪਾਸੇ...।" ਕਿਹਰ ਸਿੰਘ ਨੂੰ ਤੱਤੇ ਵੇਲਿਆਂ ਦੀਆਂ ਯਾਦਾਂ ਵਿੱਸਰੀਆਂ ਨਹੀਂ ਸਨ।

"...ਬੰਦੂਕੇਂ ਔਰ ਜੀਪੇਂ ਚਾਰੋਂ ਤਰਫ਼ ਨਜ਼ਰ ਆਤੀ ਹੈਂ...ਆਵਾਮ ਸਹਿਮਾ ਸਹਿਮਾ...ਦੋਨੋਂ ਸਾਈਡ ਸੇ ਪਿਸ ਰਹਾ...ਜ਼ੁਲਮੋ ਸਿਤਮ ਕੀ ਇੰਤਹਾ...ਏਕ ਦਿਨ ਰੁਖ਼ਸਾਨਾ ਕੋ ਘਰ ਆਤੇ ਵਕਤ...।" ਗਫ਼ੂਰ ਦਾ ਗੱਚ ਭਰ ਆਇਆ।

"ਕੀ ਹੋਇਆ...ਰੁਖ਼ਸਾਨਾ ਨੂੰ...?" ਕਿਹਰ ਸਿੰਘ ਦੇ ਪੈਰ ਰੁਕ ਗਏ।

"...ਰੁਖ਼ਸਾਨਾ ਕੋ ਕੁਛ ਦਰਿੰਦੇ ਰਾਸਤੇ ਸੇ...ਉਠਾ ਕੇ ਲੇ ਗਏ...ਲੋਗ ਕਹਿਤੇ ਹੈਂ...ਵੋ ਵਰਦੀ ਪਹਿਨੇ ਹੁਏ ਥੇ...ਹਮ ਇੱਧਰ ਉੱਧਰ ਤਲਾਸ਼ ਕਰਤੇ ਰਹੇ...ਕੁਛ ਪਤਾ ਨਾ ਚਲਾ...ਕੋਈ ਖ਼ਬਰ ਦੇਨੇ ਵਾਲਾ ਨਹੀਂ ਥਾ...ਰਾਤ ਕੇ ਅੰਧੇਰੇ ਮੇਂ ਦਰਵਾਜ਼ੇ ਪੇ ਠਕ-ਠਕ ਹੁਈ...ਹਮ ਪਹਿਚਾਨ ਹੀ ਨਹੀਂ ਪਾਏ ਕਿ ਵੋ ਰੁਖ਼ਸਾਨਾ ਹੈ...ਸਰ ਬਿਖਰਾ ਹੁਆ...ਡਰੈਸ ਫਟਾ ਹੁਆ...ਚਿਹਰੇ ਪੇ ਚੋਟੋਂ ਕੇ ਨਿਸ਼ਾਨ...।" ਗਫੂਰ ਤੋਂ ਅੱਗੇ ਬੋਲਿਆ ਨਾ ਗਿਆ।

ਕਿਹਰ ਸਿੰਘ ਦਾ ਸਰੀਰ ਕੰਬਣ ਲੱਗਿਆ।

"...ਫ਼ਜ਼ਰ ਮੇਂ ਪਾਇਆ...ਵੋ ਪੰਖੇ ਸੇ...ਲਟਕ ਰਹੀ ਥੀ...।" ਗਫੂਰ ਦਾ ਸੰਘ ਸੁੱਕ ਗਿਆ ਸੀ।

"ਓਹ...ਵਾਹਿਗੁਰੂ...ਐਨਾ ਵਹਿਸ਼ੀਪੁਣਾ...ਧੀ ਧਿਆਣੀ ਨਾਲ...ਕਿਸੇ ਬਦਮਾਸ਼ ਦਾ ਪਤਾ ਚੱਲਿਆ...?"

"...ਦਰ-ਬ-ਦਰ ਹਮ ਭਟਕਤੇ ਰਹੇ...ਪੁਲੀਸ ਸੇ ਮਿਲੇ...ਅਦਾਲਤ ਸੇ ਫ਼ਰਿਆਦ ਕੀ...ਨੇਤਾਓਂ ਸੇ ਸ਼ਿਕਾਇਤ ਕੀ.. ਬੱਸ ਆਸ਼ਵਾਸਨ ਮਿਲਤੇ ਰਹੇ... 'ਹਮ ਵਾਕਿਆ ਕਾ ਮੁਜ਼ੱਮਤ ਕਰਤੇ ਹੈ...ਹਮ ਕਾਨੂੰਨ ਮੇਂ ਮੁਦਾਖ਼ਲਤ ਨਹੀਂ ਕਰ ਸਕਤੇ...' ਕਿਆ ਕਰਤੇ...ਮੁਜ਼ਰਮ ਔਰ ਮੁਨਸਿਫ਼ ਵੋਹੀ ਲੋਗ ਥੇ...ਔਰ ਹਮ ਤਹੱਮਲ ਖੋ ਬੈਠੇ...।"

ਹਨ੍ਹੇਰਾ ਗੂੜ੍ਹਾ ਹੋਣ ਲੱਗਾ ਸੀ।

"ਚੱਲ ਗਫੂਰ, ਘਰ ਚੱਲੀਏ।" ਕਿਹਰ ਸਿੰਘ ਲਈ ਉਸਦੀ ਪੀੜਾ ਅਸਹਿ ਸੀ।

ਪਰ ਗਫੂਰ ਅਜੇ ਕਿਸੇ ਅਕਹਿ ਦਾਸਤਾਨ ਨੂੰ ਪੂਰੀ ਕਰਨੀ ਚਾਹੁੰਦਾ ਸੀ।ਘਰ ਪਹੁੰਚਣ ਤੱਕ ਕਿਸੇ ਦੇ ਮੂੰਹੋਂ ਕੋਈ ਸ਼ਬਦ ਨਾ ਨਿੱਕਲੇ।

"ਜ਼ਮੀਲ ਅੱਜ ਕੱਲ੍ਹ ਕੀ ਕਰਦੈ...?" ਕਿਹਰ ਸਿੰਘ ਨੇ ਵੇਦਨਾ ਨੂੰ ਮੋੜ ਦੇਣ ਦੀ ਨੀਅਤ ਨਾਲ ਅਗਲਾ ਸਵਾਲ ਕੀਤਾ। 'ਸ਼ਾਇਦ ਗਫੂਰ ਦੀ ਆਤਮਾ ਦਾ ਬੋਝ ਹਲਕਾ ਹੋ ਜਾਵੇ।'

ਖਾਣ ਪੀਣ ਤੋਂ ਵਿਹਲੇ ਹੋ ਕੇ ਆਂਢ ਗੁਆਂਢ ਦੀਆਂ ਬੱਤੀਆਂ ਬੁਝ ਗਈਆਂ ਸਨ, ਪਰ ਕਿਹਰ ਸਿੰਘ ਅਤੇ ਗਫੂਰ ਦੇ ਸਾਹਮਣੇ ਪਈਆਂ ਖਾਣੇ ਦੀਆਂ ਥਾਲ਼ੀਆਂ ਠੰਢੀਆਂ ਸੀਤ ਹੋ ਚੁੱਕੀਆਂ ਸਨ। ਭੁੱਖ ਕੋਹਾਂ ਦੂਰ ਸੀ।

"...ਜ਼ਮੀਲ ਕੇ ਸਰ ਪਰ ਖੂਨ ਸਵਾਰ ਹੋ ਚੁੱਕਾ ਥਾ...ਵੋ ਘਰ ਸੇ ਰੁਖ਼ਸਤ ਹੋ ਗਇਆ...ਪਤਾ ਚਲਾ ਵੋਹ ਕਿਸੀ ਤਨਜੀਮ ਮੇਂ ਸ਼ਾਮਲ ਹੋ ਗਇਆ ਹੈ...ਪੁਲੀਸ ਔਰ ਤਮਾਮ ਏਜੰਸੀਆਂ ਹਮੇਂ ਪਰੇਸਾਨ ਕਰਤੀ ਰਹੀਂ...ਪਰ ਹਮੇਂ ਕੁਛ ਮਾਲੂਮ ਨਹੀਂ ਥਾ...ਏਕ ਦਿਨ ਕਿਸੀ ਚੈਨਲ ਪੇ ਖ਼ਬਰ ਨਸ਼ਰ ਹੁਈ...ਉਸਕੇ...ਐਨਕਾਊਂਟਰ ਕੀ...।"

"ਵਾਹਿਗੁਰੂ...।" ਕਿਹਰ ਸਿੰਘ ਨੇ ਹਉਂਕਾ ਲਿਆ।

"...ਪਰ ਬਾਬਾ...ਮੇਰਾ ਮਨ ਇਸੇ ਤਸਲੀਮ ਨਹੀਂ ਕਰ ਰਹਾ...ਵੋਹ ਫ਼ੌਤ ਨਹੀਂ ਹੂਆ...ਵੋਹ ਜ਼ਿੰਦਾ ਹੈ...ਇੰਨਸ਼ਾ ਅੱਲਾ ਵੋ ਜ਼ਰੂਰ ਏਕ ਦਿਨ ਆਏਗਾ...।"

ਕਿਹਰ ਸਿੰਘ ਨੂੰ ਸਮਝ ਨਹੀਂ ਸੀ ਆ ਰਿਹਾ, ਕਿਵੇਂ ਉਸਦੇ ਫੱਟਾਂ ਉੱਤੇ ਮਲ੍ਹਮ ਲਗਾਵੇ।

"ਗਫੂਰ... ਸਭ ਕੁਦਰਤ ਦਾ ਖੇਲ ਹੈ...ਅਸੀਂ ਤਾਂ ਉਸਦੇ ਹੱਥਾਂ ਵਿੱਚ ਪੁਤਲੀਆਂ ਵਾਂਗ ਹਾਂ...।"

ਰਾਤ ਅੱਧੀ ਤੋਂ ਵੱਧ ਗੁਜ਼ਰ ਚੁੱਕੀ ਸੀ। ਵੱਡੇ ਵੇਲੇ ਦੇ ਤਾਰਿਆਂ ਦੀ ਖਿੱਤੀ ਨਜ਼ਰੀਂ ਪੈਣ ਲੱਗੀ ਸੀ। ਨੀਂਦ ਦੋਵਾਂ ਦੀਆਂ ਅੱਖਾਂ ਤੋਂ ਕੋਹਾਂ ਦੂਰ ਸੀ।

ਸਰਘੀ ਵੇਲੇ ਨੇ ਦਸਤਕ ਦਿੱਤੀ ਤਾਂ ਕਿਹਰ ਸਿੰਘ ਇਸ਼ਨਾਨ ਪਾਣੀ ਤੋਂ ਬਾਅਦ ਗੁਰੂ ਘਰ ਨਤਮਸਤਕ ਹੋ ਆਇਆ। ਗਫੂਰ ਘਰ ਵਿੱਚ ਹੀ ਇਬਾਦਤ ਕਰ ਰਿਹਾ ਸੀ। ਦੋਵਾਂ ਦੇ ਮੁਰਝਾਏ ਚਿਹਰੇ ਅਤੇ ਰਾਤ ਦਾ ਉਨੀਂਦਰਾ ਅੱਖਾਂ ਦੀ ਲਾਲੀ ਬਿਆਨ ਕਰ ਰਹੀ ਸੀ।

ਗਫੂਰ ਨੇ ਅੱਜ ਵਾਪਸ ਕਸ਼ਮੀਰ ਮੁੜਨਾ ਸੀ ਪਰ ਕਿਹਰ ਸਿੰਘ ਚਾਹੁੰਦਾ ਸੀ ਕਿ ਉਹ ਇੱਕ-ਦੋ ਦਿਨ ਹੋਰ ਰੁਕ ਜਾਵੇ। ਉਸਦਾ ਦਰਦ ਕੁੱਝ ਮੱਠਾ ਪੈ ਜਾਵੇਗਾ। ਕਹਿੰਦੇ ਨੇ, ਸਮਾਂ ਗੁਜ਼ਰਨ ਨਾਲ ਪੀੜਾ ਕੁੱਝ ਘੱਟ ਜਾਂਦੀ ਐ। ਧਿਆਨ ਵੰਡਾਉਣ ਲਈ ਉਹ ਉਸਨੂੰ ਖੇਤਾਂ ਵੱਲ ਲੈ ਤੁਰਿਆ। ਰਸਤੇ ਵਿੱਚ ਕਿਸੇ ਨੇ ਕੋਈ ਗੱਲ ਨਾ ਕੀਤੀ।

ਮੋਟਰ ਕੋਲ ਪਹੁੰਚ ਕੇ ਕਿਹਰ ਸਿੰਘ ਫ਼ਸਲਾਂ ਵੱਲ ਗੇੜਾ ਮਾਰਨ ਚਲਿਆ ਗਿਆ, ਪਰ ਗਫੂਰ ਉੱਥੇ ਹੀ ਰੁਕ ਗਿਆ। ਉਹ ਟਿਕਟਿਕੀ ਬੰਨ੍ਹ ਕੇ ਅੰਬ ਦੇ ਉਸ ਪੌਦੇ ਵੱਲ ਦੇਖ ਰਿਹਾ ਸੀ, ਜਿਸਨੂੰ ਉਸਨੇ ਆਪਣੇ ਹੱਥੀਂ ਲਗਾਇਆ ਸੀ। ਕਿਹਰ ਸਿੰਘ ਨੂੰ ਜਾਪਿਆ, ਗਫੂਰ ਜਿਵੇਂ ਅੰਬ ਦੇ ਪੌਦੇ ਨਾਲ ਗੱਲਾਂ ਕਰ ਕਿਹਾ ਹੋਵੇ। ਉਸਦੇ ਕੂਲੇ ਨਰਮ ਪੱਤਿਆਂ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਕਿਸੇ ਰੂਹਾਨੀ ਆਨੰਦ ਵਿੱਚ ਗ਼ਲਤਾਨ ਹੋਵੇ।

"ਸਰਦਾਰ...ਸਰਦਾਰ...ਮੈਂ ਬਤਾ ਰਹਾ ਥਾ ਨਾ...ਜ਼ਮੀਲ ਜ਼ਿੰਦਾ ਹੈ...ਯੇਹ ਦੇਖੋ...ਮੇਰਾ ਜ਼ਮੀਲ...ਮੇਰੇ ਸੇ ਗੁਫ਼ਤਗੂ ਕਰ ਰਹਾ ਹੈ...।" ਅਚਾਨਕ ਗਫੂਰ ਦੇ ਚਿਹਰੇ ਤੇ ਲਾਲੀ ਫਿਰ ਗਈ। ਉਸਦਾ ਜ਼ਰਦ ਰੰਗ ਸੁਰਖ ਹੋ ਗਿਆ ਸੀ।

ਕਿਹਰ ਸਿੰਘ ਅਚੰਭਿਤ ਹੋਇਆ ਚਾਰ ਸਾਲ ਪਹਿਲਾਂ ਚੇਤਿਆਂ ਵਿੱਚ ਵੱਸੇ, ਉਸ ਗਫੂਰ ਨੂੰ ਯਾਦ ਕਰ ਕਿਹਾ ਸੀ, ਜੋ ਬਿਰਖਾਂ ਨੂੰ ਕੱਟਣਾ ਵੱਢਣਾ ਜਾਣਦਾ ਸੀ, ਪਾਲਣਾ ਨਹੀਂ। ਪਰ ਗਫੂਰ ਨਮਾਜ਼ ਪੜ੍ਹਣ ਦੀ ਮੁਦਰਾ ਵਿੱਚ ਝੁਕਿਆ, ਅੰਬ ਦੇ ਉਸ ਪੌਦੇ ਨਾਲ ਸੰਵਾਦ ਰਚਾ ਰਿਹਾ ਸੀ...ਚਾਨਣ ਦੀ ਲੀਕ ਦਾ...ਜ਼ਿੰਦਗੀ ਦੀ ਸੂਹੀ ਸਵੇਰ ਦਾ...ਆਸਾਂ ਦੇ ਬਲਦੇ ਚਿਰਾਗ਼ ਦਾ...।

**89684-33500**

## ਕਵਿਤਾਵਾਂ / ਕੁਲਵਿੰਦਰ ਵਿਰਕ



**1.**

ਕਿਸੇ ਦੇ ਘਰ 'ਚ
ਦਾਖ਼ਲ ਹੁੰਦਿਆਂ
ਕਈ ਚੀਜ਼ਾਂ 'ਚ
ਨਜ਼ਰੀਂ ਪੈਂਦਾ
ਸੁਹਜ-ਸਲੀਕਾ ...

ਵਾਪਸੀ 'ਤੇ
ਕਈ ਕੁਹਝ ਵੀ
ਚੁਭਣ ਲੱਗਦੇ...

**2.**

ਜਦ ਤੇਰੇ ਕੋਲ ਹੋਵਾਂ
ਕਿੰਨੇ ਹੀ ਖ਼ਿਆਲ
ਮਸਤਕ ਵਿੱਚ
ਗਰਦਿਸ਼ ਕਰਦੇ ਰਹਿੰਦੇ...

ਤੈਥੋਂ ਦੂਰ ਹੁੰਦੇ ਤਾਂ
ਤੇਰਾ ਹੀ ਤਸੱਵੁਰ...
ਬੱਸ ਤੂੰ ਹੀ ਤੂੰ...
ਇਹ ਕੇਹੀ ਵਿਡੰਬਨਾ !
ਨਾ ਮਿਲ ਹੁੰਦੇ
ਨਾ ਵਿਸਾਰ ਹੁੰਦਾ...

**3.**

ਕੁਝ ਲੋਕਾਂ ਲਈ
ਜ਼ਿੰਦਗੀ ਦਾ ਭਾਰ
ਪਿਓ ਬਣ-ਬਣ ਬਹਿੰਦਾ
ਤੇ ਕੁਝ ਕੁ ਲੋਕਾਂ ਲਈ
ਪਿਓ ਹੀ ਭਾਰ ਬਣ ਜਾਂਦਾ...
ਔਖਾ ਹੋ ਜਾਂਦਾ ਸਹਿਣਾ
ਪਿਓ ਨੂੰ ਨਾਲ ਰੱਖਣਾ
ਜਾਂ ਪਿਓ ਦੇ ਨਾਲ ਰਹਿਣਾ...

**4.**

ਸੁਰਖ਼-ਗੁਲਾਬੀ ਯਾਦਾਂ
ਸਾਂਭ ਕੇ ਰੱਖੀਂ
ਦਿਲ ਦੇ ਵਿਹੜੇ ...
ਅਗਲੇ ਥਾਂ
ਅਗਲੇ ਜਨਮ
ਆਪਾਂ ਫੇਰ ਮਿਲਾਂਗੇ...

**5.**

ਰੋਟੀ-ਰੋਜ਼ੀ ਦੀ ਭਾਲ 'ਚ ਤੁਰ ਗਿਆ
ਬੰਦਾ ਹੀ ਥਾਵਾਂ ਨਹੀਂ ਛੱਡਦਾ
ਕਈ ਵਾਰ
ਥਾਵਾਂ ਵੀ ਬੰਦੇ ਨੂੰ
ਛੱਡ ਦਿਆ ਕਰਦੀਆਂ ...!

## ਕਵਿਤਾਵਾਂ
## ਕੁਲਵਿੰਦਰ ਕੁੱਲਾ

### ਆਗ਼ਾਜ਼

ਉਹ ਪਰੇ ਇਕ ਘਰ 'ਤੇ
ਮਿਜ਼ਾਈਲ ਡਿੱਗੀ ਹੈ
ਕੰਨ ਪਾੜਵਾਂ ਧਮਾਕਾ
ਸਹਿਮਿਆ ਆਲਾ ਦੁਆਲਾ
ਮੇਰੇ ਹੱਥੋਂ ਰੋਟੀ ਡਿਗ ਪਈ ਏ
ਪਤਨੀ ਪਤਾ ਨਹੀਂ
ਕੀ ਕੀ ਸਾਂਭਣ ਲੱਗ ਪਈ ਏ
ਬਾਪ ਹੱਥੋਂ ਸੋਟੀ ਛਿਟਕ ਗਈ ਏ
ਮਾਂ ਦੋਵੇਂ ਹੱਥ ਜੋੜ
ਬਾਂਸੁਰੀ ਵਾਲੇ ਮੂਹਰੇ ਜਾ ਖੜ੍ਹੀ ਏ
ਦੋਵੇਂ ਬਾਲ ਅੰਞਾਣੇ ਖ਼ੌਫ਼ਜਦਾ
ਡਰ ਦਾ ਵਕਤ ਨਾ ਸਰਕਦਾ

ਜ਼ਰਾ ਕੁ ਪਹਿਲਾਂ
ਘੂਕ ਸੁੱਤਾ ਪਿਆ ਸੀ ਜੋ
ਕੁੱਤਾ ਵਾਰ ਵਾਰ
ਬਾਹਰ ਵੱਲ ਭੱਜਦਾ , ਭੌਂਕਦਾ
ਜਿਵੇਂ ਕਹਿ ਰਿਹਾ ਹੋਵੇ
ਜੀਣ ਦਿਓ ਸਾਨੂੰ



ਹੱਕ ਹੈ ਸਾਨੂੰ ਜੀਣ ਦਾ

ਮੈਂ ਦਰਵਾਜ਼ਾ ਖੋਲ੍ਹਿਆ ਹੈ
ਦਰਾਂ 'ਚ ਖੜ੍ਹ ਕੇ
ਉੱਚੀ ਆਵਾਜ਼ ਵਿਚ
ਚੀਖਿਆਂ ਹਾਂ
ਹਾਂ, ਹੱਕ ਹੈ ਸਾਨੂੰ ਜੀਣ ਦਾ
ਜੀਓ ਅਤੇ ਜੀਣ ਦਿਓ
ਜੰਗਬਾਜ਼ੋ ! ਬਾਜ਼ ਆਓ
ਜੰਗਬਾਜ਼ ਮੁਰਦਾਬਾਦ

ਮੈਂ ਨਾਅਰੇ ਮਾਰਦਾ
ਅੱਗੇ ਵਧਿਆ ਹਾਂ
ਪਿੱਛੇ ਪਤਨੀ, ਮਾਂ,
ਬਾਪ ਅਤੇ ਬੱਚੇ ਵੀ
ਡਰੀ ਸਹਿਮੀ ਫ਼ਿਜ਼ਾ
ਵਟੀ ਹੈ ਰੋਹ ਵਿਚ

ਕਦੇ ਕਦੇ
ਤਹਿਰੀਕ ਦਾ ਆਗਾਜ਼
ਬੇਜ਼ੁਬਾਨ ਵੀ ਕਰਦੇ।

### ਫੈਸਲਾ

ਫੈਸਲਾ ਲੈਣਾ ਬਹੁਤ ਔਖਾ

ਔਖਾ ਕਰਦਾ ਗ਼ਲਤ ਫ਼ੈਸਲਾ
ਆਉਣ ਵਾਲੇ ਸਾਹਾਂ ਨੂੰ
ਸਹੀ ਫ਼ੈਸਲਾ ਵੀ ਸੌਖਾ ਨਹੀਂ ਕਰਦਾ

ਖ਼ੁਦ ਨੂੰ ਸਹੀ ਸਬਤ ਕਰਨਾ
ਮਤਲਬ ਸਾਹਾਂ ਤੇ
ਹੋਰ ਬੋਝ ਧਰਨਾ।


# ਹਿੰਦੀ ਕਹਾਣੀ / ਦੱਸ ਕੇ ਤਾਂ ਜਾਂਦਾ / ਡਾ. ਹੰਸਾ ਦੀਪ (ਕੈਨੇਡਾ)

## ਪੰਜਾਬੀ ਅਨੁਵਾਦ : ਅਮਰਜੀਤ ਕੌਂਕੇ

ਜੀਵਨ ਵਿੱਚ ਅਜਿਹੇ ਪਲ ਕਦੇ-ਕਦੇ ਹੀ ਆਉਂਦੇ ਹਨ ਜਦੋਂ ਇਸ ਤਰਾਂ ਦੀ ਤ੍ਰਿਪਤੀ ਮਹਿਸੂਸ ਹੁੰਦੀ ਹੈ, ਵੱਡੀ ਤ੍ਰਿਪਤੀ। ਛੋਟੀਆਂ ਛੋਟੀਆਂ ਤ੍ਰਿਪਤੀਆਂ ਦੀ ਤਾਂ ਗਿਣਤੀ ਕਰਨਾ ਵੀ ਸੰਭਵ ਨਹੀਂ ਜੋ ਰੋਜ਼ ਹੀ ਮਹਿਸੂਸ ਹੁੰਦੀਆਂ ਹਨ। ਜਿਵੇਂ ਵਧੀਆ ਚਾਹ ਪੀਣ ਦੇ ਬਾਅਦ ਦੇ ਹਾਵ-ਭਾਵ ਹੋਣ, ਜਾਂ ਫਿਰ ਗੁਲਾਬ ਜਾਮੁਨ ਦੇ ਮੂੰਹ ਵਿੱਚ ਜਾਣ ਦੇ ਬਾਅਦ ਸਰੀਰ ਦੇ ਹਰ ਅੰਗ ਦੀ ਮੁਸਕਾਨ ਹੋਵੇ, ਜਾਂ ਫਿਰ ਦਾਲ-ਚਾਵਲ ਅਤੇ ਪਾਪੜ ਖਾਕੇ ਡਕਾਰ ਲੈਣ ਦੇ ਬਾਅਦ ਦੀ ਗੂੜ੍ਹੀ ਨੀਂਦ ਵਿਚ ਭਰੀ ਅੰਗੜਾਈ ਹੋਵੇ।

ਵੱਡੀ ਤ੍ਰਿਪਤੀ ਤਾਂ ਕਦੇ ਕਦੇ ਹੀ ਮਹਿਸੂਸ ਕੀਤੀ ਜਾ ਸਕਦੀ ਹੈ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਇਨ੍ਹਾਂ ਦਿਨਾਂ ਬਹੁਤ ਘਰ ਲੈਣ ਦੀ ਖੁਸ਼ੀ ਸਾਡੇ ਸਾਰਿਆਂ ਦੇ ਰੋਮ-ਰੋਮ ਵਿਚੋਂ ਵਿਚੋਂ ਡੁਲ੍ਹ ਡੁਲ੍ਹ ਕੇ ਬਾਹਰ ਆ ਰਹੀ ਸੀ। ਅਜਿਹਾ ਘਰ ਜਿਸਨੂੰ ਸ਼ਾਇਦ ਸਾਡੇ ਲਈ ਹੀ ਬਣਾਇਆ ਗਿਆ ਹੋਵੇ। ਵੱਡੇ-ਵੱਡੇ ਪੱਥਰਾਂ ਨੂੰ ਗੋਲਾਕਾਰ ਵਿੱਚ ਤਰਾਸ਼ ਕੇ ਬਣਾਇਆ ਗਿਆ ਉਹ ਉਹ ਸ਼ਾਨਦਾਰ ਨਕਸ਼ਾ ਜੋ ਪਹਿਲੀ ਨਜ਼ਰੇ ਹੀ ਸਾਰਿਆਂ ਨੂੰ ਮੋਹਿਤ ਕਰ ਲੈਂਦਾ। ਭਰੋਸਾ ਨਹੀਂ ਸੀ ਹੁੰਦਾ ਕਿ ਇਹ ਘਰ ਹੁਣ ਸਾਡਾ ਹੈ। ਕਦੇ ਉੱਤੇ ਪੌੜੀਆਂ ਚੜ੍ਹ ਕੇ ਜਾਂਦੇ ਤਾਂ ਕਦੇ ਹੇਠਾਂ ਆ ਕੇ ਵੇਖਦੇ। ਧੜਕਨਾਂ ਦੀ ਰਫ਼ਤਾਰ ਇਸ ਹੱਦ ਤਕ ਵੱਧਦੀ ਰਹੀ ਕਿ ਬਿਨਾਂ ਰੁਕੇ ਇੱਕ ਦੇ ਬਾਅਦ ਇੱਕ ਹਰ ਕਮਰੇ ਦੇ ਹਰ ਕੋਨੇ ਦੀ ਬਾਰੀਕੀਆਂ ਵੇਖ ਚੁੱਕੇ ਸਨ। ਕਦੇ ਛੱਤ ਦੀ ਨੱਕਾਸ਼ੀ ਵੇਖਦੇ ਤਾਂ ਕਦੇ ਸਕਾਈ ਲਾਇਟ ਨਾਲ ਪੈਂਦੀ ਰੋਸ਼ਨੀ ਦਾ ਆਨੰਦ ਮਾਣਦੇ।

ਇਹ ਸਾਡਾ ਨਵਾਂ ਘਰ ਸੀ ਜੋ ਹਰ ਕੋਣ ਤੋਂ ਚਿੱਟਾ ਚਮਕਦਾ ਸੀ। ਚਾਹੇ ਕਿਚਨ ਦੇ ਕੇਬਿਨੇਟ ਹੋਣ ਜਾਂ ਕੰਧਾਂ, ਬਾਥਰੂਮ ਦਾ ਫਰਸ਼ ਹੋਵੇ ਜਾਂ ਛੱਤ ਦੀ ਨੱਕਾਸ਼ੀ, ਸਭ ਕੁੱਝ ਇੱਕ ਦਮ ਸਫੇਦ। ਇਸ ਲਈ ਇਸਨੂੰ ਵ੍ਹਾਇਟ ਹਾਊਸ ਕਹਿੰਦੇ ਹਾਂ ਅਸੀਂ। ਅਸੀਂ ਕੋਈ ਕਸਰ ਨਹੀਂ ਛੱਡੀ ਇਸਨੂੰ ਸਜਾਉਣ ਵਿੱਚ। ਵਧੀਆ ਪੁਰਾਣਾ ਫਰਨੀਚਰ ਹੈ ਜਿਸਨੂੰ ਐਂਟੀਕ ਫਰਨੀਚਰ ਕਹਿਕੇ ਉਸਦਾ ਅਨੁਭਵ ਲਿਆ ਜਾ ਸਕਦਾ ਹੈ। ਗੋਲ੍ ਗੋਲ ਗੁੰਬਦਾਂ ਵਰਗੇ ਬਣੇ ਪਿੱਲਰ ਹਨ। ਭੂਤਪੂਰਵ ਅਤੇ ਵਰਤਮਾਨ ਰਾਸ਼ਟਰਪਤੀਆਂ ਦੀਆਂ ਤਸਵੀਰਾਂ ਜਿਸ ਤਰ੍ਹਾਂ ਵ੍ਹਾਇਟ ਹਾਊਸ ਦਾ ਕੱਲ, ਅੱਜ ਅਤੇ ਕੱਲ ਦੱਸਦੀਆਂ ਹਨ ਉਂਜ ਹੀ ਸਾਡੇ ਇਸ ਘਰ ਵਿੱਚ ਵੀ ਇਨ੍ਹਾਂ ਦੀ ਜਗ੍ਹਾ ਮੇਰੇ ਅਤੇ ਪ੍ਰਵੀ ਦੇ ਮਾਂ-ਪਾਪੇ ਦੇ ਸੁੰਦਰ ਜਿਹੇ ਪੋਟਰੇਟ ਨੇ ਲੈ ਲਈ ਹੈ। ਪੂਜਾ ਘਰ ਵਿੱਚ ਗਣੇਸ਼ ਜੀ ਦੇ ਨਾਲ ਕਈ ਦੇਵੀ-ਦੇਵਤਿਆਂ ਦੇ ਵੀ ਕਲਾ ਚਿੱਤਰ ਬਿਰਾਜਮਾਨ ਹੋ ਗਏ ਹਨ ਜੋ ਆਪਣੇ ਘਰ ਦਾ ਇਤਹਾਸ ਅਤੇ ਭੂਗੋਲ ਦੋਨਾਂ ਨੂੰ ਸਮਝਾਉਣ ਵਿੱਚ ਮਦਦ ਕਰਦੇ ਰਹਿਣਗੇ।



ਅਜਿਹੀ ਸੁੰਦਰਤਾ ਜਿਸਨੂੰ ਕਿਸੇ ਦੀ ਵੀ ਨਜ਼ਰ ਲੱਗ ਜਾਵੇ। ਸਭ ਤੋਂ ਪਹਿਲਾਂ ਮੈਂ ਕਾਲਾ ਟਿੱਕਾ ਲਾ ਦਿੱਤਾ ਸੀ। ਵਿਦੇਸ਼ ਵਿੱਚ ਵੀ ਨਜ਼ਰ ਲੱਗਣ ਦਾ ਡਰ ਬਹੁਤ ਸਤਾਉਂਦਾ ਰਹਿੰਦਾ ਹੈ। ਚਾਹੇ ਸਾਡਾ ਗੁਆਂਢੀ ਸਾਨੂੰ ਸਿਆਣਦਾ ਨਾ ਹੋਵੇ ਪਰ ਉਸਦੀ ਬੁਰੀ ਨਜ਼ਰ ਤਾਂ ਸਾਡੇ ਤੇ ਹੀ ਹੁੰਦੀ ਹੈ। ਟਿੱਕਾ ਲਾ ਕੇ ਅਸੀਂ ਇੱਕ ਗੱਲ ਪੱਕੀ ਕਰ ਲੈਂਦੇ ਹਾਂ ਕਿ ਜੋ ਵੀ ਨਜ਼ਰ ਲਗਾਉਣ ਵਾਲਾ ਹੈ ਉਸਨੂੰ ਉਹ ਕਾਲ਼ਾ ਟਿੱਕਾ ਨਿਕਲਕੇ ਅਜਿਹੀ ਦੁਲੱਤੀ ਮਾਰੇਗਾ ਕਿ ਪਰਤ ਕੇ ਕਦੇ ਵੇਖੇਗਾ ਵੀ ਨਹੀਂ ਉਹ ਸਾਡੇ ਘਰ ਵੱਲ। ਜਿਸ ਤਰ੍ਹਾਂ ਬੱਚੇ ਨੂੰ ਕੰਨ ਦੇ ਪਿੱਛੇ ਟਿੱਕਾ ਲਗਾਉਂਦੇ ਹਾਂ ਠੀਕ ਉਸੀ ਤਰ੍ਹਾਂ ਮੈਂ ਵੀ ਮੁੱਖ ਦਰਵਾਜੇ ਦੇ ਕੋਲ ਵਾਲੀ ਖਿੜਕੀ ਦੇ ਪਿੱਛੇ ਕਾਲਾ ਟਿੱਕਾ ਲਗਾ ਦਿੱਤਾ ਸੀ। ਇੱਕ ਲੁਕੇ ਹੋਏ ਸਿਕਿਉਰਿਟੀ ਗਾਰਡ ਦੀ ਤਰ੍ਹਾਂ ਉਹ ਸਾਨੂੰ ਸਾਰਿਆਂ ਨੂੰ, ਖਾਸ ਤੌਰ ਤੇ ਮੈਨੂੰ ਨਿਸ਼ਚਿੰਤ ਕਰ ਕੇ ਆਪਣੀ ਡਿਊਟੀ ਵਜਾ ਰਿਹਾ ਸੀ।

ਰੁਮਾਂਚ ਅਤੇ ਖੁਸ਼ੀ ਦੋਨਾਂ ਦਾ ਮਿਲਿਆ ਜੁਲਿਆ ਅਨੁਭਵ ਹੋ ਰਿਹਾ ਸੀ ਆਪਣੇ ਵ੍ਹਾਇਟ ਹਾਊਸ ਵੱਲੋਂ। ਅਜਿਹੇ ਖਾਸ ਸ਼ਬਦਾਂ ਨੂੰ ਆਪਣੇ ਆਮ ਜੀਵਨ ਵਿੱਚ ਮਹੱਤਵ ਦੇਣ ਦਾ ਵੱਖ ਹੀ ਸੁਖ ਹੁੰਦਾ ਹੈ। ਜਦੋਂ ਪ੍ਰਵੀ ਮੈਨੂੰ ਕਵੀਨ ਏਲੀਜਾਬੇਥ ਕਹਿੰਦੇ ਹਨ ਤਾਂ ਸਚਮੁੱਚ ਮੈਂ ਆਪਣੇ ਆਪ ਨੂੰ ਉਹੀ ਮਹਿਸੂਸ ਕਰਨ ਲੱਗਦੀ ਹਾਂ। ਰਾਣੀ ਤਾਂ ਰੋਜ ਦੀ ਕਹਾਣੀ ਹੋ ਜਾਂਦੀ ਹੈ ਪਰ ਕਵੀਨ ਦੇ ਨਾਲ ਜਦੋਂ ਏਲਿਜਾਬੇਥ ਸ਼ਬਦ ਜੁੜ ਜਾਂਦਾ ਹੈ ਤਾਂ ਬਕਿੰਘਮ ਪੈਲੇਸ ਦੀ ਸ਼ਾਨੋ-ਸ਼ੌਕਤ ਮੇਰੇ ਚਿਹਰੇ-ਮੋਹਰੇ ਵਿਚੋਂ ਝਲਕਣ ਲੱਗ ਪੈਂਦੀ ਹੈ।

ਹੌਲੀ-ਹੌਲੀ ਵੱਡੇ ਘਰ ਦਾ ਇਹ ਰੁਮਾਂਸ ਧੁੰਦਲਾ ਹੁੰਦਾ ਗਿਆ। ਕਮਰੇ ਜ਼ਿਆਦਾ ਲੋਕ ਘੱਟ। ਅਸੀਂ ਦੋ ਸਾਡੇ ਦੋ ਲਈ ਸੱਤ ਕਮਰਿਆਂ ਦਾ ਘਰ ਸੌਖ ਘੱਟ ਅਤੇ ਕੰਮ ਜ਼ਿਆਦਾ ਵਧਾਉਣ ਲੱਗਾ। ਵੱਡੇ-ਵੱਡੇ ਕਮਰੇ ਸਾਨੂੰ ਖਿਝਾਉਣ ਲੱਗੇ। ਵੱਡੇ-ਵੱਡੇ ਬਿਲ ਆਉਣ ਲੱਗੇ। ਕਦੇ ਹੀਟਿੰਗ ਦਾ ਤਾਂ ਕਦੇ ਪਾਣੀ ਦਾ ਤਾਂ ਕਦੇ ਇਲੇਕਟਰਿਸਿਟੀ ਦਾ। ਚਾਦਰ ਅਤੇ ਪੈਰ ਦਾ ਹਿਸਾਬ ਵੇਖਕੇ ਆਪਣੀ ਮਾਸਟਰੀ ਵੀ ਚਿੜ੍ਹਾਉਣ ਲੱਗੀ।

ਆਨਨ-ਫਾਨਨ ਵਿੱਚ ਮੀਟਿੰਗ ਕੀਤੀ ਗਈ ਲਾਇਬਰੇਰੀ ਦੀ ਗੋਲ ਮੇਜ ਦੇ ਆਸਪਾਸ। ਮੈਂ ਪ੍ਰਵੀ ਅਤੇ ਬੱਚੇ। ਗੋਲ ਮੇਜ ਮੀਟਿੰਗ ਚੱਲੀ, ਵਿਚਾਰ ਵਟਾਂਦਰਾ ਹੋਇਆ। ਬੱਚੇ ਵੀ ਸ਼ਾਮਿਲ ਸਨ। ਅਜਿਹੇ ਸਮੇਂ ਤੇ ਵੱਡਾ ਪੁੱਤਰ ਅਤੇ

ਛੋਟਾ ਪੁੱਤਰ ਦੋਵੇਂ ਦਿਲ ਖੋਲਕੇ ਆਪਣੀ ਰਾਇ ਦਿੰਦੇ ਸਨ। ਬਹੁਤ ਸੋਚ-ਵਿਚਾਰ ਤੋਂ ਬਾਅਦ ਅਸੀਂ ਤੈਅ ਕੀਤਾ ਕਿ ਕਿਉਂ ਨਹੀਂ ਇਨ੍ਹਾਂ ਕਮਰਿਆਂ ਵਿੱਚੋਂ ਕਿਸੇ ਇੱਕ ਨੂੰ ਕਿਰਾਏ ਉੱਤੇ ਦੇ ਦਿੱਤਾ ਜਾਵੇ। ਕਦੇ ਅਜਿਹਾ ਕੀਤਾ ਨਹੀਂ ਹੈ ਪਰ ਅਜਿਹਾ ਕਰਕੇ ਦੇਖਣ ਵਿੱਚ ਤਾਂ ਕੋਈ ਹਰਜ ਨਹੀਂ। ਸਭ ਤੋਂ ਪਹਿਲਾਂ ਅਨੁਭਵ ਲੈਣ ਲਈ ਹੇਠਲੀ ਮੰਜਿਲ ਦਾ ਇੱਕ ਕਮਰਾ ਕਿਰਾਏ ਉੱਤੇ ਦੇ ਦਿੱਤਾ ਜਾਵੇ ਜਿਵੇਂ ਕਿ ਆਮ ਤੌਰ ਉੱਤੇ ਲੋਕ ਇੱਥੇ ਕਰਿਆ ਕਰਦੇ ਹਨ।

ਵੱਡੇ ਨੇ ਏਅਰਬੀਏਨਬੀ ਦੇ ਰਿਵਾਜ਼ ਦਾ ਖੁੱਲਕੇ ਜਿਕਰ ਕੀਤਾ। ਇਹ ਪ੍ਰਥਾ ਵੀ ਬੇਸ਼ੱਕ ਇਸ ਵੱਧਦੇ ਬਿੱਲਾਂ ਦੀਆਂ ਜਰੂਰਤਾਂ ਵਿਚੋਂ ਪੈਦਾ ਹੋਈ ਹੋਵੇਗੀ। ਇੰਨੀ ਦੇਰ ਵਿੱਚ ਛੋਟੇ ਨੇ ਲਗਾਤਾਰ ਕਈ ਵੇਬ ਸਾਇਟਾਂ ਖੋਲ ਲਈਆਂ ਜਿਨ੍ਹਾਂ ਵਿੱਚ ਏਅਰਬੀਏਨਬੀ ਦੇ ਇਸ਼ਤਿਹਾਰ ਸਨ, ਸੁਵਿਧਾਵਾਂ ਸਨ ਅਤੇ ਨਿਸੰਦੇਹ ਇੱਕ ਕਮਰੇ, ਦੋ ਕਮਰੇ, ਤਿੰਨ ਕਮਰਿਆਂ ਦਾ ਰੋਜ਼ਾਨਾ ਕਿਰਾਇਆ ਸਰੇਆਮ ਲਿਖਿਆ ਹੋਇਆ ਸੀ।

ਇਸ ਸਮੇਂ ਸਾਡੀਆਂ ਜਰੂਰਤਾਂ ਵੀ ਜੋਰਾਂ ਤੇ ਸਨ ਸੋ ਏਅਰਬੀਏਨਬੀ ਦੀ ਤਰ੍ਹਾਂ ਪੂਰੀ ਮੰਜਿਲ ਤਾਂ ਨਹੀਂ ਪਰ ਉਸੇ ਸ਼ੈਲੀ ਵਿੱਚ ਇੱਕ ਕਮਰਾ ਕਿਰਾਏ ਉੱਤੇ ਦੇ ਦਿੱਤੇ ਜਾਵੇ ਇਹ ਫੈਸਲਾ ਬਹੁਮਤ ਨਾਲ ਲੈ ਲਿਆ ਗਿਆ। "ਸੱਤ ਕਮਰਿਆਂ ਦੇ ਆਲੀਸ਼ਾਨ ਮਕਾਨ ਵਿੱਚ ਇੱਕ ਕਮਰਾ ਕਿਰਾਏ ਲਈ ਉਪਲੱਬਧ। "ਕਈ ਈ- ਮੇਲਾਂ ਦਾ ਆਦਾਨ-ਪ੍ਰਦਾਨ ਹੋਇਆ ਅਤੇ ਅਖੀਰ ਸੋਚ-ਸੱਮਝ ਕੇ ਇੱਕ ਖੋਜ ਵਿਦਿਆਰਥੀ ਨੂੰ ਪੰਦਰਾਂ ਦਿਨ ਲਈ ਕਮਰਾ ਕਿਰਾਏ ਉੱਤੇ ਦੇ ਦਿੱਤੇ।

ਆਖ਼ਿਰਕਾਰ ਉਹ ਦਿਨ ਆ ਹੀ ਗਿਆ ਜਦੋਂ ਉਸਨੇ ਪਹੁੰਚਣਾ ਸੀ। ਅਸੀਂ ਬੇਸਬਰੀ ਨਾਲ ਉਸਦੀ ਉਡੀਕ ਕਰ ਰਹੇ ਸਾਂ। ਹਰ ਆਹਟ ਜਿਵੇਂ ਉਸਦੇ ਆਉਣ ਦੀ ਦਸਤਕ ਸੀ। ਆਖਿਰ ਉਹ ਆਇਆ। ਇੱਕ ਸਿੱਧਾ-ਸਾਦਾ, ਭੋਲਾ-ਭਾਲਾ ਜਿਹਾ ਚਿਹਰਾ। ਕੁਲ ਮਿਲਾਕੇ ਕਿਹਾ ਜਾਵੇ ਤਾਂ ਇੱਕ ਸਪਾਟ ਚਿਹਰਾ ਜੋ ਸ਼ਿਸ਼ਟਾਚਾਰ ਦੇ ਮਾਮਲੇ ਵਿੱਚ ਸਾਡੇ ਤੋਂ ਕਈ ਕਦਮ ਅੱਗੇ ਸੀ। ਸਾਡੀ ਹਰ ਗੱਲ ਦਾ ਜਵਾਬ ਉਸਨੇ ਸਿਰਫ ਇੱਕ ਮੁਸਕਾਨ ਵਿਚ ਦਿਤਾ।

ਪਹਿਲਾ ਅਨੁਭਵ ਵਧੀਆ ਰਿਹਾ ਤਾਂ ਚੈਨ ਦਾ ਸਾਹ ਲਿਆ ਅਸੀਂ। ਉਸਦਾ ਕਮਰਾ ਦਿਖਾ ਕੇ, ਉਸਨੂੰ ਸਭ ਕੁਝ ਸਮਝਾ ਕੇ ਪਰਿਵਾਰ ਦੇ ਮੈਬਰਾਂ ਦੀ ਜਾਣ ਪਹਿਚਾਣ ਕਰਵਾ ਦਿੱਤੀ। ਪੈਸਿਆਂ ਦਾ ਲਿਫ਼ਾਫ਼ਾ ਉਸਨੇ ਫੜਾਇਆ ਤਾਂ ਕੜਕਦੇ ਨੋਟਾਂ ਦੀ ਗਰਮੀ ਮਹਿਸੂਸ ਹੋਈ। ਬੱਚੇ ਬਹੁਤ ਖੁਸ਼ ਸਨ ਉਨ੍ਹਾਂ ਦਾ ਜੇਬ ਖਰਚ ਉਨ੍ਹਾਂ ਦੀ ਜੇਬ ਵਿੱਚ ਪੈਣ ਵਾਲਾ ਸੀ।

ਰਾਤ ਗੁਜ਼ਰੀ ਅਤੇ ਇੱਕ ਅਨਜਾਨ ਰਿਸ਼ਤਾ ਸ਼ੁਰੂ ਹੋਇਆ ਉਸ ਅਜਨਬੀ ਨਾਲ। ਇਹ ਪੰਦਰਾਂ ਦਿਨ ਸਾਡੇ ਜੀਵਨ ਦੇ ਉਹ ਦਿਨ ਸਨ ਜੋ ਸਾਡੀ ਰੋਜ਼ਾਨਾ ਜਿੰਦਗੀ ਨੂੰ ਪੂਰੀ ਤਰ੍ਹਾਂ ਬਦਲ ਚੁੱਕੇ ਸਨ। ਸਵੇਰੇ ਉੱਠਕੇ ਬਰੁਸ਼ ਕਰਨਾ ਓਨਾ ਜਰੂਰੀ ਨਹੀਂ ਸੀ ਜਿਨ੍ਹਾਂ ਜਰੂਰੀ ਸੀ ਇਹ ਵੇਖਣਾ ਕਿ ਉਹ ਉਠਿਆ ਜਾਂ ਨਹੀਂ। ਬੇਚਾਰੇ ਨੂੰ ਉਠਦੇ ਸਾਰ ਹੀ ਚਾਹ-ਕਾਫ਼ੀ ਮਿਲ ਜਾਵੇ ਇਸ ਲਈ ਸਭ ਇੰਤਜ਼ਾਮ ਕਰ ਦਿੱਤਾ ਸੀ ਮੈਂ। ਇੱਕ ਕੋਨੇ ਵਿੱਚ ਨਵਾਂ ਖਰੀਦਿਆ ਹੋਇਆ ਕਾਫ਼ੀ ਮੇਕਰ ਸੀ, ਚਾਹ, ਕਾਫ਼ੀ ਅਤੇ ਸ਼ੱਕਰ ਦੇ ਪੈਕੇਟ ਸਨ। ਕੁੱਝ ਚਿਪਸ ਅਤੇ ਬਿਸਕਿਟ ਦੇ ਪੈਕੇਟ ਵੀ ਸਨ। ਨਵੇਂ ਤੌਲੀਏ ਅਤੇ ਚਾਦਰਾਂ ਵੀ ਸਨ। ਕੁਲ ਮਿਲਾਕੇ ਚੰਗੇ ਮਕਾਨ-ਮਾਲਿਕ ਹੋਣ ਦੇ ਸਾਰੇ ਸਬੂਤ ਪੇਸ਼ ਕਰ ਦਿੱਤੇ ਗਏ ਸਨ।

ਉਸਦੇ ਕਮਰੇ ਵੱਲੋਂ ਕੋਈ ਅਵਾਜ਼ ਨਹੀਂ ਆਉਂਦੀ ਸੀ। ਉੱਠਣ ਦੇ ਬਾਅਦ ਸਿਰਫ਼ ਬਾਥਰੂਮ ਵਲੋਂ ਪਾਣੀ ਦੀਆਂ ਬੌਛਾਰਾਂ ਹਲਕਾ ਜਿਹਾ ਰੌਲਾ ਕਰਦੀਆਂ ਸਨ। ਮੈਂ ਚਾਹੁੰਦੀ ਸੀ ਕਿ ਉਹ ਸਾਡੇ ਸਭ ਨਾਲ ਗੱਲ ਕਰੇ। ਕੁੱਝ ਮੰਗੇ। ਕੁੱਝ ਕਹੇ। ਤਾਰੀਫ ਨਾ ਕਰੇ ਤਾਂ ਸ਼ਿਕਾਇਤ ਹੀ ਕਰ ਦੇਵੇ, ਕਦੇ ਠੰਡ ਲੱਗਣ ਦੀ ਜਾਂ ਕਦੇ ਗਰਮੀ ਲੱਗਣ ਦੀ। ਸਾਡੇ ਨਾਲ ਗੱਲ ਕਰੇ, ਆਪਣੇ ਬਾਰੇ ਦੱਸੇ। ਉਹ ਸਿਰਫ ਗਰਦਨ ਹਿਲਾਉਂਦਾ ਸੀ। ਕੁੱਝ ਬੋਲਦਾ ਨਹੀਂ ਸੀ। ਗੂੰਗਾ ਵੀ ਨਹੀਂ ਸੀ ਕਿਉਂਕਿ ਟੈਕਸੀ ਵਾਲੇ ਨੂੰ ਪੈਸੇ ਦਿੰਦੇ ਸਮਾਂ ਉਹ ਗੱਲ ਕਰ ਰਿਹਾ ਸੀ।

ਉਹ ਕਿੰਨੇ ਵਜੇ ਆਉਂਦਾ ਹੈ, ਕਿੰਨੇ ਵਜੇ ਜਾਂਦਾ ਹੈ। ਕਮਰੇ ਦੀ ਬੱਤੀ ਜਗ ਰਹੀ ਹੈ, ਬੁਝ ਗਈ ਹੈ। ਹੋਰ ਵੀ ਨਹੀਂ ਪਤਾ ਨਹੀਂ ਕਿੰਨੇ ਅੰਦਾਜ਼ੇ ਲੱਗਦੇ, ਕਿੰਨੇ ਆਭਾਸ ਹੁੰਦੇ ਅਤੇ ਕਿੰਨੀ ਕੋਸ਼ਿਸ਼ ਕੀਤੀ ਜਾਂਦੀ ਉਸਦੇ ਬਾਰੇ ਜਾਣਨ ਦੀ। ਪਰ ਉਹ ਨਹੀਂ ਬੋਲਿਆ ਤਾਂ ਨਹੀਂ ਬੋਲਿਆ। ਮੇਰਾ ਰੋਜ਼ ਦਾ ਨੇਮ ਹੋ ਚੁੱਕਿਆ ਸੀ ਉਸਦੀ ਚਿੰਤਾ ਕਰਨਾ "ਉਸਨੇ ਖਾਣਾ ਖਾਧਾ ਜਾਂ ਨਹੀਂ"

"ਉਸਨੇ ਕੱਪੜੇ ਬਦਲੇ ਜਾਂ ਨਹੀਂ"

"ਲਾਂਡਰੀ ਚਲਾਈ ਜਾਂ ਨਹੀਂ"

"ਕੀ ਉਹ ਸਾਡੇ ਵ੍ਹਾਇਟ ਹਾਉਸ ਵਿੱਚ ਖੁਸ਼ ਨਹੀਂ ਹੈ"

"ਕੀ ਆਪਣੇ ਪਰਵਾਰ ਨੂੰ ਸਾਡੇ ਬਾਰੇ ਵਿੱਚ ਦੱਸਦਾ ਹੈ"

"ਸਾਡੇ ਬਾਰੇ ਕੀ ਸੋਚਦਾ ਹੈ"

ਅਜਿਹੇ ਕਈ ਸਵਾਲ ਮੇਰਾ ਪਿੱਛਾ ਕਰਦੇ ਅਤੇ ਮੈਂ ਆਪਣੇ ਘਰ ਵਾਲਿਆਂ ਨੂੰ ਇਸ ਵਿੱਚ ਸ਼ਾਮਿਲ ਕਰ ਲੈਂਦੀ। ਅਜਿਹਾ ਵੀ ਨਹੀਂ ਸੀ ਕਿ ਅਸੀਂ ਸਭ ਵੇਹਲੇ ਸਾਂ ਜਾਂ ਉਸਦੇ ਬਾਰੇ ਵਿੱਚ ਸੋਚਣ ਦੇ ਇਲਾਵਾ ਸਾਡੇ ਕੋਲ ਕੋਈ ਅਤੇ ਕੰਮ ਨਹੀਂ ਸੀ। ਦਿਨ ਭਰ ਕੰਮ ਕਰਕੇ ਸਭ ਪਰਤ ਕਰ ਘਰ ਆਉਂਦੇ, ਬੱਚੇ ਸਕੂਲ ਵਲੋਂ ਆਉਂਦੇ ਤਾਂ ਮੁੱਖ ਚਰਚਾ ਦਾ ਵਿਸ਼ਾ ਇਹੀ ਹੁੰਦਾ।

ਉਸਦੇ ਆਉਣ ਤੋਂ ਪਹਿਲਾਂ ਮੈਨੂੰ ਖੂਬ ਚੇਤਾਵਨੀਆਂ ਦੇ ਦਿੱਤੀਆਂ ਗਈਆਂ ਸਨ – " ਵਾਰ-ਵਾਰ ਕੁੱਝ ਪੁੱਛਣਾ ਨਾ "

"ਜ਼ਿਆਦਾ ਗੱਲਾਂ ਨਾ ਕਰਨਾ"

"ਆਪਣੇ ਅਤੇ ਘਰ ਦੇ ਬਾਰੇ ਵਿੱਚ ਸਾਰਾ ਕੁਝ ਨਾ ਦੱਸ ਦੇਣਾ"

"ਕਿਚਨ ਵਿੱਚ ਥੋੜ੍ਹੀ ਸ਼ਾਂਤੀ ਰੱਖਣਾ"

ਅਤੇ ਉਸਦੇ ਆਉਣ ਤੋਂ ਬਾਅਦ ਮੈਂ ਚਾਹ ਕੇ ਵੀ ਗੱਲ ਨਹੀਂ ਕਰ ਸਕੀ ਕਿਉਂਕਿ ਉਸਦਾ ਚਿਹਰਾ ਹਮੇਸ਼ਾ ਬਰਫ ਦੀ ਚਾਦਰ ਨਾਲ ਢਕਿਆ ਰਹਿੰਦਾ। ਠੰਡਾ ਅਤੇ ਕਠੋਰ। ਬਰਫ ਉੱਤੇ ਅਕਾਰ ਬਣਾਉਣ ਦੀ ਕੋਸ਼ਿਸ਼ ਹਮੇਸ਼ਾ ਜਿਵੇਂ ਪੱਥਰ ਨਾਲ ਟਕਰਾ ਕੇ ਖਤਮ ਹੋ ਜਾਂਦੀ। ਕੋਈ ਆਦਮੀ ਇੰਨਾ ਭਾਵਹੀਨ ਕਿਵੇਂ ਹੋ ਸਕਦਾ ਹੈ, ਮੇਰੇ ਲਈ ਇਹ ਸਮਝਣਾ ਮੁਸ਼ਕਲ ਸੀ। ਉਹ ਇੱਥੇ ਦੋ ਹਫ਼ਤੇ ਲਈ ਆਇਆ ਹੈ ਤਾਂ ਕੀ ਹੋਇਆ, ਇਸਦਾ ਮਤਲੱਬ ਇਹ ਤਾਂ ਨਹੀਂ ਕਿ ਆਪਣੀ ਪਸੰਦ-ਨਾ ਪਸੰਦ ਦਾ ਇਜਹਾਰ ਤੱਕ ਨਾ ਕਰੇ। ਮੈਨੂੰ ਉਸਦੀ ਚੁੱਪ, ਉਸਦੀ ਭਾਵਹੀਨਤਾ ਚੁਭਣ ਲੱਗੀ। ਸ਼ਿਸ਼ਟਤਾ ਦੀ ਅਜਿਹੀ ਨਵੀਂ ਪਰਿਭਾਸ਼ਾ ਮੈਨੂੰ ਸਵੀਕਾਰ ਨਹੀਂ ਸੀ। ਇਸ ਤਰ੍ਹਾਂ ਚੁੱਪ ਰਹਿਕੇ ਸਾਨੂੰ ਚੁਣੌਤੀ ਦੇਣਾ ਕਿਸ ਤਰ੍ਹਾਂ ਦਾ ਸ਼ਿਸ਼ਟਾਚਾਰ ਹੈ।

ਆਪਣੇ ਆਪ ਨੂੰ ਕਈ ਪ੍ਰਸ਼ਨ ਕਰਨ ਲਈ ਮਜਬੂਰ ਕਰ ਰਿਹਾ ਹੈ ਇਹ ਸ਼ਾਲੀਨ ਵਿਅਕਤੀ। ਰੋਜ ਸ਼ਾਮ ਨੂੰ ਚੁਪਚਾਪ ਆਉਣਾ ਅਤੇ ਰੋਜ ਸਵੇਰੇ ਬਾਥਰੂਮ ਵਿੱਚ ਹਾਜ਼ਿਰੀ ਲਗਾ ਕੇ ਚਲੇ ਜਾਣਾ। ਕਦੇ ਆਪਣੇ ਨਾਲ ਬਾਜ਼ਾਰ ਤੋਂ ਵੀ ਕੁੱਝ ਨਹੀਂ ਲਿਆਉਂਦਾ ਸੀ। ਉਸਨੂੰ ਆਪਣੇ ਕਮਰੇ ਵਿੱਚ ਤਾਂ ਕਦੇ ਪਾਣੀ ਪੀਂਦੇ ਵੀ ਨਹੀਂ ਵੇਖਿਆ, ਨਾ ਚਾਹ, ਨਾ ਕੁੱਝ ਨਾਸ਼ਤਾ। ਜਦੋਂ ਕਿ ਸਾਡੇ ਕਿਚਨ ਵਿੱਚ ਚੰਗੀ ਖਾਸੀ ਖਟੜ-ਪਟੜ ਹੁੰਦੀ ਰਹਿੰਦੀ ਸੀ।

ਪ੍ਰਵੀ ਆਕੇ ਯਾਦ ਕਰਵਾ ਦਿੰਦੇ ਸਨ ਕਿ-"ਦਾਲ ਬਣਾਉਣ ਦਾ ਕੰਮ ਧਿਆਨ ਨਾਲ ਕਰਨਾ। ਤੇਰਾ ਤੜਕਾ ਲਗਾਉਣਾ ਸਾਰਿਆਂ ਨੂੰ ਖੰਘਣ ਲਈ ਮਜਬੂਰ ਕਰ ਦਿੰਦਾ ਹੈ।"

ਮੇਰਾ ਤੜਕਾ ਹੁਣ ਥੋੜਾ ਜਿਹਾ 'ਛਾਂ' ਕਰਕੇ ਹੀ ਲੱਗ ਜਾਂਦਾ, ਦਾਲ ਵਿੱਚ ਇੱਕ ਹਲਕੀ ਜਿਹੀ ਕੰਬਣੀ ਪੈਦਾ ਕਰਦਾ ਅਤੇ ਠੰਡਾ ਹੋ ਜਾਂਦਾ। ਖਟੜ-ਪਟੜ ਵਾਲੇ ਸਾਰੇ ਕੰਮ ਹੁਣ ਇੱਕ ਸਹਿਣਯੋਗ ਅਵਾਜ ਦੀ ਸੀਮਾ ਤੱਕ ਹੀ ਹੋਣ ਲੱਗੇ ਸਨ। ਹਰ ਤਰ੍ਹਾਂ ਨਾਲ ਆਪਣੇ ਮਹਿਮਾਨ ਦਾ ਧਿਆਨ ਤਾਂ ਰੱਖ ਰਹੀ ਸੀ ਮੈਂ। ਪੈਸੇ ਦੇ ਰਿਹਾ ਸੀ ਤਾਂ ਕੀ, ਸੀ ਤਾਂ ਮਹਿਮਾਨ ਹੀ। ਪੈਸੇ ਲੈ ਕੇ ਬੁਲਾਇਆ ਗਿਆ ਮਹਿਮਾਨ। ਮਹਿਮਾਨ ਆਪਣੇ ਨਾਲ ਇਹ ਵਿਚਾਰ ਲੈ ਕੇ ਨਾ ਜਾਵੇ ਕਿ ਭਾਰਤੀ ਘਰਾਂ ਵਿੱਚ ਬਹੁਤ ਰੌਲਾ ਹੁੰਦਾ ਹੈ, ਖਾਣੇ ਵਿੱਚ ਬਹੁਤ ਤਗੜੀ ਗੰਧ ਹੁੰਦੀ ਹੈ।

ਰੋਜ ਸ਼ਾਮ ਨੂੰ ਗਰਮ ਰੋਟੀ ਬਣਦੀ ਤਾਂ ਉਸਦਾ ਖਿਆਲ ਜਰੂਰ ਆਉਂਦਾ "ਉਸਤੋਂ ਖਾਣ ਲਈ ਪੁੱਛਾਂ ਕੀ"

"ਰੋਟੀ ਖਾਣ ਦੇ ਲਈ ਨਹੀਂ, ਨਹੀਂ ਮੰਮਾ ਐਸਾ ਸੋਚਣਾ ਵੀ ਨਹੀਂ। ਕੌਣ ਖਾਂਦਾ ਹੈ ਰੋਟੀ"

ਵੱਡਾ ਆਪਣੀ ਰੋਟੀ ਖਾਣ ਦੀ ਮਜਬੂਰੀ ਨੂੰ ਆਨੇ ਬਹਾਨੇ ਸਾਫ਼ ਹੀ ਦੱਸ ਦਿੰਦਾ ਹੈ। ਇਹ ਬੱਚੇ ਰੋਟੀ ਦੇ ਨਾਂ ਤੇ ਇਉਂ ਮੂੰਹ ਬਣਾਉਂਦੇ ਹਨ ਜਿਵੇਂ ਪੀਜਾ ਅਤੇ ਪਾਸਤਾ ਖਾ ਕੇ ਹੀ ਜੰਮੇ ਹੋਣ। ਬਚਪਨ ਤੋਂ ਲੈ ਕੇ ਅੱਜ ਤੱਕ ਗਰਮ ਰੋਟੀ ਖਾ ਰਹੇ ਹਨ ਪਰ ਕਦੇ ਗਰਮ ਰੋਟੀ ਦਾ ਨਹੀਂ ਮਹੱਤਵ ਸੱਮਝ ਸਕੇ, ਨਾ ਹੀ ਸਵਾਦ ਸਮਝ ਪਾਏ ਅਤੇ ਨਾ ਹੀ ਜ਼ਰੂਰਤ ਸਮਝ ਸਕੇ।

ਮੇਰੀ ਖਿਝ ਹਮੇਸ਼ਾ ਵਾਂਗ ਰੋਟੀ ਦਾ ਹੀ ਪੱਖ ਲੈਂਦੀ "ਅੱਛਾ ਬੇਟਾ ਜੀ, ਕੀ ਮਤਲਬ ਹੈ ਤੁਹਾਡਾ, ਰੋਟੀ ਕੋਈ ਖ਼ਰਾਬ ਖਾਣਾ ਹੈ ਕੀ ਕਿਸਮਤ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ ਐਸੀ ਗਰਮ-ਗਰਮ ਰੋਟੀ। "

ਮਾਵਾਂ ਸਭ ਕੁਝ ਸੁਣ ਸਕਦੀਆਂ ਹਨ ਪਰ ਆਪਣੀਆਂ ਗੋਲ-ਗੋਲ ਫੁੱਲੀਆਂ ਹੋਈਆਂ ਰੋਟੀਆਂ ਦੇ ਬਾਰੇ ਵਿੱਚ ਕਦੇ ਕੁੱਝ ਬੁਰਾ ਨਹੀਂ ਸੁਣ ਸਕਦੀਆਂ। ਛੋਟਾ ਜਾਣਦਾ ਸੀ ਇਸ ਗੱਲ ਨੂੰ। ਇਕ ਦਮ ਬੋਲਿਆ "ਬਿਲਕੁੱਲ ਠੀਕ ਕਿਹਾ ਮੰਮਾ ਤੁਸੀ" ਭਾਵੇਂ ਕਿੰਨਾ ਵੀ ਸ਼ਰਾਰਤੀ ਹੋਵੇ ਪਰ ਮਾਂ ਦੇ ਬਚਾ ਲਈ ਹਮੇਸ਼ਾ ਉਹੀ ਅੱਗੇ ਆਉਂਦਾ ਹੈ।

"ਮੰਮਾ ਦਾ ਸਪੂਨ" ਵੱਡਾ ਹੱਥ ਦੇ ਚਮਚੇ ਨੂੰ ਹਿਲਾਉਂਦਾ ਛੋਟੇ ਨੂੰ ਅੱਖ ਦਿਖਾਉਂਦਾ ਬੋਲਿਆ।

"ਹਾਂ ਹਾਂ ਸਪੂਨ ਦੀ ਹਿੰਦੀ ਸਿਖ ਲੈ ਪਹਿਲਾਂ ਫਿਰ ਬੋਲਣਾ"

ਇਸ ਸਭ ਕੁਝ ਤੋਂ ਬੇਖਬਰ ਪ੍ਰਵੀ ਅਖਬਾਰੀ ਖਬਰਾਂ ਵਿੱਚ ਉਲਝੇ ਸਨ। ਮੈਂ ਸਭ ਨੂੰ ਖਾਣਾ ਖੁਆਵਾਂ ਅਤੇ ਆਪਣੇ ਹੀ ਘਰ ਵਿੱਚ ਰਹਿ ਰਹੇ ਇੱਕ ਮੈਂਬਰ ਨੂੰ ਪੁੱਛਾਂ ਵੀ ਨਾ, ਇਉਂ ਤਾਂ ਮਨ ਮੰਨਦਾ ਹੀ ਨਹੀਂ ਸੀ। ਅੱਜ ਹੀ ਨਹੀਂ ਜਦੋਂ ਦਾ ਉਹ ਆਇਆ ਹੈ ਉਦੋਂ ਤੋਂ ਮੈਂ ਇਸ ਸ਼ਸ਼ੋਪੰਜ ਵਿਚੋਂ ਲੰਘ ਰਹੀ ਹਾਂ।

"ਪ੍ਰਵੀ ਸੁਣੋ" ਬੱਚਿਆਂ ਦੇ ਪਾਪੇ ਦਾ ਸਮਰਥਨ ਲੈਣਾ ਜਰੂਰੀ ਹੋ ਗਿਆ ਸੀ ਹੁਣ।

"ਹਾਂ ਸਭ ਸੁਣ ਰਿਹਾ ਹਾਂ, ਆਖਿਰ ਕਿਉਂ ਚਿੰਤਾ ਕਰਦੀ ਹੈਂ ਏਨੀ" ਨੱਕ ਦੇ ਹੇਠਾਂ ਉਤਰੇ ਹੋਏ ਚਸ਼ਮੇ ਨੂੰ ਠੀਕ ਕਰਦੇ ਹੋਏ ਬੋਲੇ ਪ੍ਰਵੀ।

"ਚਿੰਤਾ ਨਹੀਂ ਮੈਂ ਤਾਂ ਬਸ..... "

ਮੇਰੀ ਗੱਲ ਪੂਰੀ ਨਹੀਂ ਹੋਣ ਦਿੱਤੀ ਪ੍ਰਵੀ ਨੇ, ਵਿਚੋਂ ਹੀ ਕੱਟ ਦਿੱਤੀ "ਇਹ ਜਵਾਨ ਲੋਕ ਹਨ ਆਪਣੀ ਦੁਨੀਆ ਵਿੱਚ ਮਸਤ ਰਹਿੰਦੇ ਹਨ। ਉਨ੍ਹਾਂ ਨੂੰ ਇਕੱਲੇ ਰਹਿਣਾ ਚੰਗਾ ਲੱਗਦਾ ਹੈ।" ਪ੍ਰਵੀ ਹਰ ਸ਼ਬਦ ਨੂੰ ਚਬਾ-ਚਬਾ ਕੇ ਬੋਲ ਰਹੇ ਸਨ। ਇਹ ਸ਼ਾਇਦ ਮੈਨੂੰ ਚੁਪ ਰਹਿਣ ਦਾ ਇਸ਼ਾਰਾ ਸੀ।

"ਪਰ ਪ੍ਰਵੀ ਉਹ ਸਾਡੀ ਦੁਨੀਆ ਵਿੱਚ ਹੈ ਹੁਣ। ਸਾਡੇ ਘਰ ਦਾ ਇੱਕ ਕਮਰਾ ਉਸਦਾ ਘਰ ਹੈ। ਆਪਣੇ ਬੱਚਿਆਂ ਤੋਂ ਘੱਟ ਥੋੜਾ ਹੈ। ਉਹ ਵੀ ਕਿਸੇ ਦਾ ਬੱਚਾ ਹੈ। ਉਸਦੀ ਵੀ ਮਾਂ ਹੋਵੇਗੀ ਜੋ ਰੋਜ ਉਸਨੂੰ ਪੁੱਛਦੀ ਹੋਵੇਗੀ "ਖਾਣਾ ਖਾਧਾ ਕਿ ਨਹੀਂ...."

ਪ੍ਰਵੀ ਦੀ ਵੱਡੀਆਂ ਹੁੰਦੀਆਂ ਅੱਖਾਂ ਅਤੇ ਗਰਦਨ ਨੂੰ ਹਿਲਾਉਂਦਾ ਚਿਹਰਾ ਕਹਿ ਰਿਹਾ ਸੀ ਕਿ-"ਬਸ ਬਹੁਤ ਹੋ

ਗਿਆ ਬੰਦ ਕਰੋ ਹੁਣ।"

ਚੁਪ ਹੋਣ ਦੇ ਇਲਾਵਾ ਕੋਈ ਚਾਰਾ ਨਹੀਂ ਬਚਿਆ ਤਾਂ ਚੁਪਚਾਪ ਆਪਣੇ ਲਈ ਖਾਣਾ ਪਰੋਸ ਲਿਆ ਮੈਂ। ਪਰ ਗਲੇ ਤੋਂ ਥੱਲੇ ਨਹੀਂ ਉਤਰੀ ਬੁਰਕੀ। ਇੱਕ ਵਾਰ ਪੁੱਛਣ ਦੇ ਬਾਅਦ ਜੇਕਰ ਉਹ ਮਨਾ ਕਰ ਦੇਵੇ ਤਾਂ ਕੋਈ ਗੱਲ ਨਹੀਂ ਪਰ ਇਹ ਤਾਂ ਪੁੱਛਣ ਵੀ ਨਹੀਂ ਦਿੰਦੇ। ਮੈਂ ਇਕੱਲੀ ਇੱਕ ਪਾਸੇ ਦੂਜੇ ਪਾਸੇ ਇਹ ਤਿੰਨੋ। ਇਸ ਸਮੇਂ ਤਾਂ ਕੋਈ ਸੁਣਨ ਵਾਲਾ ਨਹੀਂ ਹੈ, ਚੁਪ ਰਹਿਣ ਵਿੱਚ ਹੀ ਭਲਾਈ ਹੈ।

ਚੁਪ ਤਾਂ ਕਰਾ ਦਿੰਦੇ ਹਨ ਸਾਰੇ ਮੈਨੂੰ ਪਰ ਮੇਰੇ ਅੰਦਰ ਚੱਲ ਰਹੀ ਸੋਚ ਨੂੰ ਰੋਕ ਨਹੀਂ ਸਕਦੇ। ਪੜ੍ਹਿਆ-ਲਿਖਿਆ ਤਾਂ ਹੈ ਇਹ, ਚੰਗੀ ਖਾਸੀ ਨੌਕਰੀ ਵੀ ਕਰਦਾ ਹੈ। ਇੱਕ ਵਾਰ ਮੁਸਕੁਰਾ ਕੇ ਗੱਲ ਕਰ ਲਵੇ ਤਾਂ ਕੀ ਆਪਣੇ ਆਪ ਉਸਨੂੰ ਚੰਗਾ ਨਹੀਂ ਲੱਗੇਗਾ। ਮੈਂ ਕੋਈ ਉਸਦੀ ਨਿਜੀ ਜਿੰਦਗੀ ਵਿੱਚ ਤਾਂ ਦਖਲ ਦੇ ਨਹੀਂ ਰਹੀ ਸਿਰਫ ਉਸਦੀ ਥੋੜ੍ਹੀ - ਜਿਹੀ ਚਿੰਤਾ ਕਰ ਰਹੀ ਹਾਂ। ਗੱਲ ਕਰਨ ਨਾਲ ਮੂੰਹ ਦੇ ਕੀਟਾਣੂ ਵੀ ਨਿਕਲ ਜਾਂਦੇ ਹਾਂ ਅਤੇ ਮਨ ਦੇ ਵੀ। ਮਨ ਦੇ ਚੰਗੇ ਭੈੜੇ ਸਾਰੇ ਭਾਵਾਂ ਨੂੰ ਅਵਾਜ਼ ਮਿਲ ਜਾਂਦੀ ਹੈ ਤਾਂ ਦਿਲ ਦਾ ਬੋਝ ਹਲਕਾ ਹੋ ਜਾਂਦਾ ਹੈ। ਸਰੀਰ ਅਤੇ ਮਨ ਤੰਦਰੁਸਤ ਕਰਨ ਦਾ ਇਸਤੋਂ ਵਧੀਆ ਤਰੀਕਾ ਕੀ ਹੋ ਸਕਦਾ ਹੈ ਭਲਾ।

ਠੀਕ ਹੀ ਕਹਿੰਦੇ ਹਨ ਪ੍ਰਵੀ, ਇਨ੍ਹਾਂ ਨੂੰ ਇਕੱਲੇ ਰਹਿਣਾ ਪਸੰਦ ਹੁੰਦਾ ਹੈ, ਆਪਣੀ ਦਿਮਾਗੀ ਦੁਨੀਆ ਵਿੱਚ। ਪਰ ਕਿਉਂ, ਅਜੋਕੇ ਜਵਾਨ ਏਨੇ ਸੰਵੇਦਨਹੀਨ ਕਿਉਂ ਹੁੰਦੇ ਹਨ। ਅਜਿਹਾ ਕੀ ਹੈ ਇਨ੍ਹਾਂ ਦੇ ਜੀਵਨ ਵਿੱਚ ਜੋ ਇਹ ਲੋਕਾਂ ਨਾਲ ਸਾਂਝਾ ਕਰਣ ਵਿੱਚ ਕਤਰਾਉਂਦੇ ਹਨ। ਇਨ੍ਹਾਂ ਨੂੰ ਪਤਾ ਨਹੀਂ ਕਿ ਖੁਸ਼ੀ ਵੰਡਣ ਨਾਲ ਵੱਧਦੀ ਹੈ ਅਤੇ ਦੁੱਖ ਵੰਡਣ ਨਾਲ ਘੱਟ ਹੁੰਦਾ ਹੈ। ਕੀ ਵੱਡਾ ਛੋਟਾ ਵੀ ਕਿਤੇ ਜਾਂਦੇ ਹਨ ਤਾਂ ਇੰਜ ਹੀ ਰਹਿੰਦੇ ਹਨ। ਅੱਡ ਅੱਡ। ਆਪਣੇ ਆਪ ਵਿਚ ਰਹਿਣਾ ਹੀ ਨਵੀਂ ਸੰਸਕ੍ਰਿਤੀ ਹੈ ਸ਼ਾਇਦ। ਆਪਣੇ ਕੰਮ ਨਾਲ ਕੰਮ ਰਖਣਾ ਇਹ ਗੱਲ ਸੱਮਝ ਵਿੱਚ ਆਉਂਦੀ ਹੈ ਪਰ ਕਿਸੇ ਨੂੰ ਪੂਰੀ ਤਰ੍ਹਾਂ ਨਾਲ ਬੇਇੱਜਤ ਕਰੋ ਇਹ ਸੱਮਝ ਵਿੱਚ ਨਹੀਂ ਆਉਂਦਾ। ਤਕਨੀਕੀ ਤਨਾਵਾਂ ਵਿੱਚ ਜਿਉਂਦੀ ਹੈ ਇਹ ਜਵਾਨ ਪੌਦ। ਇੱਕ ਕਲਿਕ ਕਰਕੇ ਸਭ ਕੁੱਝ ਪਾਉਣ ਦੇਖਣ ਵਾਲੀ ਇਹ ਪੀੜ੍ਹੀ ਉਂਗਲੀਆਂ ਦੀਆਂ ਪੋਰਾਂ ਉੱਤੇ ਸਾਰੀ ਦੁਨੀਆ ਨੂੰ ਤਾਂ ਰੱਖਦੀ ਹੈ ਪਰ ਆਪਣੇ ਆਲੇ ਦੁਆਲੇ ਦੇ ਲੋਕਾਂ ਤੋਂ ਕੋਹਾਂ ਦੂਰ ਰਹਿੰਦੀ ਹੈ।

ਕਿਵੇਂ ਦੱਸਾਂ ਇਸਨੂੰ ਕਿ ਮੈਨੂੰ ਸਿਰਫ ਪੈਸੇ ਲੈ ਕੇ ਤਸੱਲੀ ਨਹੀਂ ਹੋਵੇਗੀ। ਮੈਂ ਉਸਨੂੰ ਘਰ ਵਾਲਾ ਆਪਣਾਪਣ ਦੇਣਾ ਚਾਹੁੰਦੀ ਹਾਂ। ਮੈਨੂੰ ਉਸਦੀ ਫ਼ਿਕਰ ਹੈ।

ਦਿਨ ਤੇ ਦਿਨ ਨਿਕਲਦੇ ਰਹੇ, ਸਾਡੀ ਗੱਲ ਦਾ ਸਿਲਸਿਲਾ ਸ਼ੁਰੂ ਹੀ ਨਹੀਂ ਹੋ ਰਿਹਾ ਸੀ।

ਭੁੱਲਣਾ ਚਾਹੁੰਦੀ ਸੀ ਪਰ ਮੈਂ ਭੁੱਲੀ ਨਹੀਂ। ਰਹਿ-ਰਹਿ ਕੇ ਇੱਕ ਹੀ ਗੱਲ ਮਨ ਵਿਚ ਆਉਂਦੀ ਕਿ ਘੱਟੋ ਘੱਟ ਇੱਕ ਵਾਰ ਤਾਂ ਖਾਣੇ ਬਾਰੇ ਪੁੱਛ ਲਵਾਂ। ਘਰ ਵਿੱਚ ਮਹਿਮਾਨ ਹੋਵੇ ਅਤੇ ਉਸਨੂੰ ਮੇਰੇ ਖਾਣਾ ਬਣਾਉਣ ਦੇ ਹੁਨਰ ਬਾਰੇ ਪਤਾ ਹੀ ਨਹੀਂ ਹੋਵੇ ਇਵੇਂ ਕਿਵੇਂ ਹੋ ਸਕਦਾ ਹੈ। ਇੱਕ ਦਿਨ ਅਖੀਰ ਮੈਂ ਤੈਅ ਕਰ ਹੀ ਲਿਆ ਕਿ ਉਸਨੂੰ ਭਾਰਤੀ ਖਾਣੇ ਤੇ ਬੁਲਾ ਲਵਾਂਗੇ ਤੇ ਗੱਲ ਵੀ ਹੋ ਜਾਵੇਗੀ। ਥੋੜ੍ਹੀ ਜਿਹੀ ਆਨਾਕਾਨੀ ਮਗਰੋਂ ਬੱਚੇ ਅਤੇ ਪ੍ਰਵੀ ਵੀ ਰਾਜੀ ਹੋ ਹੀ ਗਏ। ਕਈ ਦਿਨਾਂ ਦੀ ਬੇਚੈਨੀ ਸੀ। ਬਹੁਤ ਸਾਰੇ ਸਵਾਲ ਸਨ ਉਸਤੋਂ ਪੁੱਛਣ ਦੇ ਲਈ।

"ਅਖੀਰ ਉਸਨੂੰ ਪਰੇਸ਼ਾਨੀ ਕੀ ਹੈ"

"ਕੀ ਇਹੀ ਉਸਦਾ ਸੁਭਾਅ ਹੈ"

"ਜਾਂ ਫਿਰ ਸਾਡੇ ਘਰ ਵਿੱਚ ਰਹਿੰਦੇ ਹੋਏ ਉਸਨੂੰ ਕੋਈ ਤਕਲੀਫ ਹੈ"

ਆਲੂ ਦੀਆਂ ਟਿੱਕੀਆਂ ਬਣਾਈਆਂ ਮੈਂ, ਲਜੀਜ ਛੋਲੇ ਵੀ ਬਣਾਏ, ਮਸਾਲਾ ਵੀ ਘੱਟ ਪਾਇਆ ਤਾਂਕਿ ਉਸਨੂੰ ਮਿਰਚ ਨਾ ਲੱਗੇ। ਰੋਟੀ ਦਾ ਵਿਚਾਰ ਤਾਂ ਬਹੁਤ ਆਇਆ ਪਰ ਤਿੱਖੇ ਵਿਰੋਧ ਦੇ ਸਾਹਮਣੇ ਇਹ ਪ੍ਰਸਤਾਵ ਪਾਸ ਨਹੀਂ ਹੋਵੇ ਸਕਿਆ।

ਚਲੋ ਰੋਟੀ ਨਹੀਂ ਤਾਂ ਮੇਰੀ ਆਲੂ ਟਿੱਕੀ ਵੀ ਤਾਂ ਬਹੁਤ ਸਵਾਦ ਹੁੰਦੀ ਹੈ। ਉਸਦੇ ਮੂੰਹ ਵਿਚੋਂ ਵਾਹ ਨਾ ਨਿਕਲੀ ਤਾਂ ਇਸ ਹੱਥਾਂ ਦਾ ਕਰਿਸ਼ਮਾ ਹੀ ਕੀ। ਅਸੀ ਸਭ ਆਪਣਾ ਕੰਮ ਛੱਡ ਕੇ ਤਿਆਰ ਬਰ ਤਿਆਰ ਸਾਂ ਉਸਨੂੰ ਖੁਸ਼ ਕਰਨ ਦੇ ਲਈ , ਆਪਣੀ ਮਹਿਮਾਨਨਵਾਜੀ ਦੇ ਯਾਦਗਾਰੀ ਪਲ ਉਸਨੂੰ ਦੇਣ ਦੇ ਲਈ।

ਰੋਜ ਜਿਸ ਸਮੇਂ ਉਹ ਆਉਂਦਾ ਸੀ ਉਸਦੇ ਆਉਣ ਦਾ ਸਮਾਂ ਹੋਇਆ। ਕੁੱਝ ਪਲ ਗੁਜ਼ਰੇ, ਮਿੰਟ ਗੁਜ਼ਰੇ, ਘੰਟੇ ਗੁਜ਼ਰੇ। ਉਹ ਨਹੀਂ ਆਇਆ। ਸਾਡੇ ਧੀਰਜ ਦੀ ਸੀਮਾਵਾਂ ਟੁੱਟ ਚੁੱਕੀਆਂ ਸਨ। ਮੱਥਾ ਠਣਕਿਆ। ਚਲਿਆ ਤਾਂ ਨਹੀਂ ਗਿਆ। ਪੰਦਰਾਂ ਦਿਨ ਹੋ ਗਏ ਕੀ।

ਤਾਰੀਖ ਚੈਕ ਕੀਤੀ, ਅੱਜ ਉਸਦਾ ਪੰਦ੍ਰਰਵਾਂ ਦਿਨ ਸੀ। ਅਸੀਂ ਉਸਦੇ ਬਾਰੇ ਵਿੱਚ ਇੰਨਾ ਸੋਚਣ ਲੱਗੇ ਸਨ ਕਿ ਉਸਦੇ ਜਾਣ ਦੀ ਤਾਰੀਖ ਦੇ ਇਲਾਵਾ ਸਭ ਕੁੱਝ ਯਾਦ ਸੀ ਸਾਨੂੰ। ਅਸੀ ਭੱਜੇ ਉਸਦਾ ਕਮਰਾ ਦੇਖਣ ਦੇ ਲਈ। ਉਹ ਖੁੱਲ੍ਹਾ ਪਿਆ ਸੀ। ਬਿਸਤਰਾ, ਚਾਦਰ, ਸਰਾਹਣੇ ਸਭ ਉਵੇਂ ਹੀ ਸਨ ਜਿਵੇਂ ਅਸੀਂ ਉਸਨੂੰ ਦਿੱਤੇ ਸਨ। ਉਸਦਾ ਕੋਈ ਸਾਮਾਨ ਨਹੀਂ ਸੀ ਉੱਥੇ। ਸੱਚਾਈ ਸਾਡੇ ਸਾਹਮਣੇ ਸੀ, ਉਹ ਚਲਾ ਗਿਆ ਸੀ। ਅਸੀਂ ਸਭ ਇੱਕ ਦੂਜੇ ਦਾ ਮੂੰਹ ਵੇਖਦੇ ਰਹਿ ਗਏ। ਉਸਨੂੰ ਦਿੱਤੀ ਹੋਈ ਘਰ ਦੀ ਚਾਬੀ ਲੱਭਣ ਲੱਗੇ ਤਾਂ ਉਹ ਮੇਲ ਬਾਕਸ ਵਿੱਚ ਮਿਲ ਗਈ।

ਪ੍ਰਵੀ ਨੇ ਫੈਸਲਾ ਸੁਣਾ ਦਿੱਤਾ-"ਬਸ ਹੁਣ ਕਿਸੇ ਵੀ ਕਮਰੇ ਨੂੰ ਕਿਰਾਏ ਉੱਤੇ ਨਹੀਂ ਦਿੱਤਾ ਜਾਵੇਗਾ।" ਇਸ ਹਿਟਲਰੀ ਆਦੇਸ਼ ਨਾਲ ਸਭ ਤੋਂ ਜਿਆਦਾ ਬੱਚਿਆਂ ਦਾ ਜੇਬ

## ਆਜ਼ਾਦੀ ਦਿਵਸ ਬਨਾਮ ਪੰਜਾਬ ਤ੍ਰਾਸਦੀ / ਚਮਕੌਰ ਸਿੰਘ ਚਹਿਲ

ਅਣ-ਮਨੁੱਖੀ ਕੋਹਰਾਮ ਮੱਚਣ ਦੀ
ਜਦੋਂ ਖਲਾਅ 'ਚ ਹਲਚਲ ਹੋਈ
ਅੰਬਰ ਭੁੱਬਾਂ ਮਾਰ ਕੇ ਰੋ ਪਿਆ
ਧਰਤ ਦੁਹੱਤੜ ਮਾਰ ਕੇ ਰੋਈ।

ਨਾ ਕੋਈ ਅੱਜ ਔਰੰਗਾ ਏਥੇ
ਨਾ ਬਾਬਰ ਜਰਵਾਨਾ
ਨਵੇਂ ਰਹਿਬਰਾਂ ਦੀ ਟੀਰੀ ਅੱਖ ਨੇ
ਵਰਤਾਅ ਛੱਡਣੈ ਕੋਈ ਭਾਣਾ।

ਮਾਵਾਂ ਕੋਲੋਂ ਪੁੱਤਰ ਖੋਹ ਕੇ
ਛਵੀਏਂ ਟੰਗੇ ਜਾਣੇ
ਨਵੇਂ ਸਮੇਂ ਦੇ ਚੰਗੇਜ਼ ਹਲਾਕੂ
ਆ ਗਏ ਬੰਨ-ਬੰਨ ਢਾਣੇ।

ਦਰਿੰਦਿਆਂ ਹੱਥੋਂ ਹਾਮਲਾ ਧੀਆਂ ਨੂੰ
ਖ਼ੁਦ ਮਾਪਿਆਂ ਨਹੀਂ ਅਪਣਾਨਾ
ਫਰੀਦ ਨਾਨਕ ਦੀ ਧਰਤ ਦੇ ਉੱਤੇ
ਤਾਂਡਵ ਖੇਡਿਆ ਜਾਣਾ।



ਮੇਰੇ ਦਰ ਤੋ ਨਾ
ਖਾਲੀ ਪਰਤਿਆ
ਕਦੀ ਭੀ ਕੋਈ ਦਰਵਾਸਾ*
ਪੰਜ ਆਬਾਂ ਦੀ
ਧਰਤ ਕਿਉਂ ਦੇਖੇ
ਸ਼ੈਤਾਨੀ ਖੇਲ ਤਮਾਸ਼ਾ।

ਮਜ਼ਬਾਂ ਦੇ
ਖ਼ੂਨੀਂ ਖੰਜ਼ਰ ਹਿੱਕ ਮੇਰੀ ਤੇ
ਲੀਕ ਨੂੰ ਜਦ ਹੈ ਵਾਹਣਾ
ਇਉਂ ਲਗਦੈ ਜਿਉਂ ਮਤੀ ਦਾਸ ਨੂੰ
ਦੁਬਾਰਾ ਚੀਰਿਆ ਜਾਣੇ।

ਇਹ ਕੇਹੀ ਆਜ਼ਾਦੀ ਇਹ ਤਾਂ
ਤਖ਼ਤ ਦੇ ਬਦਲ ਦਾ ਤਾਣਾ ਬਾਣਾ
ਮੇਰੇ ਧੀਆਂ ਪੁੱਤਾਂ ਦੇ
ਖ਼ੂਨ ਨਾਲ ਖੇਡਿਆ ਜਾਣੈ।

ਸ਼ਾਲਾ ਐਸੀ ਆਜ਼ਾਦੀ ਲੋਕੋ
ਕਿਸੇ ਧਰਤ ਤੇ ਨਾ ਆਏ
ਭਾਈ ਜਿੱਥੇ ਭਾਈਆਂ ਦੇ
ਖ਼ੂਨ ਦੇ ਫਿਰਨ ਤਿਰਹਾਏ।


''ਚਹਿਲ''
ਆਜ਼ਾਦੀ ਮੁਬਾਰਕ ਉਨ੍ਹਾਂ ਨੂੰ
ਜਿਨ੍ਹਾਂ ਕੁੱਝ ਨਹੀਂ ਖੋਇਆ
ਮੈਂ ਇਸ ਨੂੰ ਕਿਵੇਂ ਕਹਾਂ ਆਜ਼ਾਦੀ
ਮੇਰੀ ਮਿੱਟੀ ਦਾ ਤਾਂ ਕਣ-ਕਣ
ਹੁਬਕੀਂ-ਹੁਬਕੀਂ ਰੋਇਆ।

ਖਰਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਾ ਸੀ। ਦੋਹਾਂ ਨੇ ਬੁੱਝੀਆਂ ਬੁੱਝੀਆਂ ਅੱਖਾਂ ਨਾਲ ਇੱਕ ਦੂਜੇ ਨੂੰ ਵੇਖਿਆ। ਠੀਕ ਉਨ੍ਹਾਂ ਦੇਸ਼ਾਂ ਦੀ ਤਰ੍ਹਾਂ ਜੋ ਵ੍ਹਾਇਟ ਹਾਊਸ ਵੱਲੋਂ ਆਪਣੇ ਬਾਰੇ ਵਿੱਚ ਹੋ ਰਹੀ ਘੋਸ਼ਣਾ ਸੁਣਦੇ ਹਨ ਕਿ ਫਲਾਂ-ਫਲਾਂ ਦੇਸ਼ ਦਾ ਦਾਣਾ ਪਾਣੀ ਬੰਦ।

ਮੇਰੀਆਂ ਉਤਸੁਕ ਨਜਰਾਂ ਉਸ ਕਮਰੇ ਤੱਕ ਜਾਂਦੀਆਂ ਅਤੇ ਖਾਲੀ ਹੱਥ ਪਰਤ ਆਉਂਦੀਆਂ।

ਉਹ ਕਮਰਾ ਉਸਦੇ ਕਮਰੇ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਜੋ ਹਮੇਸ਼ਾ ਉਸਦੀ ਹਾਜ਼ਰੀ ਦਾ ਅਹਿਸਾਸ ਕਰਵਾਉਂਦਾ। ਮੈਂ ਕਲਮ ਚੁੱਕੀ ਤਾਂ ਲੱਗਿਆ ਕਿ ਇਸ ਲੰਮੀ ਜਿੰਦਗੀ ਦਾ ਇੱਕ ਸਫ਼ਾ ਉਹ ਆਪਣੇ ਨਾਮ ਲਿਖ ਗਿਆ ਹੈ। ਮੈਨੂੰ ਉਸਦੇ ਲਈ ਇਹ ਪੰਨਾ ਆਪਣੀ ਸਿਆਹੀ ਨਾਲ ਭਰਨਾ ਹੋਵੇਗਾ। ਹੁਣ ਤਾਂ ਇੱਕ ਹੀ ਦਿਲੀ ਖ਼ਵਾਹਿਸ਼ ਹੈ ਕਿ ਇੱਕ ਵਾਰ, ਬਸ ਇੱਕ ਵਾਰ, ਕਿਤੇ ਜੀਵਨ ਦੇ ਕਿਸੇ ਮੋੜ ਉੱਤੇ ਉਹ ਮਿਲ ਜਾਵੇ ਤਾਂ ਪੁੱਛਾਂਗੀ ਜ਼ਰੂਰ, ਸ਼ਿਕਾਇਤ ਕਰਦੇ ਹੋਏ ਨਹੀਂ ਪਿਆਰ ਅਤੇ ਸਨੇਹ ਨਾਲ ਪੁੱਛਾਂਗੀ।

-ਮੈਨੂੰ ਇੱਕ ਵਾਰ ਦੱਸ ਕੇ ਤਾਂ ਜਾਂਦਾ।



## ਕਹਾਣੀ / ਇੱਕ ਮੁਹੱਬਤ ਇਹ ਵੀ.../ ਮਾਲਵਿੰਦਰ ਸ਼ਾਇਰ



ਜ਼ੀਨਤ ਨੇ ਸੱਚਮੁੱਚ ਹੀ ਮੇਰਾ ਮਨ ਮੋਹ ਲਿਆ ਸੀ। ਉਹ ਮੇਰੀਆਂ ਅੱਖੀਆਂ ਥਾਣੀ ਹੁੰਦੀ ਹੋਈ ਮੇਰੇ ਦਿਲ ਵਿੱਚ ਪਾਰੇ ਵਾਂਗ ਉੱਤਰ ਗਈ ਸੀ। ਮੈਂ ਉਸਦੇ ਦਿਨੇ ਵੀ ਸੁਹਾਣੇ ਖ਼ਾਬ ਦੇਖਦਾ ਰਹਿੰਦਾ। ਉਹ ਵੀ ਜਦ ਮੇਰੇ ਪਿੰਡ ਆਉਂਦੀ ਤਾਂ ਮੇਰੇ ਆਂਢ-ਗੁਆਂਢ 'ਚੋਂ ਮੇਰੀ ਸੁੱਖਸਾਂਦ ਪੁੱਛਦੀ ਰਹਿੰਦੀ ਕਿਉਂਕਿ ਮੈਂ ਪਿੰਡੋਂ ਤਾਂ ਕੀ ਆਪਣੇ ਨੇੜਲੇ ਸ਼ਹਿਰੋਂ ਵੀ ਬਾਹਰ ਇੱਕ ਯੂਨੀਵਰਸਿਟੀ ਵਿੱਚ ਜਾ ਕੇ ਪੜ੍ਹਨ ਲੱਗ ਗਿਆ ਸਾਂ। ਮੈਂ ਜਦੋਂ ਕਦੇ ਆਉਣਾ ਤਾਂ ਸਾਡਾ ਮੇਲ-ਮਿਲਾਪ ਹੋਣਾ ਨਾ-ਮੁਮਕਿਨ ਹੀ ਹੁੰਦਾ ਸੀ ਕਿਉਂਕਿ ਜ਼ਰੂਰੀ ਨਹੀਂ ਸੀ ਕਿ ਉਸ ਦਿਨ ਉਸਦਾ ਪਿੰਡ ਆਉਣਾ ਵੀ ਜ਼ਰੂਰੀ ਹੋਵੇ। ਪਰੰਤੂ ਇਹ ਗੱਲ ਵੀ ਕਿਵੇਂ ਨਾ ਕਿਵੇਂ ਮੇਰੇ ਤੱਕ ਅੱਪੜ ਜਾਂਦੀ ਕਿ ਉਹ ਮੇਰਾ ਨੇੜਿਓਂ-ਤੇੜਿਓਂ ਹਾਲ-ਚਾਲ ਪੁੱਛ ਕੇ ਗਈ ਹੈ ਜੋ ਉਸਦੇ ਮਨ ਅੰਦਰ ਮੇਰੇ ਪ੍ਰਤੀ ਪਏ ਪਿਆਰ ਦੇ ਗਲੋਟੇ ਦੀ ਪੁਸ਼ਟੀ ਕਰਦੀ, ਜਿਸਦੇ ਉਧੇੜ-ਬੁਣ ਉਸਦੇ ਅੰਦਰ ਚੱਲਣ ਦੀ ਗਵਾਹੀ ਭਰਦੇ ਸਨ।

ਵੈਸੇ ਸਾਡਾ ਦੋਨਾਂ ਦਾ ਹਾਣ-ਪ੍ਰਵਾਨ ਹੀ ਸੀ। ਜੇਕਰ ਅੱਠ-ਸੱਤ ਮਹੀਨੇ ਇੱਧਰ-ਓਧਰ ਹੋਵੇ ਵੀ ਤਾਂ ਇਹ ਵੀ ਕੋਈ ਵੱਡੀ ਗੱਲ ਨਹੀਂ ਸੀ। ਜਦੋਂ ਉਹ ਛੋਟੀ ਹੁੰਦੀ ਤਾਂ ਉਹ ਆਪਣੀ ਉਸਤਾਦ ਮਹੰਤ ਨਾਲ਼ ਮੇਰੇ ਪਿੰਡ ਆਉਂਦੀ ਤਾਂ ਮੈਂ ਨੀਝਾਂ ਨਾਲ਼ ਉਸ ਵੱਲ ਦੇਖਦਾ ਰਹਿੰਦਾ। ਲੋਹੜੇ ਦਾ ਸੁਹੱਪਣ ਸੀ ਉਸਦੇ ਕੋਲ, ਜਿਵੇਂ ਰੱਬ ਨੇ ਆਪਣੀ ਸਾਰੀ ਕਲਾਕਾਰੀ ਉਸਦੀ ਨਕਸ਼ਕਾਰੀ 'ਤੇ ਹੀ ਲਾ ਦਿੱਤੀ ਹੋਵੇ। ਵੈਸੇ ਉਸਦੀ ਉਸਤਾਦ ਮਹੰਤ ਦਾ ਵੀ ਸਾਡੇ ਘਰੇ ਸ਼ੁਰੂ ਤੋਂ ਹੀ ਆਉਣਾ-ਜਾਣਾ ਸੀ। ਉਹ ਜਦੋਂ ਆਪਣਾ ਟਾਂਗਾ ਲੈ ਕੇ ਸਾਡੇ ਦਰਾਂ 'ਤੇ ਆਪਣੀ ਟੋਲੀ ਨਾਲ਼ ਆਉਂਦੀ ਤਾਂ ਗਿੱਧੇ ਨਾਲ਼ ਆਪਣੀਆਂ ਵੰਗਾਂ ਛਣਕਾਉਂਦੀ ਅਤੇ ਪੈਰਾਂ ਦੀਆਂ ਝਾਂਜਰਾਂ 'ਚੋਂ ਸੰਗੀਤਕ ਧੁਨ ਕੱਢਦੀ ਦਰਵਾਜ਼ੇ ਦੇ ਅੰਦਰ ਵੜਦੀ ਆਖਦੀ," ਕਿੱਥੇ ਵੜ ਗਿਐਂ ਵੇ ਜ਼ੈਲਦਾਰਾ...ਲੰਬੜਦਾਰਾ ... ਵੇ ਲਾਗੇ ਦੇ ਪੱਚੀ-ਪੱਚੀ ਪਿੰਡਾਂ ਦੇ ਸਰਦਾਰਾ... ਵੇ ਨਿਕਲ ਬਾਹਰ... ਵੇਖ ਆ ਗਈ ਤੇਰੀ ਘਰਵਾਲੀ ਦੀ ਸੌਂਕਣ...। ਨਾਲ਼ ਹੀ ਤਾੜੀ ਮਾਰ ਕੇ ਆਖਦੀ,

"ਜੇ ਨਵ੍ਹੀਂ ਮੁੰਡਾ ਤੂੰ ਵਿਆਹੁਣਾ,<br>
ਤਾਂ ਤੂੰ ਜੰਮ ਲੈ ਇੱਕ ਹੋਰ<br>
ਤੇਰੇ ਆਈਏ ਲੈਣ ਵਧਾਈ,<br>
ਸੁਣ ਵੇ ਭਾਈ... ਹਾਏ ਹਾਏ।"

ਉਸਦੀ ਟੋਲੀ ਦੇ ਸਜਿੰਦੇ ਝੱਟ ਢੋਲਕ ਅਤੇ ਡਫ਼ਲੀ 'ਤੇ ਆਪਣੇ ਹੱਥ ਦੀ ਥਾਪ ਦੇ ਦਿੰਦੇ। ਇਹ ਸੁਣਕੇ ਮੇਰੀ ਮਾਂ ਜੀ ਝੱਟ ਦੇਣੇ ਬਾਹਰ ਬਣੇ ਚੌਂਕੇ 'ਚੋਂ ਮੁਸਕਰਾਉਂਦੀ ਹੋਈ ਆਵਾਜ਼ ਦੇ ਦਿੰਦੀ,

"ਲੈ, ਪ੍ਰੀਤੋ ਮਹੰਤ ਹੋਰੀਂ ਨੇ ... (ਆਵਾਜ਼ ਮਾਰਕੇ) ਨੀਂ ਮੈਂ ਆਈ ਪ੍ਰੀਤੋ...ਬਹਿ ਜਾ...(ਮੰਜੇ ਵੱਲ ਹੱਥ ਕਰ ਕੇ) ਆਹ ਮੰਜਾ ਡਾਹ ਲੈ...ਬੱਸ ਆ ਚਾਰ ਕੁ ਰੋਟੀਆਂ ਰਹਿ ਗਈਆਂ ਮੇਰੀਆਂ...ਮਖਿਆ ਇਹ ਵੀ ਥੱਪ ਲਾਂ ਪਰਾਂ... ਤੂੰ ਬੈਠ।" ਪ੍ਰੀਤੋ ਆਪਣੇ ਹੀ ਅੰਦਾਜ਼ ਵਿੱਚ ਤਾੜੀਆਂ ਪਾਉਂਦੀ ਵਿਹੜੇ 'ਚ ਗੇੜਾ ਜਿਹਾ ਕੱਢਦੀ ਤੇ ਆਪਣੀਆਂ ਸੇਲ੍ਹੀਆਂ ਨੂੰ ਮਟਕਾਉਂਦੀ ਹੋਈ ਮੇਰੀ ਮਾਂ ਜੀ ਨੂੰ ਚੌਂਕੇ ਦੀ ਕੰਧੋਲੀ ਉੱਤੋਂ ਦੀ ਆਪਣੇ ਦੁਪੱਟੇ ਦਾ ਲੜ ਉਂਗਲੀ 'ਤੇ ਘੁੰਮਾਉਂਦੀ ਹੋਈ ਆਖਦੀ,

"ਚੰਗਾ ਜਿਉਣ ਜੋਗੀਏ... ਮੈਂ ਜਾਂਦੀ ਹੋਈ ਆਊਂ...ਕਿੱਥੇ ਲਕੋਅ ਲਿਆ ਮੇਰਾ ਖ਼ਸਮ...ਹਾਏ...! ਹਾਏ ਨੀਂ...!! ਮੇਰੀਆਂ ਅੱਖੀਆਂ ਤਰਸ ਰਹੀਆਂ,ਮੇਰੇ ਯਾਰ ਬਿਨਾਂ ਦਿਲਦਾਰ ਬਿਨਾਂ... ਚੱਲ ਮੈਂ ਹੁਣ ਚੱਲੀ ਆਹ ਚਾਰ ਘਰਾਂ 'ਚੋਂ ਵਧਾਈ ਲੈਣ...ਉਨ੍ਹਾਂ ਦਾ ਸੁਨੇਹਾ ਆਇਐ...ਸਾਡੇ ਡੇਰੇ 'ਚ।"

ਉਹ ਪਿੰਡ ਦੇ ਘਰਾਂ ਦੇ ਨਾਂਅ ਲੈ-ਲੈ ਕੇ ਮੇਰੀ ਮਾਂ ਜੀ ਨੂੰ ਦੱਸਦੀ। ਅੱਗੋਂ ਮੇਰੀ ਮਾਂ ਵੀ ਆਖ ਦਿੰਦੀ,

"ਆਹੋ...ਆਹੋ ਹੈ 'ਗੇ ਆ ਓਹ...ਜਾਹ ਲੈ ਆ ਵਧਾਈ...ਚੱਲ ਆਉਂਦੀ ਹੋਈ ਆ ਜਾਵੀਂ ...ਨਾਲ਼ੇ ਮੈਂ ਵਿਹਲੀ ਹੋਜੂੰ ਓਦੋਂ ਨੂੰ ...ਨਾਲ਼ੇ ਉਹ ਵੀ ਘਰੇ ਆ ਜਾਣਗੇ (ਆਪਣੇ ਘਰਵਾਲੇ ਦਾ ਨਾਂਅ ਲਏ ਬਗੈਰ) ਖੇਤੋਂ ਗੇੜਾ ਮਾਰ ਕੇ।"

ਮੇਰੀ ਮਾਂ ਜੀ ਉਸਨੂੰ ਤੋਰ ਕੇ ਫਿਰ ਆਪਣੇ ਚੌਂਕੇ ਦੇ ਕੰਮ ਵਿੱਚ ਰੁੱਝ ਜਾਂਦੀ। ਉਹ ਆਮ ਤੌਰ 'ਤੇ ਐਤਵਾਰ ਛੁੱਟੀ ਵਾਲੇ ਦਿਨ ਹੀ ਆਉਂਦੇ ਜਿਸ ਕਰਕੇ ਮੈਂ ਵੀ ਜ਼ਿਆਦਾਤਰ ਆਪਣੇ ਘਰੇ ਹੀ ਹੁੰਦਾ। ਮੈਂ ਬੈਠਕ 'ਚ ਬੈਠਾ ਆਪਣੇ ਦਸਵੀਂ ਜਮਾਤ ਦਾ ਸਕੂਲ ਦਾ ਕੰਮ ਵਿਚਾਲੇ ਹੀ ਛੱਡ ਕੇ ਪਹਿਲਾਂ ਜਾਲ਼ੀ ਵਾਲੀ ਤਾਕੀ ਵਿੱਚ ਦੀ ਦੇਖਦਾ। ਜੇਕਰ ਮੇਰੀ ਹਮ-ਉਮਰ ਜ਼ੀਨਤ ਨਾਲ਼ ਹੁੰਦੀ ਤਾਂ ਮੈਂ ਬੈਠਕ ਦੇ ਬੂਹੇ 'ਤੇ ਆ ਟਪਕਦਾ। ਉਹ ਮੇਰੇ ਵੱਲ ਵੇਖਦੀ ਤੇ ਮੈਂ ਉਹਦੇ ਵੱਲ। ਸਾਡੇ ਦੋਹਾਂ ਦੀ ਅੱਲ੍ਹੜ ਜਿਹੀ ਤੱਕਣੀ ਦਾ ਆਦਾਨ-ਪ੍ਰਦਾਨ ਵੀ ਹੁੰਦਾ ਤੇ ਹੋਠਾਂ 'ਤੇ ਮਿੰਨੀ-ਮਿੰਨੀ ਮੁਸਕਾਣ ਵੀ ਇੱਕ ਦੂਜੇ ਨਾਲ਼ ਵਟਾਈ ਜਾਂਦੀ। ਚਾਹੇ ਦਸਵੀਂ ਜਮਾਤ ਦੇ ਮੇਰੇ ਪੇਪਰ ਬੋਰਡ ਦੇ ਸਨ ਪਰ ਜਦੋਂ ਜ਼ੀਨਤ ਨੂੰ ਵੇਖ ਲੈਂਦਾ ਫਿਰ ਮੇਰਾ ਪੜ੍ਹਨ ਨੂੰ ਦਿਲ ਨਾ ਕਰਦਾ। ਮੈਂ ਆਪਣਾ ਸਾਰਾ ਸਕੂਲ ਦਾ ਕੰਮ ਵਿਚਾਲੇ ਛੱਡ ਕੇ ਉਨ੍ਹਾਂ ਦੇ ਮਗਰ ਲੱਗ ਤੁਰਦਾ। ਜਦੋਂ ਉਹ ਕਿਸੇ ਦੇ ਘਰੇ ਵਧਾਈ ਲੈਣ ਜਾਂਦੇ ਤਾਂ ਜ਼ੀਨਤ ਬੈਠੀ ਰਹਿੰਦੀ ਅਤੇ ਪ੍ਰੀਤੋ ਢੋਲਕੀ ਅਤੇ ਡਫ਼ਲੀ ਦੀ ਤਾਲ਼ 'ਤੇ ਨੱਚ-ਨੱਚ ਕੇ ਸਭ ਨੂੰ ਖ਼ੁਸ਼ ਕਰਦੀ। ਕਈ ਵਾਰ ਢੋਲਕੀ ਤੇ ਡਫ਼ਲੀ ਵਾਲੇ ਬੜੇ ਰੰਗੀਨ ਜਿਹੇ ਗੀਤਾਂ ਦੇ ਨਾਲ-ਨਾਲ ਚੁਟਕਲੇ ਜਾਂ ਟੋਟਕੇ ਵੀ ਸੁਣਾਉਂਦੇ। ਉਹ ਪੰਜਾਬੀ ਦੇ ਕਈ ਗਾਇਕਾਂ ਦੇ ਪ੍ਰਚੱਲਿਤ ਗੀਤ ਗਾਉਂਦੇ ਅਤੇ ਕਿਸੇ ਪੜ੍ਹੇ-ਲਿਖੇ ਦੇ ਘਰੇ ਉਹ ਹਿੰਦੀ ਦੇ ਗੀਤਾਂ ਦੀਆਂ ਧੁਨਾਂ ਵੀ

ਗੁਣਗੁਣਾ ਲੈਂਦੇ ਸਨ। ਗੀਤਾਂ ਦੀ ਸ਼ੁਰੂਆਤ ਪ੍ਰੀਤੋ ਖ਼ੁਦ ਤਾੜੀ ਪਾ ਕੇ ਕਰਦੀ। ਇੱਕ ਵਾਰ ਪ੍ਰੀਤੋ ਇੱਕ ਘਰੇ ਨੱਚ ਰਹੀ ਸੀ ਅਤੇ ਮੈਂ ਪਿੰਡ ਦੇ ਲੋਕਾਂ ਦੇ ਬਣਾਏ ਗੋਲ-ਘੇਰੇ ਵਿੱਚ ਨੇਸਲ ਜਿਹਾ ਹੋਇਆ ਮੂਹਰੇ ਖੜ੍ਹਾ ਸੀ। ਪ੍ਰੀਤੋ ਗਿੱਧਾ ਪਾਉਂਦੀ-ਪਾਉਂਦੀ ਮੇਰੇ ਕੋਲ ਆਈ ਤੇ ਮੇਰੀ ਪਾਈ ਪਜ਼ਾਮੀ ਨੂੰ ਲਾਹੁਣ ਲਈ ਖਿੱਚਣ ਦਾ ਯਤਨ ਕਰਨ ਲੱਗੀ। ਉੱਥੇ ਹਾਜ਼ਰ ਸਾਰੇ ਜਣੇ ਹੱਸਣ ਲੱਗ ਪਏ ਪਰ ਜ਼ੀਨਤ ਨੇ ਬੈਠੀ ਨੇ ਆਪਣਾ ਇੱਕ ਹੱਥ ਉਤਾਂਹ ਨੂੰ ਚੁੱਕ ਲਿਆ ਅਤੇ ਦੂਜਾ ਹੱਥ ਅਪਣੀ ਹਿੱਕ 'ਤੇ ਰੱਖ ਲਿਆ ਜਿਵੇਂ ਉਸਦੇ ਦਿਲ ਵਿੱਚੋਂ ਅਚਨਚੇਤ ਇਸਦੀ ਵਿਰੋਧਤਾ ਪੈਦਾ ਹੋਈ ਹੋਵੇ...ਬੱਸ 'ਨਾਂਹ' ਉਸਦੇ ਬੁੱਲ੍ਹਾਂ ਵਿੱਚ ਹੀ ਅਟਕਿਆ ਰਹਿ ਗਿਆ। ਪਰ ਉਸਦੇ ਬੁੱਲ੍ਹਾਂ 'ਤੇ ਅਕਹਿ ਬੋਲ ਸਨ ਜੋ ਬੱਸ ਇਕੱਲੇ ਮੈਨੂੰ ਹੀ ਸੁਣਾਈ ਦਿੱਤੇ। ਉਸਦੇ ਚਿਹਰੇ ਤੋਂ ਇਕਦਮ ਰੌਣਕ ਗਾਇਬ ਹੋ ਚੁੱਕੀ ਸੀ ਜਿਸਨੇ ਮੇਰੇ ਚਿਹਰੇ ਤੋਂ ਵੀ ਮੁਸਕਾਨ ਦੀ ਲਸਰ ਗਾਇਬ ਕਰ ਦਿੱਤੀ ਸੀ। ਜਦੋਂ ਮੈਂ ਪ੍ਰੀਤੋ ਤੋਂ ਆਪਣਾ ਖਹਿੜਾ ਛੁਡਾਇਆ ਤਾਂ ਜ਼ੀਨਤ ਦੇ ਵੀ ਬੁੱਲ੍ਹਾਂ 'ਤੇ ਮੁਸਕਾਨ ਪਰਤ ਆਈ ਸੀ ਅਤੇ ਉਹ ਮੁੜ ਆਪਣੀ ਟੋਲੀ ਵੱਲੋਂ ਵਜਾਈ ਗਈ ਢੋਲਕ ਅਤੇ ਡਫ਼ਲੀ ਦੀ ਤਾਲ਼ 'ਤੇ ਗਿੱਧਾ ਪਾਉਣ ਲੱਗ ਪਈ ਸੀ।

ਪਰ ਅਫ਼ਸੋਸ ਕਿ ਹੁਣ ਜਦੋਂ ਕਦੇ ਕਿੰਨਰਾਂ ਦੀ ਟੋਲੀ ਪਿੰਡ ਵਿੱਚ ਵਧਾਈ ਖਾਤਰ ਨੱਚਣ ਆਉਂਦੀ ਤਾਂ ਜ਼ੀਨਤ ਉਨ੍ਹਾਂ ਦੇ ਨਾਲ਼ ਨਾ ਹੁੰਦੀ। ਮੇਰੇ ਅੰਦਰ ਘਰ ਕਰੀ ਬੈਠੀ ਜ਼ੀਨਤ ਲਈ ਮੇਰੀਆਂ ਨਿਗਾਹਾਂ ਬੜਾ ਤਰਸਦੀਆਂ। ਉਸ ਬਾਬਤ ਮੈਂ ਕਦੇ ਕਿਸੇ ਨੂੰ ਪੁੱਛਾਂ ਇਸ ਬਾਰੇ ਮੇਰਾ ਹੀਆ ਨਾ ਪੈਂਦਾ। ਕਦੇ ਮੈਂ ਉਸਨੂੰ ਨੱਚਦੀ ਨੂੰ ਦੇਖਿਆ ਹੋਵੇ, ਇਹ ਅਵਸਰ ਵੀ ਮੈਨੂੰ ਇੱਕ ਵਾਰੀ ਹੀ ਪ੍ਰਾਪਤ ਹੋਇਆ ਜਦੋਂ ਜ਼ੀਨਤ ਨੇ ਮੇਰੇ ਤਾਏ ਦੇ ਮੁੰਡੇ ਦੇ ਵਿਆਹ 'ਤੇ ਦਿਲ ਖੋਲ੍ਹ ਕੇ ਗੀਤ ਗਾਏ ਨਾਲ਼ੇ ਬੋਲੀਆਂ ਪਾਈਆਂ। ਜਦੋਂ ਉਸਨੇ ਮੈਨੂੰ ਪਰਖਣ ਲਈ 'ਮਲਕੀ-ਕੀਮਾ' ਗੀਤ ਗਾਇਆ ਤਾਂ ਮੇਰੇ ਮਨ ਵਿੱਚ ਵੀ ਲੂਹਰੀ ਜਿਹੀ ਉੱਠ ਖੜ੍ਹੀ ਹੋਈ। ਮੈਂ ਲੋਰ ਵਿੱਚ ਆ ਕੇ ਖੜ੍ਹਾ-ਖੜ੍ਹਾ ਉਸ ਨਾਲ਼ ਨੱਚਣ ਲੱਗ ਪਿਆ।

''ਮਲਕੀ ਖੂਹ ਦੇ ਉੱਤੇ ਭਰਦੀ ਪਈ ਸੀ ਪਾਣੀ,
ਕੀਮਾ ਕੋਲ ਆ ਕੇ ਬੇਨਤੀ ਗੁਜ਼ਾਰੇ,
ਲੰਮਾਂ ਪੈਂਡਾ ਰਾਹੀ ਮਰ 'ਗੇ ਨੀਂ ਪਿਆਸੇ,
ਛੰਨਾਂ ਪਾਣੀ ਦਾ ਇੱਕ ਦੇ-ਦੇ ਨੀਂ ਮੁਟਿਆਰੇ,
ਓ ਉੱਡਦੇ ਉੱਡਦੇ ਭੌਰ ਆ ਗਏ ਨੀਂ ਪ੍ਰਦੇਸੀ,
ਤੇਰੇ ਜੋਬਨਾਂ ਦੇ ਲੈਣ ਨੀਂ ਨਜ਼ਾਰੇ....।''*

ਇਸ ਗੀਤ ਵਿੱਚ ਅਸੀਂ ਦੋਨੋਂ ਜਣੇ ਨੱਚਦੇ- ਨੱਚਦੇ ਗੁਆਚ ਜਿਹੇ ਗਏ। ਸਾਡੇ ਘਰਦਿਆਂ ਅਤੇ ਲੋਕਾਂ ਦੇ ਕਹਿਣ 'ਤੇ ਅਸੀਂ ਇਸ ਗੀਤ 'ਤੇ ਤਿੰਨ-ਚਾਰ ਵਾਰ ਗਰੁੱਪ ਨਾਚ ਕੀਤਾ ਜਿਸਦੀ ਖ਼ੂਬ ਪ੍ਰਸ਼ੰਸਾ ਵੀ ਹੋਈ ਅਤੇ ਉਸ 'ਤੇ ਵੇਲ ਵੀ ਬਹੁਤ ਹੋਈ ਜਿਸ ਕਰਕੇ ਮਹੰਤਾਂ ਦੀ ਇਸ ਟੋਲੀ ਨੂੰ ਬਹੁਤ ਪੈਸੇ ਬਣੇ। ਮੇਰੇ ਵਾਂਗ ਉਹ ਵੀ ਮੇਰੇ ਨਾਲ਼ ਨੱਚ ਕੇ ਖ਼ੂਬ ਖ਼ੁਸ਼ੀ ਮਹਿਸੂਸ ਕਰਦੀ ਲੱਗ ਰਹੀ ਸੀ। ਪਰ ਇਸ ਤੋਂ ਬਾਅਦ ਉਹ ਗਾਇਬ ਜਿਹੀ ਹੀ ਹੋ ਗਈ। ਹੁਣ ਉਸਦੀ ਸੋਹਣੀ ਤਸਵੀਰ ਹੀ ਸੀ ਜੋ ਮੇਰੇ ਦਿਲ ਦੇ ਫਰੇਮ ਵਿੱਚ ਫਿੱਟ ਹੋ ਚੁੱਕੀ ਸੀ। ਉਹ ਮੇਰੇ ਅੰਤਰ-ਮਨ ਦੀਆਂ ਤਾਰਾਂ ਨਾਲ਼ ਵੀ ਜੁੜ ਚੁੱਕੀ ਸੀ। ਜਦੋਂ ਮੈਂ ਕਦੇ ਰਾਹੇ-ਬਗਾਹੇ ਢੋਲਕ ਦੀ ਆਵਾਜ਼ ਸੁਣਦਾ ਤਾਂ ਝੱਟ ਉਸਦੀ ਤਸਵੀਰ ਮੇਰੀਆਂ ਅੱਖ ਮੂਹਰੇ ਆ ਖੜ੍ਹਦੀ। ਮੈਂ ਢੋਲਕ ਦੀ ਆਵਾਜ਼ ਵੱਲ ਨੂੰ ਦੌੜਦਾ। ਜਦੋਂ ਉਹ ਉੱਥੇ ਨਾ ਦਿੱਸਦੀ ਤਾਂ ਮੈਂ ਮਾਯੂਸ ਜਿਹਾ ਹੋ ਕੇ ਵਾਪਸ ਮੁੜ ਆਉਂਦਾ।

ਸਮਾਂ ਬੀਤਦਾ ਗਿਆ ਮੈਂ ਸਕੂਲੀ ਪੜ੍ਹਾਈ ਪੂਰੀ ਕਰਕੇ ਕਾਲਜ ਦੀ ਪ੍ਰੈਪ (ਪ੍ਰੀ-ਯੂਨੀਵਰਸਿਟੀ) ਵਿੱਚ ਪ੍ਰਵੇਸ਼ ਕਰ ਲਿਆ ਸੀ। ਕਾਲਜ ਵਿੱਚ ਮੈਂ ਪੜ੍ਹਾਈ ਦੇ ਨਾਲ਼-ਨਾਲ਼ ਭੰਗੜਾ ਅਤੇ ਇਸਦੀਆਂ ਹੋਰ ਵਿਧਾਵਾਂ ਜਿਵੇਂ ਕਿ ਲੁੱਡੀ, ਝੂਮਰ ਤੇ ਗਰੁੱਪ-ਡਾਂਸ ਆਦਿ ਵਿੱਚ ਵੀ ਭਾਗ ਲੈਣਾ ਸ਼ੁਰੂ ਕਰ ਦਿੱਤਾ। ਮੈਨੂੰ ਜਾਪਦਾ ਸੀ ਕਿ ਜਿਵੇਂ ਮੇਰੇ ਕਦਮਾਂ ਨੂੰ ਤਾਲ਼ ਅਤੇ ਰਿਦਮ ਤਾਏ ਦੇ ਮੁੰਡੇ ਦੇ ਵਿਆਹ ਦੀ ਵਧਾਈ ਵਾਲੇ ਦਿਨ 'ਤੇ ਜ਼ੀਨਤ ਨਾਲ਼ ਗਾਏ ਗੀਤ 'ਮਲਕੀ-ਕੀਮਾਂ' ਨੇ ਹੀ ਬਖ਼ਸ਼ੇ ਹੋਣ। ਜਦੋਂ ਮੈਂ ਗਰੁੱਪ-ਡਾਂਸ ਵਿੱਚ ਆਪਣੀ ਜੋਟੀਦਾਰ ਫੀਮੇਲ ਡਾਂਸਰ ਨਾਲ਼ ਅੱਖਾਂ ਵਿੱਚ ਅੱਖਾਂ ਪਾ ਕੇ ਬੜੀ ਰੂਹਦਾਰੀ ਨਾਲ਼ ਫੁੱਲ ਵਾਂਗ ਖਿੜਿਆ-ਖਿੜਿਆ ਨਾਚ ਕਰਦਾ ਤਾਂ ਮੈਨੂੰ ਅਧਿਆਪਕ ਸਹਿਬਾਨਾਂ ਅਤੇ ਕੋਚ ਨੇ ਆਖਣਾ,

''ਸ਼ਾਬਾਸ਼ ! ਹਰਕੀਰਤ...ਸ਼ਾਬਾਸ਼...!! ਬਹੁਤ ਖ਼ੂਬ...ਵੈੱਲ ਡਨ !!!''

ਸਾਡੇ ਸਮੂਹ-ਨਾਚ ਨੂੰ ਲੈ ਕੇ ਸਭ ਨੇ ਤਰੀਫ਼ਾਂ ਦੇ ਪੁਲ ਬੰਨ੍ਹ ਦੇਣੇ। ਮੇਰੀ ਜੋਟੀਦਾਰ ਫੀਮੇਲ ਡਾਂਸਰ ਵੀ ਅਸਲ ਵਿੱਚ ਮੇਰੇ ਨਾਲ਼ ਖੁੱਲ੍ਹ ਕੇ ਨੱਚਦੀ ਸੀ। ਉਸਦੇ ਨੈਣ-ਨਕਸ਼ ਤੇ ਰੰਗ-ਰੂਪ ਹੂ-ਬ-ਹੂ ਜ਼ੀਨਤ ਜਿਹਾ ਸੀ। ਬੱਸ ਫਰਕ ਸੀ ਡੀਲ-ਡੌਲ ਤੇ ਕੱਦ-ਕਾਠ ਦਾ, ਕਿਉਂਕਿ ਜ਼ੀਨਤ ਕੋਲ ਇਹ ਖ਼ਜ਼ਾਨਾ ਕਰਤਾਰੀ ਸੀ। ਲੰਮਾ-ਲੰਝਾ ਕੱਦ ਤੇ ਸਡੌਲ ਸਰੀਰ। ਉਸ ਕੁੜੀ ਦਾ ਮੇਰੇ ਨਾਲ਼ ਖੁੱਲ੍ਹ ਕੇ ਨੱਚਣ ਦਾ ਸਬੱਬ ਮੇਰੀ ਸੂਝ ਤੋਂ ਪਰੇ ਸੀ ਪਰ ਮੇਰਾ ਉਸ ਨਾਲ ਦਿਲੋਂ ਨੱਚਣਾ ਜ਼ੀਨਤ ਨੂੰ ਉਸਦੇ ਜਿਸਮ ਅੰਦਰੋਂ ਤਲਾਸ਼ਣਾ ਹੀ ਸੀ।

ਕਾਲਜ ਦੀ ਪੜ੍ਹਾਈ ਤੋਂ ਬਾਅਦ ਮੈਂ ਯੂਨੀਵਰਸਿਟੀ ਦੇ ਮਹੌਲ ਵਿੱਚ ਰੰਗਿਆ ਗਿਆ ਪਰ ਜ਼ੀਨਤ ਕਦਮ-ਦਰ-ਕਦਮ ਮੇਰੇ ਨਾਲ਼ ਪਰਛਾਵੇਂ ਵਾਂਗ ਰਹੀ। ਮੈਨੂੰ ਯੂਨੀਵਰਸਿਟੀ ਦੀ ਇੱਕ ਮੁਹੱਬਤ ਕਰਨ ਵਾਲੀ ਲੜਕੀ ਨੇ ਇੱਕ ਵਾਰ ਨਹੀਂ ਬਲਕਿ ਗੱਲਾਂ-ਗੱਲਾਂ ਵਿੱਚ ਕਈ ਵਾਰ ਕਿਹਾ ਸੀ,

''ਦੇਖ ਹਰਕੀਰਤ...ਮੈਂ ਤੈਨੂੰ ਏਨਾ ਪਿਆਰ ਕਰਦੀ ਹਾਂ ਪਰ ਤੂੰ ਫਿਰ ਵੀ ਗੁੰਮਿਆਂ- ਗੁੰਮਿਆਂ ਜਿਹਾ, ਮੇਰਾ ਮਤਲਬ ਗੰਭੀਰ ਜਿਹਾ ਰਹਿਨੈ...ਤੂੰ ਮੈਨੂੰ ਖੁੱਲ੍ਹ ਕੇ ਕਿਉਂ ਨ੍ਹੀਂ

ਦੱਸਦਾ...।''

ਮੇਰਾ ਉਸਨੂੰ ਹਰ ਵਾਰ ਇਹੋ ਹੀ ਜਵਾਬ ਹੁੰਦਾ,

''ਕੁੱਝ ਨਹੀਂ ... ਬੱਸ ਇੱਕ ਜ਼ੀਨਤ ਨਾਂਅ ਹੈ ਜੋ ਮੇਰੇ ਧੁਰ ਅੰਦਰ ਤਾਈਂ ਉੱਤਰਿਆ ਹੋਇਆ ਐ ਬਚਪਨ ਤੋਂ ... ਬੱਸ ਇੱਕੋ ਨਾਂਅ ਹੈ...ਜ਼ੀਨਤ।''

ਚਾਹੇ ਉਹ ਮੁਹੱਬਤ ਵਾਲੀ ਕੁੜੀ ਬਾਅਦ ਵਿੱਚ ਮੇਰੀ ਜੀਵਨ-ਸਾਥਣ ਬਣ ਗਈ ਸੀ ਪਰ ਉਸਦਾ ਅਤੇ ਜ਼ੀਨਤ ਦਾ ਮੇਰੇ ਮਨ ਮਸਤਿਕ ਵਿੱਚ ਉੱਤਰਨ ਦਾ ਜ਼ਮੀਨ-ਅਸਮਾਨ ਦਾ ਫਰਕ ਸੀ। ਜ਼ੀਨਤ ਚਾਹੇ ਇੱਕ ਕਿੰਨਰ ਸੀ ਪਰ ਉਸਦੇ ਅਤੇ ਮੇਰੀ ਲੜਕੀ ਮਹਿਬੂਬਾ ਕਮ ਜੀਵਨ-ਸਾਥਣ ਦੇ ਆਕ੍ਰਸ਼ਿਣ ਵਿੱਚ ਵੀ ਬਹੁਤ ਅੰਤਰ ਸੀ। ਜਿਵੇਂ ਕਿ ਜ਼ੀਨਤ ਦੀ ਪਹਿਲੀ ਤੱਕਣੀ ਨੇ ਹੀ ਮੈਨੂੰ ਸੰਮੋਹਨ ਕਰ ਲਿਆ ਸੀ ਪਰ ਮੇਰੀ ਲੜਕੀ ਮਹਿਬੂਬਾ ਦਾ ਮੇਰੇ ਨਾਲ਼ ਕਈ ਮੁਲਾਕਾਤਾਂ ( ਡੇਟਿੰਗਜ਼) ਤੋਂ ਬਾਅਦ ਮੇਰੇ ਦਿਲ ਵਿੱਚ ਉੱਤਰਨਾ ਨਸੀਬ ਹੋਇਆ। ਕਈ ਕੌਫ਼ੀ ਹੱਟ, ਹੋਟਲ,ਮੋਟਲ, ਜ਼ਿਆਦਾ ਨੇੜੇ-ਤੇੜੇ ਦੇ ਦੇਖਣਯੋਗ ਸਥਾਨ ਆਦਿ ਘੁੰਮਣੇ ਪਏ। ਪਰ ਜ਼ੀਨਤ ਨੇ ਪਹਿਲੀ ਤੱਕਣੀ ਵਿੱਚ ਹੀ ਮੇਰਾ ਸਭ ਕੁੱਝ ਲੁੱਟ ਲਿਆ ਸੀ। ਮੇਰੀ ਜੀਵਨ-ਸਾਥਣ ਬਣਨ ਤੋਂ ਬਾਅਦ ਵੀ ਕਈ ਵਾਰ ਮੁਹੱਬਤ ਵਾਲੀ ਲੜਕੀ ਦਾ ਮੈਨੂੰ ਸਵਾਲ ਬੜਾ ਟੇਢਾ ਤੇ ਸ਼ੱਕ ਭਰਪੂਰ ਹੁੰਦਾ,

''ਹਰਕੀਰਤ... ਤੂੰ ਮੇਰੇ ਲਈ ਕਾਹਨੂੰ ਪ੍ਰੇਸ਼ਾਨ ਹੋਣਾ ਸੀ...ਤੂੰ ਜ਼ੀਨਤ ਨੂੰ ਹੀ ਅਪਣਾ ਸਦਾ ਲਈ ਬਣਾ ਲੈਣਾ ਸੀ...।''

ਮੈਂ ਉਸਦੇ ਟੇਢੇ ਤੇ ਤਲ਼ਖ ਭਰੇ ਇਸ ਸਵਾਲ ਦੇ ਜਵਾਬ 'ਤੇ ਹੱਸਣਾ ਜਾਂ ਮੁਸਕਰਾਉਣਾ ਹੀ ਮੁਨਾਸਿਬ ਸਮਝਦਾ। ਚਾਹੇ ਮੈਂ ਆਪਣੇ ਵਿਆਹ ਦੀਆਂ ਰਸਮਾਂ ਵੀ ਯੂਨੀਵਰਸਿਟੀ ਪੜ੍ਹਦਿਆਂ ਬਿਨਾਂ ਕਿਸੇ ਰੀਤੀ-ਰਿਵਾਜ਼ਾਂ ਤੋਂ ਘਰਦਿਆਂ ਦੀ ਸਹਿਮਤੀ ਨਾਲ਼ ਉੱਥੇ ਹੀ ਕਰ ਲਈਆਂ ਸਨ ਪਰ ਮੇਰਾ ਪਿੰਡ ਦੀ ਮਿੱਟੀ ਨਾਲ਼ ਜੁੜਿਆ ਰਹਿਣਾ ਵੀ ਸੁਭਾਵਿਕ ਹੀ ਸੀ ਕਿਉਂਕਿ ਸਾਰਾ ਸ਼ਰੀਕਾ-ਕਬੀਲਾ, ਜ਼ਮੀਨ-ਜਾਇਦਾਦ ਸਭ ਪਿੰਡ ਹੀ ਸਨ। ਮੈਂ ਅਤੇ ਮੇਰੇ ਪਰਿਵਾਰ ਨੇ ਸ਼ਰੀਕੇ ਅਤੇ ਰਿਸ਼ਤੇਦਾਰਾਂ ਨਾਲ਼ ਵੀ ਮੂੰਹ-ਮੁਲਾਹਜ਼ਾ ਰੱਖਣਾ ਸੀ ਜਿਸ ਕਾਰਨ ਘਰ ਵਿੱਚ ਇੱਕ ਪਾਰਟੀ ਦਾ ਆਯੋਜਨ ਕਰਨਾ ਉਨ੍ਹਾਂ ਨੇ ਜ਼ਰੂਰੀ ਸਮਝਿਆ। ਜਦੋਂ ਮੈਂ ਆਪਣੇ ਵਿਆਹ ਤੋਂ ਬਾਅਦ ਹੁਣ ਪਹਿਲੀ ਵਾਰ ਘਰੇ ਪਹੁੰਚਿਆ ਤਾਂ ਮੈਨੂੰ ਨਹੀਂ ਸੀ ਪਤਾ ਕਿ ਕੌਣ-ਕੌਣ ਮੇਰਾ ਬੇਸਬਰੀ ਨਾਲ਼ ਇੰਤਜ਼ਾਰ ਕਰ ਰਿਹਾ ਹੈ ? ਮੇਰੇ ਅਤੇ ਮੇਰੀ ਜੀਵਨ-ਸਾਥਣ ਦੇ ਦਰਵਾਜ਼ੇ ਵੜਦਿਆਂ ਹੀ ਢੋਲਕੀ 'ਤੇ ਥਾਪ ਦੇ ਨਾਲ਼-ਨਾਲ਼ ਡਫ਼ਲੀ ਤੇ ਛੈਣਿਆਂ ਵਿਚਦੀ ਇੱਕ ਦਿਲ ਟੁੰਬਵੀਂ ਆਵਾਜ਼ ਮੇਰੇ ਕੰਨਾਂ ਤੱਕ ਆਈ,

''ਇਹ ਦਿਨ ਸ਼ਗਨਾਂ ਦਾ,
ਆਇਆ ਜ਼ੈਲਦਾਰਾ ਵੇ ਤੇਰੇ,
ਵੇ ਨੌ-ਲੱਖਾ ਹਾਰ ਮੰਗਦੇ,
ਵੇਖ ਹੱਥ ਵੇ ਚੌਧਰੀਆ ਮੇਰੇ...।''

ਜਦੋਂ ਮੈਂ ਆਪਣੀਆਂ ਪਲ਼ਕਾਂ ਨੂੰ ਉਠਾ ਕੇ ਦੇਖਿਆ ਤਾਂ ਸ੍ਹਾਮਣੇ ਇੱਕ ਜੋਬਨ ਦੀ ਬਹਾਰ ਨਾਲ਼ ਮਹਿਕ ਰਿਹਾ ਖ਼ੂਬਸੂਰਤ ਜਿਸਮ ਸੀ...ਮੈਂ ਝੱਟ ਪਛਾਣਦਿਆਂ ਕਿਹਾ,

''ਜ਼ੀਨਤ...।'' ਇਹ ਮੇਰੀ ਧੁਰ ਅੰਦਰੋਂ ਨਿਕਲੀ ਆਵਾਜ਼ ਸੀ। ਜ਼ੀਨਤ ਵੀ ਮੈਨੂੰ ਪਹਿਚਾਣ ਦਿਆਂ ਝੱਟ ਬੋਲੀ,

''ਹਰਕੀਰਤ...।'' ਇਹ ਕਹਿ ਕੇ ਉਸਦੀਆਂ ਪੱਥਰਾਈਆਂ ਅੱਖਾਂ ਵਿੱਚ ਜਾਨ ਭਰ ਗਈ ਸੀ। ਉਹ ਘਰ ਦੇ ਵਿਹੜੇ ਵਿੱਚ ਹੋਏ ਇਕੱਠ ਦੇ ਵਿਚਦੀ ਮੇਰੇ ਕੋਲ ਆਈ ਤੇ ਆਪਣੀ ਇੱਕ ਬਾਂਹ ਦਾ ਕਲਾਵਾ ਜਿਹਾ ਬਣਾ ਕੇ ਮੈਨੂੰ ਆਪਣੇ ਸੀਨੇ ਨਾਲ਼ ਲਾਉਂਦੀ ਨੇ ਆਪਣੀ ਸਿੱਧ-ਪੱਧਰੀ ਬੋਲੀ 'ਚ ਕਿਹਾ,

''ਵੇ ਜੈ-ਖਾਣਿਆਂ ਮੈਂ ਜਦੋਂ ਏਥੇ ਤੇਰੇ ਪਿੰਡ ਆਵਾਂ ਤੇਰੀ ਸੁੱਖਸਾਂਦ ਪੁੱਛ ਕੇ ਜਾਨੀਂ ਆਂ...ਬਾਕੀ ਤੇਰੀਆਂ ਵੇ ਬੱਸ ਤੂੰ ਜਾਣਦੈਂ।''

''ਮੈਂ ਵੀ ਜ਼ੀਨਤ ਤੈਨੂੰ ਬਹੁਤ ਯਾਦ ਕਰਦਾ ਹਾਂ...ਨਹੀਂ ਯਕੀਨ ਤਾਂ (ਆਪਣੀ ਜੀਵਨ ਸਾਥਣ ਵੱਲ ਹੱਥ ਕਰਦਿਆਂ) ਇਸ ਨੂੰ ਪੁੱਛ ਲੈ...ਮੇਰਾ ਪਹਿਲਾ ਪਿਆਰ ਤਾਂ ਤੂੰ ਹੀ ਏਂ ਜ਼ੀਨਤ...ਬੱਸ ਤੂੰ ਹੀ...।''

''ਝੱਲਿਆ ਪਿਆਰ ਸਰੀਰਾਂ ਨਾਲ਼ ਨਹੀਂ ਨਿਭਦੇ...(ਆਪਣੀ ਹਿੱਕ 'ਤੇ ਦਿਲ ਵਾਲੇ ਪਾਸੇ ਹੱਥ ਮਾਰਦਿਆਂ)...ਏਥੋਂ ਨਿਭਦੇ ਆ... ਏਥੋਂ...।'' ਉਹ ਬੜੀ ਜਜ਼ਬਾਤੀ ਜਿਹੀ ਹੋ ਗਈ।

ਉਸਦੀ ਆਵਾਜ਼ ਵਿੱਚ ਲੋਹੜੇ ਦਾ ਪਿਆਰ ਸੀ। ਉਸਦੀ ਬੋਲੀ ਵਿੱਚ ਮਣਾ-ਮੂੰਹੀਂ ਸਤਿਕਾਰ ਸੀ ਪਰ ਉਹ ਮੇਰੇ ਵਾਂਗ ਹੀ ਕੁੱਝ ਕਰਨ ਵਿੱਚ ਅਸਮਰੱਥ ਸੀ। ਉਸਨੇ ਸਿੱਲ੍ਹੀਆਂ ਪਲ਼ਕਾਂ ਨਾਲ਼ ਆਪਣੇ ਚਿਹਰੇ 'ਤੇ ਮੁਸਕਾਣ ਬਰਕਰਾਰ ਰੱਖਦਿਆਂ ਕਿਹਾ,

''ਜੀਵੇਂ ਵੇ ਜੀਵੇਂ,
ਕਰਮਾਂ ਵਾਲੜਿਆ।
ਤੇਰਾ ਜੀਵੇ ਵੇ ਜੀਵੇ ਘਰਬਾਰ,
ਸੁਨੱਖੜੀ ਨਾਰ,
ਕਰਮਾਂ ਵਾਲੜਿਆ।
ਤੇਰੇ ਘਰ ਆਈ ਆਂ ਵੇ,
ਦੇਣ ਵਧਾਈ,
ਵਸੇ ਤੇਰੀ ਲੁਗਾਈ,
ਕਰਮਾਂ ਵਾਲੜਿਆ।''

ਉਸਨੇ ਮੇਰੀ ਅਤੇ ਮੇਰੀ ਨਵੀਂ ਬਣੀ ਦੁਲਹਣ ਦੀ ਬਾਂਹ ਵਿੱਚ ਬਾਂਹ ਫੜਾਉਂਦਿਆਂ ਮਿੱਠੀ ਜਿਹੀ ਆਵਾਜ਼ 'ਚ ਗੀਤ ਗਾਉਣਾ ਸ਼ੁਰੂ ਕੀਤਾ,

''ਮਲਕੀ ਖੂਹ ਦੇ ਉੱਤੇ ਭਰਦੀ ਪਈ ਸੀ ਪਾਣੀ,
ਕੀਮਾ ਕੋਲ ਆ ਕੇ ਬੇਨਤੀ ਗੁਜ਼ਾਰੇ...।''

ਐਨੇ ਨੂੰ ਮੇਰੇ ਤਾਏ ਦੇ ਮੁੰਡੇ ਨੇ ਘਰ ਵਿੱਚ ਲੱਗੇ ਡੀ.ਜੇ. ਤੋਂ ਇਹੋ ਗੀਤ ਲਗਾ ਦਿੱਤਾ। ਜ਼ੀਨਤ ਆਪਣੀ ਟੋਲੀ ਵਿੱਚ ਬੈਠੀ ਸੁਪਨਿਆਂ ਵਿੱਚ ਗੁਆਚ ਗਈ। ਮੈਂ ਉਸਦੀ ਬਾਂਹ ਫੜੀ 'ਤੇ ਨਾਲ਼ ਨੱਚਣ ਲਈ ਕਿਹਾ। ਉਸਨੇ ਮੇਰੇ ਤੋਂ ਆਪਣੀ ਬਾਂਹ ਛੁਡਾਈ ਅਤੇ ਮੇਰੀ ਜੀਵਨ-ਸਾਥਣ ਦੇ ਬਾਂਹ ਵਿੱਚ ਮੇਰੀ ਬਾਂਹ ਫੜਾ ਦਿੱਤੀ। ਸਾਡੇ ਮੀਆਂ-ਬੀਵੀ ਦੇ ਨੱਚਦਿਆਂ ਦੇ ਸਿਰੋਂ ਆਪਣੇ ਕੋਲੋਂ ਪੰਜ ਸੌ ਰੁਪਏ ਵਾਰ ਦਿਆਂ ਉਸਨੇ ਕਿਹਾ,

''ਵੇਲ ਵੇ ਵੇਲ,
ਕਰਮਾਂ ਵਾਲਿਆਂ ਦੇ
ਸਿਰ ਤੋਂ ਦੀ ਵੇਲ।''

ਉਸਨੇ ਮੇਰੇ ਘਰੋਂ ਮੇਰੀ ਮਾਂ ਜੀ ਅਤੇ ਪਿਤਾ ਜੀ ਤੋਂ ਆਪਣਾ ਸ਼ਗਨ ਲਿਆ ਅਤੇ ਮੇਰੇ ਵੱਲ ਵੀ ਸ਼ਗਨ ਦੇਣ ਲਈ ਇਸ਼ਾਰਾ ਕੀਤਾ। ਮੈਂ ਉਸਨੂੰ ਆਪਣੇ ਗਲ਼ 'ਚੋਂ ਸੋਨੇ ਦੀ ਡੇਢ ਤੋਲੇ ਦੀ ਚੈਨੀ ਦਿੰਦਿਆਂ ਕਿਹਾ,

''ਲਉ ਪ੍ਰਵਾਨ ਕਰੋ...ਸ਼ਗਨ ਵੀ ਤੇ ਨਿਸ਼ਾਨੀ ਵੀ...।''

ਉਸਨੇ ਮੇਰੀ ਮਾਂ ਜੀ ਵੱਲੋਂ ਸ਼ਗਨ ਦੇ ਤੌਰ 'ਤੇ ਦਿੱਤਾ ਚਾਰ ਤੋਲੇ ਸੋਨੇ ਦਾ ਟਿੱਕਾ ਮੇਰੀ ਘਰਵਾਲੀ ਨੂੰ ਦਿੰਦਿਆਂ ਕਿਹਾ,

''ਆਹ ਲੈ ਮੇਰੇ ਵੱਲੋਂ ਸ਼ਗਨ ... ਯਾਦ ਰੱਖੀਂ ਸਾਡੇ ਵੀ ਦਿਲ ਹੁੰਦੈ...।'' ਮੇਰੀ ਜੀਵਨ ਸਾਥਣ ਦੇ ਨਾਂਹ-ਨਾਂਹ ਕਰਨ ਦੇ ਬਾਵਜੂਦ ਵੀ ਜ਼ੀਨਤ ਨੇ ਉਦ੍ਹੀ ਝੋਲੀ 'ਚ ਪਾ ਦਿੱਤਾ ਅਤੇ ਮੇਰੇ ਨਾਂਹ ਨੁੱਕਰ ਕਰਦਿਆਂ ਤੋਂ ਵੀ ਉਸਨੇ ਮੈਨੂੰ ਆਪਣੀ ਉਂਗਲੀ 'ਚੋਂ ਹੀਰੇ ਜੜੀ ਅੰਗੂਠੀ ਲਾਹ ਕੇ ਫੜਾ ਦਿੱਤੀ । ਮੇਰੇ ਮਾਤਾ ਪਿਤਾ ਨੇ ਵੀ ਉਸਨੂੰ ਇਹ ਨਾ ਕਰਨ ਲਈ ਕਿਹਾ। ਪਰ ਉਹ ਆਪਣੀ ਗੱਲ ਪੁਗਾਉਂਦੀ ਹੋਈ ਕਹਿਣ ਲੱਗੀ,

''ਲਓ ਬਈ ਸਰਦਾਰੋ, ਜ਼ੈਲਦਾਰੋ...ਆਪਣਾ ਵਿਹਾਰ ਪੂਰਾ...।''

''ਤੂੰ ਦੱਸ ਖ਼ੁਸ਼ ਐਂ...ਜੇ ਕੁੱਝ ਹੋਰ ਲੈਣਾ ਤਾਂ ਲੈ ਲਾ...ਤੈਨੂੰ ਪੂਰੀ ਖੁੱਲ੍ਹ ਐ... ਤੇਰੇ ਮਨ 'ਚ ਨਾ ਰਹੇ ਕੁੱਝ...।'' ਮੇਰੀ ਮਾਂ ਜੀ ਅਤੇ ਪਿਤਾ ਜੀ ਨੇ ਸਤਿਕਾਰ ਭਰੇ ਸ਼ਬਦਾਂ 'ਚ ਕਿਹਾ।

''ਲੈ ਵੇ ਕਰਮਾ ਵਾਲਿਓ...ਮੈਂ ਜੋ ਲੈ ਕੇ ਜਾਣਾ ਸੀ ਲੈ ਗਈ...ਜੋ ਦੇ ਕੇ ਜਾਣਾ ਸੀ ਦੇ ਗਈ...ਤੁਸੀਂ ਬਾਗੋ-ਬਾਗ ਰਹੋ...ਮੈਂ ਵੀ ਖ਼ੁਸ਼ ਹਾਂ।''

ਉਹ ਆਪਣੀ ਮਰਹੂਮ ਉਸਤਾਦ ਮਹੰਤ ਪ੍ਰੀਤੋ ਵਾਂਗ ਸਾਡੇ ਘਰੇ ਆਉਂਦੇ ਜਾਂਦੇ ਰਹਿਣ ਦਾ ਵਾਅਦਾ ਕਰਦਿਆਂ ਪ੍ਰੀਤੋ ਵਾਂਗ ਟਾਂਗੇ ਵਿੱਚ ਨਹੀਂ ਬਲਕਿ ਆਪਣੀ ਕਾਰ ਵਿੱਚ ਬੈਠਦਿਆਂ ਮੇਰੇ ਵੱਲ ਹੱਥ ਕਰਦਿਆਂ ਦੁਆਵਾਂ ਦਿੱਤੀਆਂ ਜੋ ਮੈਂ ਆਪਣੀ ਜ਼ਿੰਦਗੀ ਭਰ ਲਈ ਕਬੂਲ ਕਰ ਲਈਆਂ। ਉਹ ਬੋਲੀ,

''ਮੈਂ ਕਰਾਂ ਤੇਰੇ ਲਈ ਦੁਆਵਾਂ,
ਵੇ ਸੋਹਣ-ਸੁਨੱਖੜਿਆ,
ਮੈਂ ਵਾਰੀ ਤੈਥੋਂ ਜਾਵਾਂ,
ਵੇ ਸੋਹਣ-ਸੁਨੱਖੜਿਆ।
ਤੇਰੀ ਜੁਗ-ਜੁਗ ਜੀਵੇ ਜੋੜੀ,
ਵੇ ਸੋਹਣ-ਸੁਨੱਖੜਿਆ,
ਮੈਂ ਆਵਾਂ ਅਗਲੇ ਸਾਲ ਲੈਣ ਲੋਹੜੀ,
ਵੇ ਸੋਹਣ-ਸੁਨੱਖੜਿਆ,
ਤੇਰੇ ਹੋਣ ਤੇਰੇ ਜਿਹੇ ਬਾਲ,
ਵੇ ਸੋਹਣ-ਸੁਨੱਖੜਿਆ,
ਮੈਂ ਆਉਂਦੀ ਰਹਾਂ ਹਰ ਸਾਲ,
ਵੇ ਸੋਹਣ-ਸੁਨੱਖੜਿਆ।''


ਮੇਰੀ ਜੀਵਨ-ਸਾਥਣ ਨਵਨੀਤ ਨੇ ਮੇਰੇ ਤੇ ਜ਼ੀਨਤ ਦੇ ਜਜ਼ਬਿਆਂ ਦੀ ਕਦਰ ਕਰਦਿਆਂ ਜ਼ੀਨਤ ਨੂੰ ਆਪਣੀ ਗੱਲਵਕੜੀ 'ਚ ਲਿਆ ਅਤੇ ਦੁਬਾਰਾ ਮੁੜ ਆਉਣ ਤੱਕ ਉਸਦਾ ਅਲਵਿਦਾ ਕਬੂਲ ਕੀਤਾ। ਉਹ ਆਪਣਾ ਹੱਥ ਜਿਹਾ ਹਿਲਾ ਕੇ ਚਲੀ ਗਈ ਅਤੇ ਮੈਂ ਖੜ੍ਹਾ ਉਸਦੀ ਕਾਰ ਦੀ ਉੱਡਦੀ ਧੂੜ ਵੱਲ ਵੇਖਦਾ ਰਿਹਾ।


**94781-85742**











## ਕਵਿਤਾਵਾਂ / ਹਰੀਸ਼ ਗਰੋਵਰ



### ਅਦਿਸਹੱਦੇ ਤੋਂ ਪਾਰ

ਭੂਤ ਕਾਲ
ਵਰਤਮਾਨ ਤੋਂ ਅੱਗੇ ਨ੍ਹੀ ਜਾ ਸਕਦਾ
ਭਵਿੱਖ ਨੂੰ ਫੜਨ ਦੀ ਕੋਸ਼ਿਸ਼ 'ਚ
ਕਦੇ ਕਦੇ
ਵਰਤਮਾਨ ਵੀ ਭੂਤ ਬਣ ਜਾਂਦੇ
ਇਹ ਉਹ ਹੀ ਦੱਸ ਸਕਦੇ ਨੇ
ਬੀਤੀ ਏ ਜਿੰਨ੍ਹਾ ਨਾਲ
ਜਿਨ੍ਹਾਂ ਵੇਖੀ ਏ
ਕਿ ਵਕਤ ਦੀ ਕੁੱਖ 'ਚ
ਹਨ੍ਹੇਰਾ ਏ ਕਿ ਚਾਨਣਾ.....

ਸਿਰ ਰੌਸ਼ਨ
ਪੈਰ ਹਨ੍ਹੇਰੇ 'ਚ
ਸੰਗਲ ਨਾਲ ਬੰਨ੍ਹੇ ਨੇ
ਭੂਤ ਤੇ ਭਵਿੱਖ 'ਚ
ਲਟਕਦੇ ਵਰਤਮਾਨ ਦਾ
ਖੰਡ ਅਖੰਡ ਗਿਆਨ ਹੀ
ਤੋੜ ਸਕਦੇ ਕਰਮ-ਬੰਧਨ !

....ਤੇ ਆਦਮੀ ਨੂੰ ਮਿਲ ਜਾਂਦੇ
ਅਦਿਸਹੱਦੇ ਤੋਂ ਪਾਰ -
ਸੂਖ਼ਮ ਸੰਸਾਰ ਦਾ ਰਾਹ

### ਨਦੀ ਦਾ ਸ਼ਿਕਵਾ

ਪਤਾ ਏ !
ਮੈਨੂੰ
ਤੈਨੂੰ ਮੇਰਾ ਖ਼ਿਆਲ ਰਹਿੰਦੈ
ਕਹਿੰਦਾ ਨਹੀਂ... ਪਰ
ਅੱਖੀਆਂ 'ਚ ਖ਼ੁਮਾਰ ਰਹਿੰਦੈ ।
ਢੂੰਹਦਾ ਏ
ਚੁੱਲ੍ਹੀ ਭਰ ਲੈਂਦੇ...
ਬੁੱਲ੍ਹਾਂ ਤੀਕ ਲਿਜਾ ਕੇ
ਕਿਉਂ ਛੱਡ ਦੇਂਦਾ
ਸ਼ਾਇਦ ਨਦੀ ਨੇ
ਸ਼ਿਕਵਾ ਕੀਤਾ ਸੀ ....

ਝੱਲੀਏ ! ਨਦੀਏ
ਚੁੱਲ੍ਹੀਆਂ ਨਾਲ ਕਦ
ਪਿਆਸ ਬੁੱਝਦੀ ਏ ...
ਡੀਕ 'ਨਾ ਤੇ ਚਾਹੁੰਦਾ ਹਾਂ ਤੈਨੂੰ
ਪਰ ਮੈਂ ਸਮੁੰਦਰ ਨਹੀਂ ....

## ਏਹ ਮੇਰੀ ਮੰਜ਼ਿਲ ਨਹੀਂ / ਪੰਕਜੇਸ਼ਵਰ

ਚੀਨੇ ਕਬੂਤਰਾਂ ਦੀ ਡਾਰ ਤੋਂ ਵੱਧ,
ਕਦੇ ਵੀ,
ਉਤੇਜ਼ਿਤ ਨਹੀਂ ਕਰਦਾ ਮੈਨੂੰ,
ਹਵਾ ਚ ਹੱਠਖੇਲੀਆਂ ਕਰਦਾ,
ਤੇਰਾ ਦੁੱਧ ਰੰਗਿਆ ਦੁੱਪਟਾ,

ਤੇ,
ਨਾ ਹੀ ਜਾਪਦੀਆਂ ਨੇ,
ਤੇਰੇ ਕੰਨਾਂ ਚ ਝੂੰਮਰ ਪਾਉਂਦੀਆਂ
ਸੋਨ-ਪੱਤੀਆਂ,
ਅਰਸ਼ਾਂ ਦੇ ਸਾਗਰ ਤੇ ਤਰਦੇ ਤਾਰਿਆਂ
ਤੋਂ ਵੱਧ ਦਿਲਕੱਸ਼,

ਭਾਵੇਂ,
ਗੱਲ੍ਹਾਂ ਛੋਹਦੀਆਂ ਤੇਰੀਆਂ ਜ਼ੁਲਫ਼ਾ,
ਸੋਨਹਿਰੀ ਰੰਗ ਤੇ ਕਾਲੇ ਗੁਲਾਬ ਵਾਂਗ
ਟਹਿਕਦੀਆਂ ਨੇ,

ਪਰ,
ਤੇਰੇ ਅੰਦਰ ਖਿਲਰੀਆਂ ਅਸੰਖ
ਝਾੜੀਆਂ,
ਮੈਨੂੰ ਮੋਰ ਦੇ ਪੈਰਾਂ ਤੋਂ ਵੱਧ ਨਹੀਂ
ਲੱਗੀਆਂ ਕਦੇ।




ਚਾਹੇ,
ਹਰਨੀ ਵਰਗੀ ਤੇਰੀ ਚੁੰਬਕੀ ਤੋਰ ਵੀ
ਖਿੱਚ ਲੈਂਦੀ ਹੈ,
ਹਰੇਕ ਰਾਹਗੀਰ ਨੂੰ,
ਪਰ ਤੇਰੀਆਂ ਰਗਾਂ ਵਿਚ ਕੋਈ
ਅਸਮਾਨੀ ਦਰਿਆ ਨਹੀਂ ਵਗਦਾ,
ਜੋ ਦਿਲ ਟੁੰਭਦਾ ਹੋਵੇ,
ਆਖਦਾ ਹੋਵੇ,
ਆ ਪਰੀਤਮ ਆ,
ਤੱਪਦੇ ਰਾਹਾਂ ਤੇ ਤੁਰਦਿਆਂ ਤੂੰ ਥੱਕ
ਗਿਐਂ ਲਗਦੈਂ,
ਆ ਮੇਰੇ ਪਿਆਜ਼ੀ ਆਂਚਲ ਛਾਵੇਂ
ਸੁਸਤਾ ਲੈ ਬਿੰਦਝੱਟ।

ਮੰਨਿਆ,
ਕਈ ਵਾਰ ਵਹਿ ਵੀ ਤੁਰਦਾ ਹਾਂ,
ਝਰਨਾ ਬਣ ਕੱਚੇ ਆੜੂਆਂ ਦੇ
ਮਹਿਕਦੇ ਜੰਗਲ ਵੱਲ।
ਪਰ ਖਬਰੇ ਕਿਉਂ ਭੁੱਲ ਜਾਂਦਾ ਹਾਂ ਕਿ,
ਜ਼ੰਗਲ ਚ ਲੂੰਬੜਾਂ ਤੇ ਉਲੂਆਂ ਦਾ ਵਾਸ
ਵੀ ਹੁੰਦੈ,
ਜਿਥੇ ਗਿੱਦੜ ਹੂਕਦੇ ਨੇ,
ਜਿਥੇ ਬਿਛੂ ਬੂਟੀ ਡੰਗਦੀ ਏ,
ਜਿਥੇ ਖ਼ੂਬਸੂਰਤ ਫੱਲ ਹਮੇਸ਼ਾ ਮਿੱਠੇ
ਨਹੀਂ ਹੁੰਦੇ,

ਅਕਸਰ ਸੋਚਦਾ ਵੀ ਹਾਂ,
ਬੈਠ ਗੁੱਲਮੋਹਰ ਹੇਠ ਕਿ,
ਖ਼ੂਬਸੂਰਤ ਜਿਸਮ ਤੇ ਫੈਲੇ ਟਿੱਬਿਆਂ ਤੇ
ਕਦੇ ਬ੍ਰਹਮ ਬੂਟੀ ਨਹੀਂ ਉਗਦੀ,
ਤੇ ਤੇਰੇ ਪਿੰਡੇ ਚੋਂ ਮੁਸ਼ਕੜੀਆਂ ਹੱਸਦਾ
ਵਿਸ਼ਾਲ ਗੌਲਫ਼ ਗਰਾਂਊਡ,
ਮੇਰੀ ਮੰਜ਼ਿਲ ਨਹੀਂ।

# ਭੂਤਕਾਲ ਤੇ ਵਰਤਮਾਨ ਦੀ ਨਿਸ਼ਾਨਦੇਹੀ ਕਰਦੀ ਪੁਸਤਕ – ਇਸ ਧਰਤੀ 'ਤੇ ਰਹਿੰਦਿਆਂ – ਤੇਜਿੰਦਰ ਚੰਡਿਹੋਕ

ਮਨੁੱਖ ਹੀ ਨਹੀਂ ਸਾਰੇ ਜੀਵ ਜੰਤੂ ਇਸ ਧਰਤੀ ਤੇ ਹੀ ਪੈਦਾ ਹੁੰਦੇ ਹਨ ਅਤੇ ਇਸ ਧਰਤੀ ਤੇ ਹੀ ਫਨਾਹ ਹੋ ਜਾਂਦੇ ਹਨ ਭਾਵ ਇਹ ਸਾਰੇ ਜੀਵ ਜੰਤੂ ਅਤੇ ਮਨੁੱਖ ਜਨਮ ਤੋਂ ਮੌਤ ਤਕ ਇਸ ਧਰਤੀ ਉੱਤੇ ਹੀ ਰਹਿੰਦੇ ਹਨ। ਕਵੀ ਅਮਰਜੀਤ ਕੌਂਕੇ ਨੇ ਇਸੇ ਸੰਦਰਭ ਵਿੱਚ ਆਪਣੀ ਹਥਲੀ ਕਾਵਿ ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਦੀ ਸਿਰਜਣਾ ਕੀਤੀ ਹੈ। ਕਿਉਂਕਿ ਇਸ ਧਰਤੀ ਤੇ ਜੋ ਮਨੁੱਖ ਨਾਲ ਪਹਿਲਾਂ ਹੋਇਆ ਅਤੇ ਜੋ ਕੁਝ ਹੁਣ ਵਾਪਰ ਰਿਹਾ ਹੈ, ਇਸ ਪੁਸਤਕ ਵਿਚ ਦ੍ਰਿਸ਼ਟੀਮਾਨ ਕਰਨ ਦਾ ਯਤਨ ਕੀਤਾ ਹੈ। ਸਾਹਿਤਕ ਖੇਤਰ ਵਿੱਚ ਅਮਰਜੀਤ ਕੌਂਕੇ ਕਿਸੇ ਜਾਣ ਪਹਿਚਾਣ ਤੋਂ ਵਾਂਝਾ ਨਹੀਂ ਹੈ। ਤ੍ਰੈਮਾਸਿਕ ਮੈਗਜ਼ੀਨ 'ਪ੍ਰਤਿਮਾਨ' ਦੀ ਸੰਪਾਦਨਾ ਦੇ ਨਾਲ ਨਾਲ ਉਸ ਨੇ ਸਾਹਿਤਕ ਖੇਤਰ ਵਿੱਚ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿਚ ਕਵਿਤਾ, ਅਨੁਵਾਦ, ਸੰਪਾਦਨਾ ਅਤੇ ਬਾਲ ਸਾਹਿਤ ਦੀ ਰਚਨਾ ਕੀਤੀ ਹੈ। ਇਸ ਪੁਸਤਕ ਤੋਂ ਪਹਿਲਾਂ ਉਸ ਨੇ ਸਾਂਝੀਆਂ ਕਿਰਤਾਂ ਤੋਂ ਇਲਾਵਾ ਸਤ ਕਾਵਿ-ਸੰਗ੍ਰਹਿ, ਪੰਜ ਹਿੰਦੀ ਕਾਵਿ-ਸੰਗ੍ਰਹਿ ਪਾਠਕਾਂ ਨੂੰ ਦਿੱਤੇ ਹਨ। ਇਹ ਇਸ ਦਾ ਅੱਠਵਾਂ ਕਾਵਿ-ਸੰਗ੍ਰਹਿ ਹਾਲ ਹੀ ਵਿੱਚ ਪਾਠਕਾਂ ਦੀ ਕਚਹਿਰੀ ਪੇਸ਼ ਹੋਇਆ ਹੈ ਜਿਸ ਦਾ ਫੈਸਲਾ ਪਾਠਕਾਂ ਦੇ ਹੱਥ ਹੈ।




ਕਵਿਤਾ ਉਹਨਾਂ ਅਨੁਭਵਾਂ ਦਾ ਪ੍ਰਗਟਾਵਾ ਹੁੰਦਾ ਹੈ ਜਿਹੜੇ ਕੋਮਲ ਭਾਵਾਂ ਵਾਲੇ ਮਨੁੱਖ ਦੇ ਅੰਦਰੋਂ ਉਪਜਦੇ ਹਨ। ਕੋਮਲ ਮਨ ਤੇ ਪਏ ਕਿਸੇ ਵੀ ਗੂੜ੍ਹੇ ਪ੍ਰਭਾਵ ਨੂੰ ਸੰਵੇਦਨਸ਼ੀਲ ਸ਼ਬਦਾਂ ਰਾਹੀਂ ਪੇਸ਼ ਕਰਨਾ ਕਵੀ ਦਾ ਕਾਰਜ ਬਣ ਜਾਂਦਾ ਹੈ। ਕਵੀ ਤੇ ਕਵਿਤਾ ਜਦੋਂ ਇੱਕਮਿਕ ਹੁੰਦੇ ਹਨ ਤਾਂ ਕਵੀ ਦੇ ਅੰਤਰੀਵ ਮਨ ਤੋਂ ਉਪਜੇ ਸ਼ਬਦ ਕਵਿਤਾ ਦਾ ਰੂਪ ਧਾਰਨ ਕਰ ਲੈਂਦੇ ਹਨ। ਫਿਰ ਕਵੀ ਨੇ ਮਨ ਵਿਚ ਚੇਤ ਅਚੇਤ ਪਏ ਦ੍ਰਿਸ਼ ਕਵਿਤਾ ਦਾ ਰੂਪ ਧਾਰਨ ਕਰ ਲੈਂਦੇ ਹਨ।

ਜਦੋਂ ਅਸੀਂ ਹਥਲੀ ਪੁਸਤਕ ਤੇ ਵਿਚਾਰ ਚਰਚਾ ਕਰੀਏ ਤਾਂ ਇਹ ਕਾਵਿ ਸੰਗ੍ਰਹਿ ਭਾਵੇਂ 160 ਪੰਨਿਆਂ ਤੇ ਫੈਲਿਆ ਹੈ ਪਰ ਇਸ ਵਿਚ 140 ਕਵਿਤਾਵਾਂ ਪੜ੍ਹਨ ਲਈ ਮਿਲਦੀਆਂ ਹਨ। ਲੇਖਕ ਲੰਬੀਆਂ ਕਵਿਤਾਵਾਂ ਸਿਰਜਦਾ ਹੈ ਅਤੇ ਪੁਸਤਕ ਦੀ ਸਿਰਲੇਖ ਵਾਲੀ ਕਵਿਤਾ ਨੂੰ ਨੌਵੇਂ ਸਥਾਨ ਤੇ ਰੱਖਿਆ ਗਿਆ ਹੈ। ਗੁਆਚ ਰਹੇ ਸ਼ਬਦ, ਧੁਨੀਆਂ, ਸਵੱਛਤਾ, ਚਿੜੀਆਂ, ਮੁਹੱਬਤ, ਭਾਈਚਾਰਾ ਨੂੰ ਬਚਾ ਲੈਣ ਲਈ ਯਤਨਸ਼ੀਲ ਕਵੀ ਆਪਣੀ ਸ਼ਾਇਰੀ ਰਾਹੀਂ ਕੁਝ ਸ਼ਬਦ ਆਪਣੀ ਕਵਿਤਾ ਵਿਚ ਬਚਾ ਸਕਿਆ ਹੈ। ਕਵੀ ਜਿਨ੍ਹਾਂ ਵੀ ਕਰ ਸਕਿਆ ਉਸ ਬਾਰੇ ਲਿਖਿਆ ਹੈ ਕਿ –

"ਕਵੀ ਹਾਂ ਮੈ
ਮੇਰੇ ਤੇ ਵੀ ਹੈ ਕੁਦਰਤ ਦਾ ਕਰਜ਼
ਬਚਾ ਲੈਣਾ ਚਾਹੁੰਦਾ ਹਾਂ
ਉਹ ਸਾਰਾ ਕੁਝ
ਜੋ ਗੁਆਚਦਾ ਜਾ ਰਿਹਾ
ਪਲ ਪਲ
ਛਿਣ ਛਿਣ .....
ਬੱਸ ਏਨਾ ਕੁ ਕੀਤਾ ਮੈਂ
ਕਿ ਬਚਾ ਲਏ
ਕੁਝ ਕੁ ਸ਼ਬਦ
ਆਪਣੀਆ ਕਵਿਤਾਵਾਂ ਦੇ ਵਿੱਚ।" (ਪੰਨਾ 42)

ਪੁਸਤਕ ਵਿਚ ਜਿੱਥੇ ਵੱਖ-ਵੱਖ ਵਿਸ਼ਿਆਂ ਨੂੰ ਛੋਹਿਆ ਗਿਆ ਹੈ ਉੱਥੇ ਪੁਰਾਣੇ ਅਤੇ ਨਵੇਂ ਸਮੇਂ ਦੀ ਤੁਲਨਾ ਵੀ ਕੀਤੀ ਗਈ ਹੈ। ਕਵਿਤਾਵਾਂ ਵਿਚ ਰਿਸ਼ਤੇ, ਭਾਸ਼ਾ, ਪਰਵਾਸ ਅਤੇ ਦੁੱਖਾਂ ਸੁੱਖਾ ਦੇ ਪਹਿਲੂਆਂ ਨੂੰ ਬਾਖੂਬੀ ਚਿਤਰਿਆ ਹੈ। ਉਸ ਨੇ ਆਪਣੀ ਕਲਪਨਾ, ਬੇਗਾਨੇ ਸ਼ਹਿਰ, ਆਖਰੀ ਪੀੜ੍ਹੀ ਦੇ ਲੋਕਾਂ ਦੀ ਗੱਲ ਵੀ ਕੀਤੀ ਹੈ। ਉਸ ਦੀ ਕਵਿਤਾ ਵਿਚ ਵਿੱਚ ਇਕ ਵਿਛੜੇ ਦੋਸਤ ਨਾਲ ਮਿਲਣ ਦੀ ਕਲਪਨਾ ਦੀ ਵਾਰਤਾਲਾਪ ਵੇਟਰ ਨਾਲ ਕੀਤੀ ਵੀ ਦਰਜ ਹੈ ਕਿ–

"ਮੈਂ ਵੇਟਰ ਤੋਂ
ਦੋ ਗਲਾਸ ਮੰਗਵਾਉਂਦਾ ਹਾਂ
ਵੇਟਰ ਅਜੀਬ ਨਿਗਾਹਾਂ ਨਾਲ
ਮੇਰੇ ਵੱਲ ਦੇਖਦਾ ਪੁੱਛਦਾ ਹੈ
ਦੋ ਸਾਬ ....।" (ਪੰਨਾ 54)

ਕਵਿਤਾ "ਆਖਰੀ ਪੀੜ੍ਹੀ ਦੇ ਲੋਕ" ਵਿਚ ਬਚਪਨ ਦੌਰਾਨ ਮਿਲੇ ਮਾਂ ਪਿਓ ਦੇ ਪਿਆਰ, ਸਾਈਕਲਾਂ ਦੇ ਡੰਡਿਆਂ ਤੇ ਬੈਠਣ ਦੀ ਯਾਦ, ਸਲੇਟਾਂ, ਫੱਟੀਆਂ, ਕਲਮਾਂ, ਖੇਡਾਂ ਵਿਚ ਲੁਕਣ ਮੀਟੀ, ਗੁੱਲੀ ਡੰਡਾ, ਬੰਟੇ, ਗੁਆਂਢੀਆਂ ਦੇ ਘਰ ਜਾ ਕੇ ਚਿਤਰਹਾਰ ਦੇਖਣ, ਡਾਕਖਾਨਿਆ ਰਾਹੀਂ ਭੇਜੇ ਜਾਂਦੇ ਪ੍ਰੇਮ ਪੱਤਰ ਅਤੇ ਸੰਦੇਸ਼ਾਂ, ਨਾਨਕੇ ਦਾਦਕੇ ਪਰਿਵਾਰ ਅਤੇ ਐਨਟੀਨੇ ਠੀਕ ਕਰਨ ਦੀ ਯਾਦ ਨਾਲ ਰਿਸ਼ਤਿਆਂ ਦੀ ਕਰਨ

ਵਾਲੇ ਸਾਂ ਪਰ ਹੁਣ ਸੋਸ਼ਲ ਮੀਡੀਆ ਨੇ ਸਾਰਾ ਕੁਝ ਬਦਲ ਕੇ ਰੱਖ ਦਿੱਤਾ ਹੈ। ਕਵਿਤਾ 'ਗੁਆਚੇ ਲੈਟਰਬਕਸ' ਵੀ ਇਸੇ ਤਰ੍ਹਾਂ ਦੀ ਗੱਲ ਕਰਦੀ ਹੈ। 'ਇੱਕ ਬਲ਼ਦੀ ਦੁਪਹਿਰ' ਰਾਹੀਂ ਅੱਜ ਦੇ ਆਧੁਨਿਕ ਸਮੇਂ ਦੀ ਦਾਸਤਾਂ ਬਿਆਨ ਕਰਦੀ ਹੈ ਜਿਸ ਵਿੱਚ ਉਕਤ ਦੀ ਤਰ੍ਹਾਂ ਸੋਸ਼ਲ ਮੀਡੀਆ ਦੇ ਸੰਦਰਭ ਵਿੱਚ ਇਨਸਾਨੀਅਤ ਤੋ ਦੂਰੀ, ਬਣਾਈ ਹੈ।

ਸਦੀਆਂ ਤੋਂ ਔਰਤ ਤੇ ਲਾਈ ਪਾਬੰਦੀ ਹਟਾਉਣ ਅਤੇ ਆਜ਼ਾਦ ਕਰਨ ਦੀ ਹਾਮੀ ਭਰਦੀ ਕਵਿਤਾ ਹੈ ਬੋਲਣ ਦਿਓ ਉਸ ਨੂੰ। ਕਵਿਤਾ 'ਖ਼ਤਰਨਾਕ ਬਿੰਬ' ਉਹਨਾਂ ਕਾਰਪੋਰੇਟ ਘਰਾਣਿਆਂ ਦੀ ਗੱਲ ਕਰਦੀ ਹੈ ਜਿਹੜੇ ਅਜੇ ਵੀ ਗਰੀਬ ਨੂੰ ਦਬਾਈ ਜਾ ਰਹੇ ਨੇ। ਕਵਿਤਾ ਕਹਿੰਦੀ ਹੈ –

''ਇਸ ਦੁਨੀਆ ਵਿੱਚ
ਅਨਗਿਣਤ ਲੋਕ ਨੇ
ਜਿਨ੍ਹਾਂ ਦੀ ਗਰਦਨ ਤੇ
ਅਜੇ ਵੀ ਅਰਬਾਂ ਪੂੰਜੀਪਤੀਆਂ ਦੇ
ਗੋਡੇ ਟਿਕੇ ਨੇ
ਉਹ ਤੜਫ਼ ਰਹੇ ਨੇ
ਚੀਕ ਰਹੇ ਨੇ .....।'' (ਪੰਨਾ 37)

ਪੁਸਤਕ ਵਿਚ ਕਵਿਤਾ ਲੇਖਣ ਦੀ ਗੱਲ, ਗੁਆਚੀਆਂ ਕਵਿਤਾਵਾਂ, ਰਿਸ਼ਤਿਆਂ ਦੇ ਸੁਪਨੇ, ਸਾਵਣ ਮਹੀਨੇ ਵਿੱਚ ਖੀਰ ਪੂੜੇ ਖਾਣ ਦੀ ਗੱਲ ਗਰੀਬ ਤੇ ਅਮੀਰ ਲੋਕਾਂ ਦੇ ਫਰਕ ਦਰਸਾਉਂਦੀ ਹੈ। ਪੁਸਤਕ ਵਿਚਲੀ ਕਵਿਤਾ ਸਟੇਟਸ ਦਾ ਰਿਸ਼ਤਾ ਵਿੱਚ ਵੀ ਕਿਸੇ ਅਣਜਾਣ ਨਾਲ ਸਿਰਫ ਸੋਸ਼ਲ ਮੀਡੀਆ ਤੇ ਪਾਏ ਜਾਂਦੇ ਸਟੇਟਸਾਂ ਦੇ ਚਲਨ ਦਾ ਜਿਕਰ ਕਰਦੀ ਹੈ –

''ਬਸ ਏਨੇ ਨਾਲ ਹੀ
ਜੁੜੇ ਹੋਏ ਹਾਂ
ਦੋਵੇਂ ਸੱਤ ਸਮੁੰਦਰੋਂ ਪਾਰ
ਇਸ ਤੋਂ ਬਿਨਾਂ
ਹੋਰ ਕੋਈ ਰਿਸ਼ਤਾ
ਨਾ ਮੁਹੱਬਤ
ਨਾ ਤਕਰਾਰ
ਸਾਡੇ ਦੋਹਾਂ ਦੇ ਵਿਚਕਾਰ
ਬੱਸ ਇੱਕ ਸਟੇਟਸ
ਦਾ ਹੀ ਰਿਸ਼ਤਾ ਹੈ।'' (ਪੰਨਾ 85–86)

ਕਵਿਤਾ 'ਨਹੀਂ ਰਿਹਾ' ਵਿਚ ਅੱਜ ਦੇ ਯੁੱਗ ਵਿੱਚ ਆਦਮੀ ਆਪਣੇ ਘਰ, ਮੁੱਹਲੇ, ਸ਼ਹਿਰ ਵਿਚ ਅਣਚਾਹਿਆ ਹੀ ਰਹਿੰਦਾ ਹੈ। ਸਭ ਨੂੰ ਆਪੋ ਆਪਣੀ ਪਈ ਹੈ। ਆਦਮੀ ਦੀ ਤਾ ਜਿਵੇਂ ਕਦਰ ਹੀ ਖਤਮ ਹੋ ਗਈ ਹੈ। ਸਮਾਜ ਵਿਚ ਵਧ ਰਹੇ 'ਕੁੱਤਾ ਸੱਭਿਆਚਾਰ' ਦੀ ਗੱਲ ਵੀ ਕਰਦੀ ਹੈ ਕਵਿਤਾ ਕੁੱਤਾ ਮਿਲਣੀ। ਦੋਸਤ ਨੂੰ ਮਿਲਣ ਗਏ ਨੂੰ ਜਦੋਂ ਕੁੱਤਾ ਸਵਾਗਤ ਕਰਦਾ ਹੈ ਅਤੇ ਆਏ ਮਹਿਮਾਨਾਂ ਦੀ ਥਾਂ ਕੁੱਤੇ ਨੂੰ ਤਰਜੀਹ ਦਿੱਤੀ ਜਾਂਦੀ ਹੈ ਤਾਂ ਕਵੀ ਸੋਚਦਾ ਹੈ –

''ਮੈਂ ਡੋਰ ਬੈੱਲ ਵਜਾਈ
ਤਾਂ ਅੰਦਰੋਂ ਕਿਸੇ ਦੇ
ਬੋਲਣ ਤੋ ਪਹਿਲਾਂ
ਕੁੱਤੇ ਦੇ ਭੌਂਕਣ ਦੀ ਆਵਾਜ਼ ਆਈ।
--------
ਮੁੜਦੇ ਸਮੇਂ ਮੈਂ ਸੋਚ ਰਿਹਾ ਸਾਂ
ਕਿ ਮੈਂ ਆਪਣੇ ਦੋਸਤ ਨੂੰ
ਮਿਲ ਕੇ ਆਇਆ ਸਾਂ
ਜਾਂ ਕੁੱਤੇ ਨੂੰ ????''। (ਪੰਨਾ 106–107)

ਕਿਸੇ ਵੀ ਵਿਅਕਤੀ ਦਾ ਲੰਬੀ ਸੇਵਾ ਨਿਭਾਉਣ ਤੋਂ ਬਾਅਦ ਰਿਟਾਇਰਮੈਂਟ ਇਕ ਅਹਿਮ ਪਲ ਹੁੰਦਾ ਹੈ ਜਦੋਂ ਮਨੁੱਖ ਸਾਰੇ ਰੁਝੇਵਿਆਂ ਤੋਂ ਵਿਹਲਾ ਹੋ ਕੇ ਆਰਾਮ ਕਰਨ ਅਤੇ ਆਜ਼ਾਦ ਰਹਿਣ ਬਾਰੇ ਸੋਚਦਾ ਹੈ। ਪਰ ਸਾਡੇ ਘਰਾਂ ਵਿੱਚ ਮੈਂਬਰ ਰਿਟਾਇਰ ਹੋਏ ਵਿਅਕਤੀ ਤੋਂ ਘਰੇਲੂ ਕੰਮਾਂ ਦਾ ਲਾਹਾ ਲੈਣ ਲਈ ਤਤਪਰ ਰਹਿੰਦੇ ਹਨ। ਉਂਝ ਵੀ ਰਿਟਾਇਰ ਹੋਇਆ ਕਰਮਚਾਰੀ ਟਿਕ ਕੇ ਨਹੀਂ ਬੈਠ ਸਕਦਾ, ਉਸ ਨੂੰ ਟਾਈਮ ਪਾਸ ਕਰਨ ਲਈ ਕਿਸੇ ਨਾ ਕਿਸੇ ਰੁਝੇਵੇਂ ਵਿਚ ਰਹਿਣਾ ਪੈਂਦਾ ਹੈ। ਇਸੇ ਸੰਦਰਭ ਵਿੱਚ ਕਵਿਤਾ ''ਪਾਰਕ ਵਿੱਚ ਰਿਟਾਇਰਡ ਬੁੱਢੇ'' ਕੁਝ ਆਖਦੀ ਹੈ।

''ਸਵੇਰ ਤੋਂ ਲੈ ਕੇ ਸ਼ਾਮ ਤੱਕ
ਘਰ ਦੇ ਜਰੂਰੀ ਅਤੇ ਬੇਲੋੜੇ ਕੰਮ ਕਰਦੇ
ਬੱਚਿਆਂ ਨੂੰ ਸਕੂਲ ਛੱਡਣ ਤੋਂ ਲੈ ਕੇ
ਬੱਚਿਆਂ ਨੂੰ ਸਕੂਲੋਂ ਲੈ ਕੇ ਆਉਣ ਤੱਕ
ਸਬਜ਼ੀ ਖਰੀਦਣ
ਬਿੱਲ ਭਰਨ
ਵੇਲੇ ਕੁਵੇਲੇ ਬਜ਼ਾਰ ਵਿੱਚੋਂ
ਕੋਈ ਵਸਤ ਲਿਆਉਂਦੇ
ਫਿਰ ਵੀ ਵਿਹਲੇ ਅਖਵਾਉਂਦੇ।'' (ਪੰਨਾ 112)

ਇਸੇ ਤਰ੍ਹਾਂ ਇਸ ਪੁਸਤਕ ਦੀਆਂ ਹੋਰ ਕਵਿਤਾਵਾਂ ਬਿਸਾਤ, ਵੰਡ, ਵੇਂਟੀਲੇਟਰ ਤੇ ਲੱਗੇ ਰਿਸ਼ਤੇ, ਡਰ, ਗੁਨਾਹਾਂ ਦੇ ਨਿਸ਼ਾਨ, ਪੁਰਾਣੇ ਸ਼ਹਿਰ ਚੋਂ ਲੰਘਦਿਆਂ, ਖਿੜਿਆ ਹੋਇਆ ਆਦਮੀ, ਅੱਜ ਕੱਲ੍ਹ, ਮੁਹੱਬਤ ਇੱਕ ਪਿੰਜਰਾ, ਮਹਿਕ ਵਿਹੂਣੇ ਫੁੱਲ, ਜਿਉਤੀ ਆਦਿ ਵੀ ਪੜ੍ਹਨ ਯੋਗ ਹਨ। ਇੱਕ ਲੰਬੇ ਅਰਸੇ ਤੋਂ ਬਾਅਦ ਆਈ ਅਮਰਜੀਤ ਕੌਂਕੇ ਦੀ ਇਹ ਕਾਵਿ-ਪੁਸਤਕ ਪੰਜਾਬੀ ਕਾਵਿ-ਖੇਤਰ ਵਿੱਚ ਅਨੇਕ ਨਵੀਆਂ ਸੰਭਾਵਨਾਵਾਂ ਪੈਦਾ ਕਰਨ ਦੇ ਸਮਰੱਥ ਹੈ।

**095010-0022**

# ਆਧੁਨਿਕ ਪੰਜਾਬੀ ਕਵਿਤਾ ਵਿਚ ਦਲਿਤ ਦੀ ਸਬਾਲਟਰਨ ਸਥਿਤੀ

ਡਾ. ਬਲਜਿੰਦਰ ਸਿੰਘ

ਆਧੁਨਿਕ ਦਲਿਤ ਪੰਜਾਬੀ ਕਾਵਿ, ਦਲਿਤ ਜਾਤੀ ਸਮੂਹ ਦੇ ਸਦੀਆਂ ਤੋਂ ਦੱਬੇ-ਕੁਚਲੇ, ਸ਼ੋਸ਼ਤ, ਲਾਚਾਰ ਅਤੇ ਹਾਸ਼ੀਆਗਤ ਜੀਵਨ ਸੰਤਾਪ ਨੂੰ ਇਤਿਹਾਸਕ, ਸਮਾਜ-ਸਭਿਆਚਾਰਕ, ਧਾਰਮਿਕ, ਵਿਦਿਅਕ, ਆਰਥਿਕ, ਰਾਜਨੀਤਕ ਅਤੇ ਸਮਕਾਲ ਦੇ ਬਹੁਪੱਖੀ ਪ੍ਰਸੰਗਾਂ ਵਿਚ ਰੱਖ ਕੇ ਉਸ ਦੀ ਸਬਾਲਟਰਨ ਸਥਿਤੀ ਨੂੰ ਉਭਾਰਨ ਦੇ ਰਾਹ ਪੈਂਦਾ ਵੇਖਿਆ ਜਾ ਸਕਦਾ ਹੈ। ਦਲਿਤ ਦਾ ਜਾਤੀ ਸੰਤਾਪ ਕੋਈ ਤੱਤਕਾਲੀ ਮੁੱਦਾ ਨਹੀਂ ਸਗੋਂ ਇਸ ਦਾ ਇਕ ਲੰਮਾ ਅਤੇ ਦਰਦਨਾਕ ਇਤਿਹਾਸ ਹੈ। ਦਲਿਤ ਸਦੀਆਂ ਤੋਂ ਬ੍ਰਾਹਮਣਵਾਦੀ ਵਰਣ ਅਤੇ ਜਾਤੀ ਵਿਵਸਥਾ ਦੇ ਗ਼ਲਬੇ ਹੇਠ ਰਹਿ ਕੇ ਹਾਸ਼ੀਆਗਤ ਜੀਵਨ ਸੰਤਾਪ ਹੰਢਾਉਣ ਲਈ ਮਜ਼ਬੂਰ ਹੁੰਦੇ ਆ ਰਹੇ ਹਨ। ਜਾਤ-ਪਾਤੀ ਢਾਂਚੇ (ਵਰਣ-ਵਿਵਸਥਾ) ਵਿਚ ਦਲਿਤ ਸਭ ਤੋਂ ਨੀਵੀਂ ਅਤੇ ਹੀਣੀ ਥਾਂ 'ਤੇ ਹੋਣ ਕਰ ਕੇ ਬ੍ਰਾਹਮਣੀ ਪ੍ਰਬੰਧ ਨੇ ਇਸ ਨੂੰ ਧਰਮ-ਕਰਮ, ਵਿਦਿਆ ਅਤੇ ਕਈ ਹੋਰ ਵਿਕਾਸ ਮਾਰਗਾਂ ਤੋਂ ਵਿਰਵਿਆਂ ਰੱਖ ਕੇ ਸਬਾਲਟਰਨ ਸਥਿਤੀ ਦਾ ਭਾਗੀ ਬਣਾਇਆ ਹੈ। ਸਮਾਜ-ਸਭਿਆਚਾਰ ਅਤੇ ਅਰਥਚਾਰੇ ਵਿਚ ਇਸ ਦੇ ਯੋਗਦਾਨ ਨੂੰ ਮਨਫੀ ਕਰ ਕੇ ਕੇਂਦਰੀ ਸੱਤਾ ਵਲੋਂ ਇਨ੍ਹਾਂ ਨੂੰ ਦੁਜੈਲੇ, ਤੁੱਛ, ਹੀਣੇ ਅਤੇ ਅਪੰਗ ਮਨੁੱਖ ਹੋਣ ਦੇ ਅਹਿਸਾਸ ਨਾਲ ਭਰਿਆ ਹੈ।

ਆਧੁਨਿਕ ਪੰਜਾਬੀ ਕਾਵਿ ਵਿਚ ਦਲਿਤ ਕਵੀ ਆਪਣੇ ਪੁਰਖਿਆਂ ਦੇ ਉਸ ਸਦੀਆਂ ਪੁਰਾਣੇ ਹਾਸ਼ੀਆਗਤ ਜੀਵਨ ਸੰਤਾਪ ਨੂੰ ਅਗਰਭੂਮਿਤ ਕਰਦੇ ਹਨ ਜੋ ਦਲਿਤ ਹੋਂਦ, ਹਸਤੀ ਅਤੇ ਸਵੈਮਾਨ ਨੂੰ ਕੁਚਲ ਕੇ ਦਮਨ ਕਰ ਰਿਹਾ ਹੈ। ਬ੍ਰਾਹਮਣਵਾਦੀ ਮਾਨਸਿਕਤਾ ਅਤੇ ਵਿਚਾਰਧਾਰਾ ਨੇ ਦਲਿਤਾਂ ਨਾਲ ਦਰਿੰਦਰਾਨਾ ਸਲੂਕ ਕਰਦਿਆਂ ਘੋਰ ਅਨਿਆਂ ਵਾਲੀ ਨੀਤੀ ਅਪਣਾਈ ਤੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਬਦਤਰ ਜੀਵਨ ਜਿਊਣ ਲਈ ਮਜ਼ਬੂਰ ਕੀਤਾ ਹੈ। "ਸਦੀਆਂ ਤੋਂ ਉਤਪਾਦਨ ਦੇ ਸਾਧਨਾਂ ਤੋਂ ਵੰਚਿਤ ਲੋਕਾਂ ਨੂੰ ਅਜਿਹੇ ਹੀਣੇ, ਨਿਮਨ ਦਰਜੇ ਦੇ ਬਣਾ ਕੇ ਉਸ ਵਿਚੋਂ ਮਨੁੱਖੀ ਗੌਰਵ, ਸਵੈ-ਸਨਮਾਨ ਖਤਮ ਕਰ ਦਿੱਤਾ ਤੇ ਉਹਨੂੰ ਹਾਸ਼ੀਆਕ੍ਰਿਤ ਪ੍ਰਾਣੀ ਵਿਚ ਬਦਲ ਦਿੱਤਾ। ਇਹ ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ-ਨਾਲ ਸਮਾਜਕ, ਸਭਿਆਚਾਰਕ, ਧਾਰਮਿਕ, ਮਾਨਸਿਕ, ਰਾਜਨੀਤਕ ਅਤੇ ਜਾਤੀ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ।" 1 ਦਲਿਤ ਕਾਵਿ ਸੰਵੇਦਨਾ ਅਜਿਹੇ ਅਮਾਨਵੀ ਜੀਵਨ ਸੰਤਾਪ ਦੀ ਪੀੜਾ ਨੂੰ ਪਿੰਡੇ 'ਤੇ ਹੰਢਾਉਣ ਵਾਲੇ ਆਪਣੇ ਪੁਰਖਿਆਂ ਦੇ ਇਤਿਹਾਸ ਨੂੰ ਰੁਦਨਮਈ ਸੁਰ ਵਿਚ ਯਾਦ ਕਰਦਿਆਂ ਜਿਥੇ ਦਲਿਤ ਵਿਅਕਤੀ ਦੀ ਹੋਂਦ, ਹਸਤੀ ਅਤੇ ਪਛਾਣ ਦੇ ਯਥਾਰਥ ਨੂੰ ਤਸਲੀਮ ਕਰਵਾਉਣਾ ਚਾਹੁੰਦਾ ਹੈ ਉਥੇ ਹੀ ਆਪਣੇ ਪੁਰਖਿਆਂ ਨਾਲ ਹੋਏ ਅਮਾਨਵੀ ਵਤੀਰੇ ਦਾ ਹਿਸਾਬ ਲੈਣ ਵੱਲ ਵੀ ਰੁਚਿਤ ਹੁੰਦਾ ਹੈ:

ਹੇ ਭਾਰਤ/ਤੇਰੇ ਇਤਿਹਾਸ ਵਿਚ ਕਿਸ ਕਦਰ  
ਆਇਆ ਹਾਂ!  
ਮੇਰੀਆਂ ਅੱਖਾਂ 'ਚ ਸਲਾਖਾਂ ਹਨ  
ਮੇਰੇ ਕੰਨਾਂ 'ਚ ਸਿੱਕਾ ਹੈ  
ਮੇਰੀ ਪਿੱਠ ਤੇ ਬੰਨ੍ਹਿਆ ਹੈ  
ਤੇਰੀ ਅਮੀਰ ਪ੍ਰੰਪਰਾ ਦਾ ਲੰਮ ਸਲੰਮਾ ਝਾੜੂ 2

ਇਸ ਪ੍ਰਸੰਗ ਵਿਚ ਗੁਰਮੀਤ ਕੱਲਰਮਾਜਰੀ ਦੀਆਂ ਕਵਿਤਾਵਾਂ 'ਪੁਰਖੇ 1-9', 'ਅਛੂਤ', 'ਕਾਤਿਲ', 'ਵਸੀਅਤ', 'ਹੇ ਭਾਰਤ' ਅਤੇ 'ਅਛੂਤ ਪੁੱਤਰ' ਦਾ ਅਧਿਐਨ ਵੀ ਮਹੱਤਵਪੂਰਨ ਹੈ। ਨੌਂ ਭਾਗਾਂ ਵਿਚ ਲਿਖੀ 'ਪੁਰਖੇ' ਲੰਮੀ ਕਵਿਤਾ ਰਾਹੀਂ ਕੱਲਰਮਾਜਰੀ ਆਪਣੇ ਪੁਰਖਿਆਂ ਦੇ ਹਾਸ਼ੀਆਗਤ ਇਤਿਹਾਸ ਨੂੰ ਫਰੋਲਦਾ ਕੁਲੀਨ ਧਿਰ ਅੱਗੇ ਅਨੇਕਾਂ ਸਵਾਲ ਖੜ੍ਹੇ ਕਰਦਾ ਹੈ ਕਿ ਆਖਰ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੀਆਂ ਜੂਠੀਆਂ ਪੱਤਲਾਂ ਉਠਾਈਆਂ, ਸ਼ਾਮਿਆਨੇ ਲਗਾਏ ਅਤੇ ਮੋਢੇ 'ਤੇ ਬਲਦੀਆਂ ਟਿਊਬਾਂ ਉਠਾ ਰਾਹ ਰੁਸ਼ਨਾਏ ਉਨ੍ਹਾਂ ਲੋਕਾਂ ਨੂੰ ਸੂਰਜ ਦੀ ਤਪਸ਼, ਚੰਦ ਦਾ ਨੂਰ ਅਤੇ ਨਦੀਆਂ ਦਾ ਪਾਣੀ ਕਿਉਂ ਨਸੀਬ ਨਹੀਂ ਹੋਇਆ? ਇਸੇ ਤਰ੍ਹਾਂ ਲਾਲ ਸਿੰਘ ਦਿਲ ਦੀ ਕਵਿਤਾ 'ਸੰਸਕ੍ਰਿਤੀ' ਵਿਚ ਦਲਿਤ ਬੰਦੇ ਦੀ ਹੋਂਦ, ਹਸਤੀ ਅਤੇ ਪਛਾਣ ਸਬੰਧੀ ਸਵਾਲ ਹੈ ਜਿਸ ਦੇ ਕੰਨਾਂ 'ਚ ਮਨੂੰ ਵੇਲੇ ਦਾ ਢਲਿਆ ਸਿੱਕਾ ਅੱਜ ਤੱਕ ਨਹੀਂ ਨਿਕਲ ਰਿਹਾ। ਦਲਿਤ ਦੀ ਇਹ ਹੋਣੀ ਉਸ ਦੀ ਖੁਦ ਦੀ ਚੋਣ ਨਹੀਂ, ਇਹ ਉਸ 'ਤੇ ਕੁਲੀਨ ਧਿਰ ਵੱਲੋਂ ਜ਼ਬਰੀ ਥੋਪੀ ਗਈ ਹੈ। ਦਲਿਤਾਂ ਦੀ ਇਸ ਭਿਆਨਕ/ਵਿਕਰਾਲ ਸਥਿਤੀ ਦੇ ਜਿਹੜੇ ਬਿਰਤਾਂਤ ਦਲਿਤ ਕਵਿਤਾ ਵਿਚ ਪੇਸ਼ ਹੋਏ ਹਨ ਉਹ ਗ਼ੈਰ-ਦਲਿਤ ਕਵਿਤਾ ਵਿਚ ਵੇਖਣ ਨੂੰ ਨਹੀਂ ਮਿਲਦੇ।

ਦਲਿਤ ਕਵਿਤਾ ਦਾ ਮਹੱਤਵਪੂਰਨ ਸਰੋਕਾਰ ਇਹ ਵੀ ਹੈ ਕਿ ਉਹ ਆਪਣੇ ਪੁਰਖਿਆਂ ਦੇ ਜੀਵਨ ਸੰਤਾਪ ਪ੍ਰਤਿ ਵੈਣਿਕ ਸੁਰ ਹੀ ਨਹੀਂ ਅਪਣਾਉਂਦਾ ਸਗੋਂ ਉਸ ਸ਼ੋਸ਼ਣਕਾਰੀ ਸਥਾਪਿਤ ਢਾਂਚੇ ਨੂੰ ਵੰਗਾਰਵੀ ਸੁਰ ਵਿਚ ਨਕਾਰਦਾ ਵੀ ਹੈ। ਦਲਿਤ ਕਾਵਿ ਉਸ ਪੁਜਾਰੀ ਨੂੰ 'ਕਟਹਿਰੇ' ਵਿਚ ਖੜ੍ਹਾ ਕਰਨਾ ਚਾਹੁੰਦਾ ਹੈ ਜਿਸ ਨੇ ਸਦੀਆਂ ਤੋਂ ਉਨ੍ਹਾਂ ਦੇ ਹਿੱਸੇ ਦਾ ਅਸ਼ੀਰਵਾਦ ਨਿੱਜੀ ਮੁਫਾਦਾਂ ਦੀ ਪੂਰਤੀ ਲਈ ਮਹਿਫੂਜ਼ ਕੀਤਾ ਹੋਇਆ ਹੈ ਤੇ ਦਲਿਤਾਂ ਦੇ ਹਿੱਸੇ ਸਿਰਫ਼ ਥੁੜਾਂ ਮਾਰਿਆ ਨਰਕਮਈ ਜੀਵਨ ਛੱਡਿਆ ਹੈ, ਜਿਸ ਨੂੰ ਉਹ ਪਿਛਲੇ ਕੀਤੇ ਪਾਪਾਂ ਦਾ ਫ਼ਲ ਦੱਸ ਕੇ ਲੰਮੇ ਇਤਿਹਾਸ ਕਾਲ ਤੋਂ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰਦਾ ਆਇਆ ਹੈ। ਪੰਜਾਬੀ ਦਲਿਤ ਕਾਵਿ ਸੰਵੇਦਨਾ ਬ੍ਰਾਹਮਣ ਦੀਆਂ ਇਨ੍ਹਾਂ ਗੁੰਮਰਾਹਕੁਨ ਚਾਲਾਂ ਤੋਂ ਸੁਚੇਤ ਹੋ ਕੇ

ਉਸ ਦੇ ਅਖੌਤੀ ਫਲਸਫ਼ੇ ਤੋਂ ਨਾਬਰ ਹੋਣ ਦਾ ਆਕਰੋਸ਼ਮਈ ਭਾਸ਼ਾ ਵਿਚ ਐਲਾਨ ਕਰਦੀ ਹੈ:

ਉਸ ਪੁਜਾਰੀ ਨੂੰ ਵੀ ਮੈਂ
ਕਟਹਿਰੇ 'ਚ ਖੜ੍ਹਾ ਕਰਨ ਦਾ
ਬਣਾ ਲਿਆ ਹੈ/ਮਨ
ਸਦੀਆਂ ਤੋਂ ਹੀ ਮਹਿਫ਼ੂਜ ਹੈ ਜਿਸ ਕੋਲ
ਮੇਰੇ ਹਿੱਸੇ ਦਾ/ਅਸ਼ੀਰਵਾਦ 3

ਦਲਿਤ ਨੂੰ ਭਾਰਤੀ ਸਮਾਜ-ਸਭਿਆਚਾਰ ਦੀ ਕੇਂਦਰੀ ਸੱਤਾ ਵਿਚ ਹੀ ਨਹੀਂ ਸਗੋਂ ਭਾਰਤੀ ਇਤਿਹਾਸਕਾਰੀ ਵਿਚ ਵੀ ਹਾਸ਼ੀਏ 'ਤੇ ਰੱਖਿਆ ਗਿਆ ਹੈ। ਦਲਿਤ ਕਾਵਿ ਉਸ ਇਤਿਹਾਸਕਾਰੀ ਉਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ ਜਿਸ ਵਿਚ ਉਨ੍ਹਾਂ ਦੇ ਪੁਰਖਿਆਂ ਨੂੰ ਸੁਚੇਤ ਤੌਰ 'ਤੇ ਮੌਨ ਕਰ ਦਿੱਤਾ ਗਿਆ ਜਾਂ ਅਣਗੌਲਿਆਂ ਕਰ ਕੇ ਇਤਿਹਾਸ ਵਿਚੋਂ ਖ਼ਾਰਜ ਕਰ ਦਿੱਤਾ ਗਿਆ। ਗੁਰਮੀਤ ਕੱਲਰਮਾਜਰੀ ਅਜਿਹੇ ਇਤਿਹਾਸ ਨੂੰ 'ਵਿਸ਼ੈਲੇ ਇਤਿਹਾਸ' ਦਾ ਨਾਂ ਦਿੰਦਾ ਹੋਇਆ ਪ੍ਰਤਿਰੋਧੀ ਸੁਰ ਅਲਾਪਦਾ ਹੈ ਜਦਕਿ ਅਮਰਜੀਤ ਕੌਂਕੇ ਅਜਿਹੇ ਮਨ-ਮਰਜ਼ੀ ਦੇ ਲਿਖੇ ਇਤਿਹਾਸ ਨੂੰ ਤਾਕਤਵਰ ਧਿਰਾਂ ਦੇ ਹੱਥਾਂ ਦੀ ਲਿਖਤ ਵਜੋਂ ਪਛਾਣਦਾ ਹੈ ਜਿਸ ਵਿਚ ਕਮਜ਼ੋਰ ਧਿਰਾਂ ਨੂੰ ਪਿੱਠਭੂਮੀ 'ਤੇ ਧੱਕਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਸੰਤੋਖ ਸੁੱਖੀ ਦੀ ਕਵਿਤਾ 'ਵਾਰਸ' ਵਿਚ ਇਤਿਹਾਸ ਨੂੰ ਨਹੀਂ ਸਗੋਂ ਉਨ੍ਹਾਂ ਇਤਿਹਾਸਕਾਰਾਂ ਨੂੰ ਨਕਾਰਿਆ ਹੈ ਜੋ ਕੁਲੀਨ ਧਿਰਾਂ ਤੋਂ 'ਕਿਰਾਇਆ' ਲੈ ਕੇ ਪੰਜਾਬ ਦੀਆਂ ਸਬਾਲਟਰਨ ਧਿਰਾਂ ਦੇ ਵਿਰੋਧ ਵਿਚ ਭੁਗਤਦਾ ਹੈ ਅਤੇ ਪੰਜਾਬ ਨੂੰ 'ਘੁੱਗ ਵੱਸਦਾ' ਕਹਿ ਕੇ ਵਡਿਆਉਂਦਾ ਹੈ। ਇਹ ਕਵਿਤਾ ਸੰਬੋਧਨੀ ਸ਼ੈਲੀ ਅਤੇ ਕਟਾਖ਼ਸ਼ੀ ਭਾਸ਼ਾ ਵਿਧੀ ਰਾਹੀਂ ਇਤਿਹਾਸ ਦੇ ਕਾਣ ਨੂੰ ਸਿਰੇ ਤੋਂ ਨਕਾਰਦੀ ਹੈ:

ਇਤਿਹਾਸ ਸਦਾ/ਤਾਕਤਵਰ ਹੱਥ ਲਿਖਦੇ
ਇਸੇ ਲਈ ਇਤਿਹਾਸ ਵਿੱਚ/ਕਮਜ਼ੋਰ ਸਦਾ
ਪਿੱਠ ਭੂਮੀ 'ਚ ਚਲੇ ਜਾਂਦੇ 4
.....
ਜੇ ਨੰਬਰਦਾਰਾਂ ਦੇ ਘਰ/ਛਮੀਆਂ ਨਚਦੀ ਹੈ
ਤਾਂ ਸਭ ਕੁਝ ਖੁਸ਼ਹਾਲ ਨਹੀਂ ਹੁੰਦਾ। 5

ਇਸੇ ਤਰਜ 'ਤੇ ਆਧੁਨਿਕ ਦਲਿਤ ਪੰਜਾਬੀ ਕਾਵਿ ਕੁਲੀਨ ਇਤਿਹਾਸਕਾਰੀ ਦੇ ਉਸ ਕੁਹਜ ਵੱਲ ਵੀ ਸੰਕੇਤ ਕਰਦਾ ਹੈ ਜਿਸ ਵਿਚ ਦਲਿਤਾਂ/ਦਮਿਤਾਂ ਨੂੰ ਜੰਗਲੀ, ਅਸਭਿਅਕ, ਖਲਨਾਇਕ ਅਤੇ ਰਾਖਸ ਵਜੋਂ ਪੇਸ਼ ਕੀਤਾ ਜਾਂਦਾ ਹੈ ਜਿਸ ਨਾਲ ਉਨ੍ਹਾਂ ਦੀ ਅਸਲ ਪਛਾਣ ਧੁੰਦਲੀ ਹੋਈ ਹੈ। ਦਲਿਤ ਬਾਰੇ ਆਮ ਬੋਲ ਚਾਲ ਅਤੇ ਉਚ ਵਰਗੀ ਪ੍ਰਵਚਨ ਵਿਚ ਜਿਹੜਾ ਬਿਰਤਾਂਤ ਹੈ ਉਹ ਦਲਿਤ ਦੀ ਹੋਣੀ ਸਦੀਆਂ ਤੋਂ ਘੜ ਰਿਹਾ ਹੈ। ਦਲਿਤ ਦਾ ਪੁਰਖਾ ਖਲਨਾਇਕ, ਪਸ਼ੂ, ਹਿੰਸਕ ਵਜੋਂ ਪੇਸ਼ ਹੋਇਆ ਹੈ। ਆਧੁਨਿਕ ਪੰਜਾਬੀ ਕਵਿਤਾ ਇਸ ਦੀ ਪਛਾਣ ਕਰਦੀ ਹੈ:

ਤੁਹਾਡੀਆਂ ਲਿਖਤਾਂ/ਵਿਚ ਉਹ
ਜੰਗਲੀ ਹਨ/ਖਲਨਾਇਕ ਹਨ/ਇਸ ਸਦੀ ਦੇ। 6

ਇਹ ਕਵਿਤਾ ਗਿਆਨ ਸਾਧਨਾਂ 'ਤੇ ਕਾਬਜ਼ ਸੱਤਾਵਾਦੀ ਧਿਰ ਦੀਆਂ ਬਸਤੀਵਾਦੀ ਚਾਲਾਂ, ਹਰਬਿਆਂ ਤੇ ਦੰਭ ਨੂੰ ਚੇਤੰਨ ਪੱਧਰ 'ਤੇ ਸਮਝਦੀ ਹੋਈ ਇਨ੍ਹਾਂ ਦੇ ਪ੍ਰੋਖ ਵਿਹਾਰ ਦੇ ਪਾਜ ਨੂੰ ਉਘਾੜਦੀ ਹੈ। ਪ੍ਰਭੂਤਾਵਾਦੀ ਧਿਰ ਆਪਣੇ ਹਿਤਾਂ ਦੀ ਸੁਰੱਖਿਆ ਲਈ ਇਤਿਹਾਸ ਵਿਚੋਂ ਹੀ ਨਹੀਂ ਸਗੋਂ ਮਿਥਿਹਾਸ, ਸੰਸਕਾਰਾਂ, ਪਰੰਪਰਾਵਾਂ ਤੇ ਕਈ ਹੋਰ ਲਿਖਤਾਂ ਵਿਚ ਅਜਿਹੀ ਵਿਵਸਥਾ ਸਥਾਪਿਤ ਕਰਦੀ ਹੈ ਜਿਸ ਨਾਲ ਦਲਿਤਾਂ/ਦਮਿਤਾਂ ਦੇ ਸੁਪਨੇ, ਰੀਝਾਂ ਤੇ ਇੱਛਾਵਾਂ ਦਾ ਦਮਨ ਕਰ ਕੇ, ਪਛਾਣ ਨੂੰ ਧੁੰਦਲਾ, ਦੋਅਰਥੀ, ਖੰਡਿਤ ਤੇ ਅਪ੍ਰਮਾਣਿਕ ਬਣਾਉਂਦੇ ਹੋਏ ਹਾਸ਼ੀਏ 'ਤੇ ਧੱਕਦੀ ਹੈ।

ਪ੍ਰਭੂਤਾਵਾਦੀ ਧਿਰ ਦਾ ਇਹ ਵਰਤਾਰਾ ਪਿੰਡਾਂ ਵਿਚ ਹੀ ਨਹੀਂ ਸਗੋਂ ਸ਼ਹਿਰਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਬੇਸ਼ੱਕ ਅੱਜ ਦਾ ਮੱਧਵਰਗੀ ਦਲਿਤ ਪੜ੍ਹ-ਲਿਖ ਕੇ ਨੌਕਰੀ ਪੇਸ਼ੇ ਵਾਲਾ ਹੋ ਗਿਆ ਹੈ ਪਰ ਨਿਮਨ ਜਾਤੀ ਦਾ ਸੰਤਾਪ ਉਨ੍ਹਾਂ ਦਾ ਪਿੱਛਾ ਨਹੀਂ ਛੱਡਦਾ। ਦਲਿਤ ਕਿਸੇ ਵੀ ਪਿੰਡ, ਸ਼ਹਿਰ, ਸਕੂਲ, ਕਾਲਜ, ਦਫ਼ਤਰ, ਫੈਕਟਰੀ ਆਦਿ ਵਿਚ ਚਲਿਆ ਜਾਵੇ ਬੇਸ਼ੱਕ ਉਹ ਸੱਤ ਸਮੁੰਦਰੋਂ ਪਾਰ ਵੀ ਚਲਿਆ ਜਾਵੇ ਉਸ ਨੂੰ ਗਾਹੇ-ਬਗਾਹੇ ਉੱਚ-ਜਾਤੀ ਸਮੂਹ ਦੀ ਮਾਨਸਿਕ ਨਫ਼ਰਤ ਦਾ ਸ਼ਿਕਾਰ ਹੋਣ ਲਈ ਮਜਬੂਰ ਹੋਣਾ ਪੈਂਦਾ ਹੈ। ਮਦਨ ਵੀਰਾ ਅਨੁਸਾਰ ਅਜਿਹੀ ਸਥਿਤੀ ਵਿਚ ਦਲਿਤ ਬੰਦਾ ਆਦਮੀ ਤੋਂ 'ਪੈਰ' (ਸ਼ੂਦਰ) ਵਿਚ ਤਬਦੀਲ ਹੋ ਜਾਂਦਾ ਹੈ ਤੇ ਆਪਣੇ-ਆਪ ਨੂੰ ਉੱਚ-ਜਾਤੀ ਸਮੂਹ ਵਿਚ ਘਿਰਿਆ ਹੋਇਆ ਹੀਣਾ ਅਤੇ ਇਕੱਲਾ ਮਹਿਸੂਸ ਕਰਦਾ ਹੈ। ਮੌਜੂਦਾ ਦੌਰ ਵਿਚ ਮੱਧਵਰਗੀ ਦਲਿਤ ਮਨੁੱਖ ਦੀ ਇਸ ਮਾਨਸਿਕਤਾ ਜਾਂ ਸਭਿਆਚਾਰਕ ਹਾਸ਼ੀਆਗਤ ਸਥਿਤੀ ਦੇ ਭਾਵ ਨੂੰ ਆਧੁਨਿਕ ਦਲਿਤ ਪੰਜਾਬੀ ਕਾਵਿ ਵਿਚੋਂ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ:

ਇੱਕ ਦਫ਼ਤਰ ਤੋਂ ਦੂਜੇ ਦਫ਼ਤਰ
ਜਦੋਂ ਮੈਂ ਤਬਦੀਲ ਹੁੰਦਾ ਹਾਂ
ਤਾਂ ਮੇਰੇ ਪਹੁੰਚਣ ਤੋਂ ਪਹਿਲਾਂ
ਉਸ ਘਰ, ਉਸ ਸ਼ਹਿਰ, ਉਸ ਦਫ਼ਤਰ ਵਿੱਚ
ਪਹੁੰਚ ਜਾਂਦੀ ਹੈ ਮੇਰੀ ਜਾਤ 7

ਭਾਰਤੀ ਸਮਾਜ ਦਾ ਹਰ ਬੰਦਾ ਨਵੇਂ ਬੰਦੇ ਨੂੰ ਮਿਲਣ ਤੋਂ ਬਾਅਦ ਸਿੱਧੇ/ਅਸਿੱਧੇ ਢੰਗ ਨਾਲ ਉਸ ਦੀ ਜਾਤ ਜਾਣਨ ਦਾ ਇੱਛੁਕ ਹੁੰਦਾ ਹੈ। ਇਸ ਦਾ ਅਹਿਮ ਕਾਰਨ ਇਹ ਹੈ ਕਿ ਜਾਤੀ ਪਛਾਣ ਦੇ ਆਧਾਰ ਤੋਂ ਹੀ ਉਹ ਆਪਣੇ-ਬੇਗਾਨੇ, ਸਭਿਅਕ-ਅਸਭਿਅਕ, ਨੈਤਿਕ-ਅਨੈਤਿਕ ਆਦਿ ਹੋਣ ਦਾ ਅਨੁਮਾਨ ਲਗਾਉਂਦਾ ਹੈ। ਕਿਸ ਬੰਦੇ ਨਾਲ ਕਿਸ ਕਿਸਮ ਦਾ ਵਿਹਾਰ ਕੀਤਾ ਜਾਣਾ ਚਾਹੀਦਾ ਹੈ ਉਹ ਇਸੇ ਪੈਮਾਨੇ ਤੋਂ ਨਿਰਧਾਰਤ ਕਰਦਾ ਹੈ। ਇਹ ਰੁਚੀ ਗ਼ੈਰ-ਦਲਿਤ ਵਿਚ ਹੀ

ਨਹੀਂ ਸਗੋਂ ਦਲਿਤ ਵਿਅਕਤੀ ਵਿਚ ਵੀ ਵੇਖਣ ਨੂੰ ਮਿਲਦੀ ਹੈ।

ਭਾਰਤੀ ਸੰਵਿਧਾਨ ਵਿਚ ਸਭ ਨਾਗਰਿਕਾਂ ਲਈ ਜਿਊਣ ਦੇ ਬਰਾਬਰ ਹੱਕ ਹਨ ਅਤੇ ਜਾਤ-ਪਾਤ ਦੇ ਆਧਾਰ 'ਤੇ ਹੋਣ ਵਾਲੇ ਵਿਤਕਰੇ/ਸ਼ੋਸ਼ਣ ਪ੍ਰਤਿ ਸਖ਼ਤ ਸਜਾਵਾਂ ਵਾਲੇ ਕਾਨੂੰਨ ਨਿਰਧਾਰਤ ਹਨ ਪਰ ਭਾਰਤ ਦੀ ਵਿਡੰਬਨਾ ਇਹ ਹੈ ਕਿ ਇਹ ਕਾਨੂੰਨ ਲਿਖਤੀ ਰੂਪ ਵਿਚ ਤਾਂ ਦਰਜ ਹਨ ਜਦਕਿ ਵਿਹਾਰਕ ਰੂਪ ਵਿਚ ਪ੍ਰਭੂਤਾਵਾਦੀ ਧਿਰ ਵਲੋਂ ਇਨ੍ਹਾਂ ਉਤੇ ਕੋਈ ਅਮਲ ਨਹੀਂ ਕੀਤਾ ਜਾਂਦਾ। ਪ੍ਰਭੂਤਾਵਾਦੀ ਧਿਰ ਸੰਵਿਧਾਨ, ਕਾਨੂੰਨ ਅਤੇ ਨਿਆਂਇਪਾਲਿਕਾ ਤੋਂ ਖੁਦ ਨੂੰ ਉਪਰ ਮੰਨਦੀ ਹੋਈ ਦਲਿਤਾਂ ਨਾਲ ਜਾਤੀ ਵਿਤਕਰੇ ਦੇ ਆਧਾਰ 'ਤੇ ਕੁੱਟ-ਮਾਰ, ਗਾਲੀ-ਗਲੋਚ, ਸਾੜ-ਫੂਕ ਅਤੇ ਕਤਲ ਵਰਗੀਆਂ ਘਟਨਾਵਾਂ ਨੂੰ ਆਜ਼ਾਦ ਭਾਰਤ ਦੀ ਫਿਜ਼ਾ ਵਿਚ ਸ਼ਰੇਆਮ ਅੰਜਾਮ ਦੇਂਦੀ ਹੈ। ਦਲਿਤ ਕਾਵਿ ਇਨ੍ਹਾਂ ਅਮਾਨਵੀ ਵਰਤਾਰਿਆਂ ਦੀ ਨਿਸ਼ਾਨਦੇਹੀ ਕਰਦਿਆਂ ਵਿਅੰਗਾਤਮਕ ਰੂਪ ਵਿਚ ਉਭਾਰਦਾ ਹੈ:

> ਘੋੜੇ ਤੇ ਚੜ੍ਹਿਆ ਬਾਰਾਤ ਲੈ ਕੇ/ਜਾਂਦਾ ਇਕ
> ਏਕਲਬਿਆ ਦੀ ਕੁਲ ਦਾ ਇਕ/ਲਾੜ੍ਹਾ
> ਸਬੂੰਕ ਦਾ ਭਾਈ ਬੰਦ
> ਆਜ਼ਾਦ ਭਾਰਤ ਦੇ ਇਕ ਪਛੜੇ ਹੋਏ ਪਿੰਡ 'ਚ
> ਕਰ ਦਿੱਤਾ ਹੈ ਕਤਲ। 8

ਪੀੜ੍ਹੀ-ਦਰ-ਪੀੜ੍ਹੀ ਗ਼ੁਲਾਮੀ ਨੂੰ ਸਹਿੰਦੇ ਆ ਰਹੇ ਕੁਝ ਹਾਸ਼ੀਆਗਤ ਦਲਿਤਾਂ ਦੀ ਮਾਨਸਿਕਤਾ ਇਸ ਕਦਰ ਖੁੰਢੀ/ਸੁੰਨ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਆਪਣੀ ਦੇਹ ਦੇ ਪਰਤੰਤਰ ਹੋਣ ਦਾ ਅਹਿਸਾਸ ਹੀ ਨਹੀਂ ਰਹਿੰਦਾ। ਮਾਨਸਿਕ ਤੌਰ 'ਤੇ ਉਹ ਪੂਰੀ ਤਰ੍ਹਾਂ ਨਾਲ ਪ੍ਰਭੂਤਾਵਾਦੀ ਧਿਰ ਦੇ ਸਥਾਪਿਤ ਜ਼ਾਬਤੇ ਦਾ ਹਿੱਸਾ ਬਣ ਕੇ ਉਨ੍ਹਾਂ ਅਨੁਸਾਰੀ ਜੀਵਨ ਬਤੀਤ ਕਰਨ ਲੱਗ ਪੈਂਦੇ ਹਨ। ਸਵਰਾਜਬੀਰ, ਫੂਕੋ ਦੇ ਹਵਾਲੇ ਨਾਲ ਅਜਹੀ ਮਾਨਸਿਕਤਾ ਵਾਲੇ ਲੋਕਾਂ ਬਾਰੇ ਲਿਖਦਾ ਹੈ ਕਿ, "ਇਨ੍ਹਾਂ ਜ਼ਾਬਤਿਆਂ ਦਾ ਰੂਪ ਹੁਣ ਓਦਾਂ ਦਾ ਨਹੀਂ ਜਿੱਦਾਂ ਦਾ ਜਾਗੀਰਦਾਰੀ ਦੌਰ ਦੇ ਦੌਰਾਨ ਸੀ। ... ਇਨ੍ਹਾਂ ਜ਼ਾਬਤਿਆਂ ਦਾ ਰੂਪ ਸੂਖ਼ਮ ਤੇ ਚਿਹਰਾਹੀਣ ਹੈ।" 9 ਅਜਿਹੀ ਖੁੰਢੀ ਜਾਂ ਭਰਮ-ਚੇਤਨਾ ਦਾ ਸ਼ਿਕਾਰ ਹੋਈ ਮਾਨਸਿਕਤਾ ਵਾਲੇ ਦਲਿਤ ਬੰਦਿਆਂ ਦੀ ਪਛਾਣ ਕਰਦਿਆਂ ਦਲਿਤ ਕਾਵਿ ਉਨ੍ਹਾਂ ਦੀ ਜੀਵਨ ਸਥਿਤੀ ਨੂੰ ਵਿਅੰਗ ਰਾਹੀਂ ਦਰਸਾਉਂਦਿਆਂ ਜਗਾਉਣ ਦੀ ਕੋਸ਼ਿਸ਼ ਕਰਦਾ ਹੈ:

> ਘੋੜੇ ਕੋਲ/ਸਿਰਫ਼ ਹਾਂ 'ਚ ਹਿਲਾਉਣ ਲਈ ਸਿਰ ਹੈ
> ਨਰਮ ਪਿੱਠ/ਤੇ ਦਿਸ਼ਾਹੀਣ ਦੌੜ ਲਈ ਚਾਰ ਲੱਤਾਂ
> ਉਹ ਦੌੜਦਾ ਹੈ ਸਵਾਰ ਦੇ ਹੁਕਮ ਤੇ 10

ਇਹ ਦਲਿਤ ਕਾਵਿ ਸਦੀਆਂ ਤੋਂ ਸਤਾਏ, ਦਬਾਏ ਅਤੇ ਹਾਸ਼ੀਏ 'ਤੇ ਧੱਕੇ ਹੋਏ ਨੀਵਿਆਂ ਦੀ ਇਕ ਮਹੱਤਵਪੂਰਨ ਆਵਾਜ਼ ਬਣਨ ਦੇ ਨਾਲ-ਨਾਲ ਦਮਨਕਾਰ ਨਾਲ ਸਹਿਚਾਰੀ ਸਬੰਧ ਬਣਾਉਣ ਲਈ ਪ੍ਰੇਰਤ ਕਰਦਾ, ਮਨੁੱਖੀ-ਸਮਾਜੀ ਪ੍ਰਵਚਨ ਵਜੋਂ ਉਭਰਦਾ ਹੈ। ਇਹ ਕਾਵਿ ਦਲਿਤਾਂ ਦੀ ਇਤਿਹਾਸਕ ਅਤੇ ਮਿਥਿਹਾਸਕ ਹੀ ਨਹੀਂ ਸਗੋਂ ਮੌਜੂਦਾ ਸਮੇਂ ਦੀ ਸਮਾਜ-ਸਭਿਆਚਾਰਕ, ਆਰਥਿਕ, ਰਾਜਨੀਤਕ, ਧਾਰਮਿਕ, ਵਿਦਿਅਕ ਅਤੇ ਪ੍ਰਸ਼ਾਸਨਿਕ ਹਾਸ਼ੀਆਗਤ ਸਥਿਤੀ ਨੂੰ ਉਭਾਰਨ ਲਈ ਵੀ ਅਗਰਸ਼ੀਲ ਹੈ ਬੇਸ਼ੱਕ ਪੰਜਾਬੀ ਸਾਹਿਤ ਦੇ ਇਤਿਹਾਸਕ ਸੰਦਰਭ ਵਿਚ ਵੇਖਿਆ ਜਾਵੇ ਤਾਂ ਦਲਿਤਾਂ ਦੀ ਸਬਾਲਟਰਨ ਹੋਣੀ ਦੇ ਸਰੋਕਾਰਾਂ ਦੀ ਗੂੰਜ ਮੱਧਕਾਲੀ ਸਾਹਿਤ ਦੇ ਸਮੇਂ ਤੋਂ ਹੀ ਆਰੰਭ ਹੋ ਜਾਂਦੀ ਹੈ ਜੋ ਆਧੁਨਿਕ ਪੰਜਾਬੀ ਕਾਵਿ ਤੱਕ ਪਹੁੰਚਦਿਆਂ ਹੋਰ ਵੀ ਪ੍ਰਚੰਡ ਰੂਪ ਧਾਰਨ ਕਰ ਲੈਂਦੀ ਹੈ। ਆਧੁਨਿਕ ਪੰਜਾਬੀ ਕਵਿਤਾ ਇਨ੍ਹਾਂ ਬੇਪਛਾਣ, ਬੇਨਾਵੇ, ਬੇਵਤਨੇ, ਬਰਦੇ, ਬੌਣੇ, ਨਿਓਟੇ, ਵਿਛੁੰਨੇ, ਤੁੱਛ, ਹੀਣੇ, ਸਹਿਮੇ, ਡਰਾਏ, ਸਤਾਏ ਅਤੇ ਚੁੱਪ ਕਰਾਏ ਦਲਿਤਾਂ ਦੀ ਆਵਾਜ਼ ਬਣਦੀ, ਉਨ੍ਹਾਂ ਦੀ ਹੋਂਦ ਨੂੰ ਸਮਾਜ-ਸਭਿਆਚਾਰ ਦੀ ਕੇਂਦਰੀ ਸੱਤਾ ਵਿਚ ਦਰਜ ਕਰਨ ਦਾ ਜਤਨ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਸਰਬਜੀਤ ਸਿੰਘ, "ਦਲਿਤ ਪਛਾਣ ਅਤੇ ਸਮਕਾਲੀ ਪੰਜਾਬੀ ਕਵਿਤਾ", ਦਲਿਤ ਦ੍ਰਿਸ਼ਟੀ, (ਸੰਪਾ. ਡਾ. ਸਰਬਜੀਤ ਸਿੰਘ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 104.
2. ਗੁਰਮੀਤ ਕੱਲਰਮਾਜਰੀ, ਮੇਰੇ ਪੁਰਖੇ, ਹਾਸ਼ੀਆ ਪਬਲੀਕੇਸ਼ਨ, ਪਟਿਆਲਾ, 2011, ਪੰਨਾ 95.
3. ਗੁਰਮੀਤ ਕੱਲਰਮਾਜਰੀ, ਮੇਰੇ ਪੁਰਖੇ, ਪੰਨਾ 36.
4. ਅਮਰਜੀਤ ਕੌਂਕੇ, ਪਿਆਸ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2013, ਪੰਨਾ 63.
5. ਸੰਤੋਖ ਸਿੰਘ ਸੁੱਖੀ, ਹਾਉਕੇ ਦੀ ਲਾਟ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ 41.
6. ਗੁਰਮੀਤ ਕੱਲਰਮਾਜਰੀ, ਮੇਰੇ ਪੁਰਖੇ, ਪੰਨਾ 16.
7. ਮਦਨ ਵੀਰਾ, ਭਾਖਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ 11.
8. ਗੁਰਮੀਤ ਕੱਲਰਮਾਜਰੀ, ਮੇਰੇ ਪੁਰਖੇ, ਪੰਨੇ 82-83.
9. ਸਵਰਾਜਬੀਰ, "ਹਾਸ਼ੀਆਗਤ ਧਿਰਾਂ ਦੀ ਸਮਕਾਲੀ ਚੇਤਨਾ", ਕਾਵਿ-ਸ਼ਾਸਤਰ (ਸਬਾਲਟਰਨ ਸਟੱਡੀਜ਼ ਸਨਮੁਖ ਸੰਵਾਦ), ਪੰਨਾ 202.
10. ਮਦਨ ਵੀਰਾ, ਭਾਖਿਆ, ਪੰਨੇ 54-55.



**ਸਹਾਇਕ ਪ੍ਰੋਫੈਸਰ,**
**ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀ.**
**ਫਤਿਹਗੜ੍ਹ ਸਹਿਬ**

# ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ (ਲਹਿਰ ਹੁਲਾਰੇ ਸੰਗ੍ਰਹਿ ਵਿਚੋਂ) ਦੀ ਈਕੋ-ਸਮੀਖਿਆ

**ਸੁਪ੍ਰੀਤ ਕੌਰ**

ਆਧੁਨਿਕ ਪੰਜਾਬੀ ਪ੍ਰਗੀਤ ਦਾ ਮੁੱਢ ਸਹੀ ਅਰਥਾਂ ਵਿੱਚ ਭਾਈ ਵੀਰ ਸਿੰਘ ਨਾਲ ਬੱਝਦਾ ਹੈ। ਉਨਾਂ ਨੂੰ ਨਿੱਕੀ ਕਵਿਤਾ ਦਾ ਵੱਡਾ ਕਵੀ ਅਤੇ ਆਧੁਨਿਕ ਪੰਜਾਬੀ ਸਾਹਿਤ ਦਾ ਜਨਮਦਾਤਾ ਮੰਨਿਆ ਜਾਂਦਾ ਹੈ। 'ਲਹਿਰ ਹੁਲਾਰੇ' ਉਨਾਂ ਦੀਆਂ 79 ਚੋਣਵੀਆਂ ਅਤੇ ਪ੍ਰਮੁੱਖ ਕਵਿਤਾਵਾਂ ਦਾ ਸੁੰਦਰ ਸੰਕਲਨ ਹੈ। ਖਿਆਲਾਂ ਦੀ ਖੂਬਸੂਰਤ ਜੜਤ ਤੇ ਡੂੰਘਾਈ, ਕਲਪਨਾ ਦੀ ਉੱਚਤਮ ਉਡਾਰੀ, ਭਾਵਾਂ ਦਾ ਬੇਪ੍ਰਵਾਹ ਤੇ ਅਰੁਕ ਵਹਿਣ ਅਤੇ ਲੱਯ ਦੀ ਰਸਦਾਇਕਤਾ ਕਰਕੇ, ਇਹ ਆਧੁਨਿਕ ਪੰਜਾਬੀ ਕਾਵਿ ਦਾ ਬੜਾ ਬਿਹਤਰੀਨ ਨਮੂਨਾ ਹੈ।1 ਭਾਈ ਵੀਰ ਸਿੰਘ ਵਿਅਕਤੀਵਾਦੀ ਰਹਿਸਵਾਦੀ ਅਤੇ ਕੁਦਰਤ ਦੇ ਕਵੀ ਵਜੋਂ ਉਭਰਦਾ ਹੈ। ਉਹ ਮਸਤੀ ਅਤੇ ਵਲਵਲਿਆਂ ਦਾ ਕਵੀ ਹੈ। ਉਹ ਆਤਮਿਕ ਜਗਿਆਸੂ ਸਨ ਭਾਈ ਵੀਰ ਸਿੰਘ ਦਾ ਬੌਧਿਕ ਆਧਾਰ ਗੁਰਮਤਿ ਦਰਸ਼ਨ ਹੈ, ਪਰ ਉਹਨਾਂ ਦੀ ਅਨੁਭਵ ਪ੍ਰਕਿਰਿਆ ਅਤੇ ਵਿਆਖਿਆ ਵਿਧੀ ਵਿਅਕਤੀਵਾਦੀ ਹੈ। ਉਹਨਾਂ ਦੀ ਮਾਨਵਤਾ ਅਤੇ ਪ੍ਰਕਿਰਤੀ ਪ੍ਰੇਮ ਦਾ ਕੇਂਦਰ ਬਿੰਦੂ ਧਰਮ ਹੀ ਹੈ। ਉਹਨਾਂ ਨੂੰ ਪ੍ਰਕਿਰਤੀ ਵੀ ਕਿਸੇ ਧਾਰਮਿਕ ਲੀਲਾ ਦਾ ਵਿਸਥਾਰ ਨਜ਼ਰ ਆਉਂਦੀ ਹੈ।2

ਇਸੇ ਤਰ੍ਹਾਂ ਹੀ ਸਾਹਿਤ ਅਤੇ ਵਾਤਾਵਰਣ ਵਿਚਲਾ ਸੰਬੰਧ ਜੋ ਲਿਖਤਾਂ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਮੌਜੂਦ ਹੈ ਈਕੋ-ਸਮੀਖਿਆ ਉਨਾਂ ਸੰਬੰਧਾਂ ਨੂੰ ਬਿਆਨ ਕਰਦੀ ਹੈ। ਸਾਹਿਤ ਦੀ ਕੋਈ ਵੀ ਵਿਧਾ ਹੋਵੇ ਈਕੋ-ਸਮੀਖਿਆਕਾਰ ਉਸਦੇ ਅੰਤਰਗਤ ਪੇਸ਼ ਵਾਤਾਵਰਣੀ ਸੰਕਲਪਾਂ ਦੀ ਵਿਆਖਿਆ ਨੂੰ ਤਲਾਸ਼ਦਾ ਹੈ। ਇਹ ਵਾਤਾਵਰਣਿਕ ਪੇਸ਼ਕਾਰੀ ਭਾਵੇਂ ਰੂਪਕ ਜਾਂ ਸਾਹਿਤਕ ਜੁਗਤਾਂ ਦੇ ਰੂਪ ਵਿੱਚ ਹੋਵੇ ਜਾਂ ਵਿਸ਼ੇ ਦੀ ਵਿਆਖਿਆ ਕਰਦੀ ਹੋਵੇ। ਵਿਸ਼ਵ ਪੱਧਰ ਤੇ ਜੀਵਨ ਨੂੰ ਬਚਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਿਚੋਂ ਹੀ ਇੱਕ ਈਕੋ-ਸਮੀਖਿਆ ਹੈ। ਈਕੋ-ਸਮੀਖਿਆ ਇਕ ਲਹਿਰ ਦੇ ਰੂਪ ਵਿੱਚ ਪੈਦਾ ਹੋਈ। ਇਸਦੇ ਅੰਤਰਗਤ ਸਾਹਿਤ ਤੇ ਵਾਤਾਵਰਣ ਵਿਚਲੇ ਅੰਤਰ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। 20ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਇਸ ਅਧਿਐਨ ਦ੍ਰਿਸ਼ਟੀ ਦੀ ਵਰਤੋਂ ਕਈ ਨਾਂਵਾਂ ਅਧੀਨ ਕੀਤੀ ਜਾਣੀ ਸ਼ੁਰੂ ਹੋਈ। ਈਕੋ-ਸਮੀਖਿਆ ਸਾਹਿਤਿਕ ਲਿਖਤਾਂ ਅਤੇ ਭੌਤਿਕ ਵਾਤਾਵਰਣ ਵਿਚਲੇ ਸੰਬੰਧਾਂ ਦੀ ਪੁਨਰ-ਪੜਚੋਲ ਕਰਦਿਆਂ ਕੁਦਰਤ ਨਾਲ ਸਹਿਹੋਂਦ ਵਾਲਾ ਰਿਸ਼ਤਾ ਗੰਢਣ ਲਈ ਪ੍ਰੇਰਦੀ ਹੈ। ਈਕੋ-ਸਮੀਖਿਆ ਸ਼ਬਦ ਦੀ ਪਹਿਲੀ ਵਾਰ ਵਰਤੋਂ ਵਿਲੀਅਮ ਰੂਕਰਟ (William Rueckert) ਨੇ 1978 ਈ. ਵਿੱਚ ਆਪਣੇ ਲੇਖ 'ਲਿਟਰੇਚਰ ਐਂਡ ਈਕੋਲੋਜੀ : ਐਨ ਇਕਸਪੈਰੀਮੈਂਟ ਇਨ ਈਕੋਕਰੀਟੀਸਿਜ਼ਮ (Literature and Ecology : An Experiment in Ecocriticism) ਵਿੱਚ ਕੀਤੀ। ਉਸਦੇ ਅਨੁਸਾਰ ਈਕੋ-ਸਮੀਖਿਆ ਦਾ ਅਰਥ ਸਾਹਿਤ ਦੀ ਪਰਖ ਲਈ ਈਕੋਲੋਜੀ ਤੇ ਈਕੋਲੋਜੀਕਲ ਸੰਕਲਪਾਂ ਦੀ ਵਰਤੋਂ ਕਰਨਾ ਹੈ।3 ਈਕੋ-ਸਮੀਖਿਆ ਅਧਿਐਨ ਵਿਧੀ ਦੇ ਰੂਪ ਵਿੱਚ ਪੈਦਾ ਹੋਈ, ਪ੍ਰੰਤੂ ਇਸ ਅਧਿਐਨ ਵਿਧੀ ਦਾ ਘੇਰਾ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਇਹ ਮਨੁੱਖ ਦੇ ਵਾਤਾਵਰਣ ਪ੍ਰਤੀ ਰਵੱਈਏ ਨੂੰ ਮੁੜ ਸਾਕਾਰਾਤਮਕ ਬਣਾਉਣ ਲਈ ਉਸਨੂੰ ਵਾਤਾਵਰਣ ਨਾਲ ਅਨੁਕੂਲ ਰਿਸ਼ਤਾ ਸਿਰਜਣ ਲਈ ਪ੍ਰੇਰਦੀ ਹੈ। ਈਕੋ-ਸਮੀਖਿਆ ਸਾਹਿਤਕ ਲਿਖਤਾਂ ਵਿਚ ਮਨੁੱਖ ਦੇ ਨਾਲ-ਨਾਲ ਸਮੁੱਚੇ ਬ੍ਰਹਿਮੰਡ, ਜੀਵ-ਜੰਤੂਆਂ, ਜੰਗਲੀ ਜੀਵਨ, ਭੋਜਨ ਪ੍ਰਣਾਲੀ ਵਿਚ ਮਨੁੱਖ ਦੀ ਥਾਂ, ਜੈਵਿਕ ਵਿਭਿੰਨਤਾ, ਵਾਤਾਵਰਨੀ ਸਮਤੋਲ, ਪ੍ਰਦੂਸ਼ਣ, ਕੀਟਨਾਸ਼ਕਾਂ ਦੀ ਵਰਤੋਂ ਆਦਿ ਅਨੇਕਾਂ ਹੀ ਜੀਵਨ ਅਤੇ ਵਾਤਾਵਰਣ ਸਬੰਧੀ ਵਰਤਾਰਿਆਂ ਦੀ ਪੇਸ਼ਕਾਰੀ ਨੂੰ ਪਰਖਦੀ ਹੈ। ਇਸਦੀ ਸ਼ੁਰੂਆਤ ਮਨੁੱਖਤਾ ਦਾ ਵਾਤਾਵਰਣ ਤੇ ਨਾਕਾਰਾਤਮਕ ਪ੍ਰਭਾਵ ਦਿਖਾਉਣ ਲਈ ਹੋਈ। ਈਕੋਲੋਜੀ ਇਕ ਮਹੱਤਵਪੂਰਨ ਤਬਦੀਲੀ ਵਜੋਂ ਮਨੁੱਖ ਦਾ ਮਨੁੱਖਤਾ ਅਤੇ ਕੁਦਰਤ ਨੂੰ ਲੈ ਕੇ ਇਕ ਬਦਲਿਆ ਹੋਇਆ ਨਜ਼ਰੀਆ ਪੇਸ਼ ਕਰਦੀ ਹੈ।

ਭਾਈ ਵੀਰ ਸਿੰਘ ਅੰਗਰੇਜੀ ਕਵੀ ਵਰਡਜ਼ ਵਰਥ ਵਾਂਗ ਪ੍ਰਕਿਰਤੀ ਦੀ ਸੁੰਦਰਤਾ ਦਾ ਕਵੀ ਹੈ। ਪ੍ਰੋ. ਪੂਰਨ ਸਿੰਘ ਆਪਣੇ ਇਕ ਲੇਖ 'ਕਵੀ ਦਾ ਦਿੱਲ' ਵਿਚ ਆਖਦੇ ਹਨ- ਕਵੀ ਤਾਂ ਦੂਰ ਪਹੁੰਚੀ ਰੱਬ ਦੀ ਕਰਾਮਾਤ ਹੈ, ਉਹ ਤਾਂ ਕੁਦਰਤ ਦਾ ਕ੍ਰਿਸ਼ਮਾ ਹੈ।4 ਸਚਮੁੱਚ ਹੀ ਕਵੀ ਕੁਦਰਤ ਦਾ ਕ੍ਰਿਸ਼ਮਾ ਹੁੰਦਾ ਹੈ, ਹਰ ਕਵੀ ਦਾ ਕੁਦਰਤ ਪ੍ਰਤੀ ਆਪਣਾ ਨਵੇਕਲਾ ਅਨੁਭਵ ਹੁੰਦਾ ਹੈ, ਜਿਸਨੂੰ ਉਹ ਆਪਣੀਆਂ ਰਚਨਾਵਾਂ ਵਿੱਚ ਬਿਆਨ ਕਰਦਾ ਹੈ। ਭਾਈ ਵੀਰ ਸਿੰਘ ਨੇ ਇਸ ਕਾਵਿ ਸੰਗ੍ਰਹਿ ਦੇ ਅਧੀਨ ਹਿਮਾਲਾ ਪਰਬਤ ਤੋਂ ਲੈ ਕੇ ਗੰਗਾ ਮਨਾ, ਗੁਦਾਵਰੀ ਅਟਕ ਆਦਿਕ ਨਦੀਆਂ ਅਤੇ ਦੇਸ਼ ਦੇ ਕਿੱਕਰਾਂ ਟਾਲੀਆਂ, ਪਲਿਆਂ ਤੇ ਮਹਿੰਦੀ ਦੇ ਬੂਟਿਆਂ ਤੋਂ ਲੈ ਕੇ ਸੇਬਾਂ, ਨਾਸ਼ਪਾਤੀਆਂ ਅਤੇ ਬੇਰਾਂ ਤੱਕ ਨੂੰ ਆਪਣੀ ਪ੍ਰੇਰਨਾ ਦਾ ਸਰੋਤ ਮੰਨਿਆ ਹੈ। ਇਸ ਪੁਸਤਕ ਦਾ ਪ੍ਰਥਮ ਵਿਸ਼ਾ ਹੀ ਪ੍ਰਕਿਰਤਕ ਸੁੰਦਰਤਾ ਨੂੰ ਬਿਆਨ ਕਰਨਾ ਹੈ। ਪ੍ਰਕਿਰਤੀ ਦਾ ਵਰਣਨ ਕਵੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਆਦਿ ਕਾਲ ਤੋਂ ਹੀ ਕੀਤਾ ਹੈ ਪਰੰਤੂ ਭਾਈ ਵੀਰ ਸਿੰਘ ਅਜਿਹੇ ਕਵੀ ਹਨ ਜਿਨ੍ਹਾਂ ਹੇ ਕੁਦਰਤ ਨਾਲ ਇਕਮਿਕ ਹੋ ਕੇ ਇਸਨੂੰ ਕਵਿਤਾ ਵਿੱਚ ਬਿਆਨਿਆ ਹੈ ਇਸ ਕਰਕੇ ਹੀ ਪੰਜਾਬੀ ਦੇ ਪ੍ਰਸਿਧ ਸਮਾਲੋਚਕ ਡਾ. ਦੀਵਾਨ ਸਿੰਘ ਉਸਨੂੰ "ਕੁਦਰਤ ਦੀ ਕਵਿਤਾ" ਦਾ ਮੋਢੀ ਕਵੀ ਕਹਿੰਦਾ ਹਨ। ਉਹਨਾਂ ਦੇ ਅਨੁਸਾਰ,'ਪੰਜਾਬੀ ਵਿੱਚ ਭਾਈ ਵੀਰ ਸਿੰਘ ਕੁਦਰਤ ਦੀ ਕਵਿਤਾ ਦਾ ਮੋਢੀ ਹੈ। ਉਸਦਾ ਕੁਦਰਤ ਨਾਲ ਅਥਾਹ ਪਿਆ ਹੈ। ਕੁਦਰਤ ਨੂੰ ਮਨੁਖੀ ਜੀਵਨ ਤੋਂ ਵੱਖਰਾ ਨਹੀਂ

ਕੀਤਾ ਜਾ ਸਕਦਾ। ਮਨੁੱਖੀ ਜੀਵਨ ਲਈ ਇਹ ਪ੍ਰਭੂ ਦਾ ਰਚਿਆ ਹੋਇਆ ਬਾਹਰਮੁਖੀ ਪਿਛੋਕੜ ਹੈ ਜਿਸ ਵਿੱਚ ਮਨੁੱਖੀ-ਹਿਰਦੇ ਨੂੰ ਟੁੰਬਣ ਵਾਲੇ ਸਾਧਨ ਸੁੰਦਰਤਾ, ਸੁਹਜ, ਰਸ, ਅਨੰਦ, ਸਰੂਰ, ਸੰਗੀਤ ਆਦਿ ਦਾ ਇਕ ਅਗੰਮੀ ਪ੍ਰਕਾਸ਼ ਹੈ। ਕੁਦਰਤ ਦਾ ਖੇੜਾ ਰੱਬ ਦੀ ਰੱਬਤਾ ਦਾ ਜਲਵਾ ਹੈ ਕਵੀ ਦਾ ਅੰਦਰਲਾ ਰਹੱਸਵਾਦ ਇਸ ਵਿੱਚ ਇਕ ਵਿਸਮਾਦ ਜਨਕ ਸੁਨੇਹਾ ਲਭਦਾ ਹੈ।5 ਬਿਨਫਸ਼ਾਂ ਦਾ ਫੁੱਲ, ਗੁਲਾਬ ਦਾ ਫੁੱਲ, ਕਿੱਕਰ ਅਤੇ ਬ੍ਰਿਛ ਆਦਿ ਕਵਿਤਾਵਾਂ ਵਿਚੋਂ ਭਾਈ ਵੀਰ ਸਿੰਘ ਦਾ ਅੰਦਰਲਾ ਰਹੱਸਵਾਦ ਇਕ ਵਿਸਮਾਦੀ ਸੁਨੇਹਾ ਭਾਲਦਾ ਪ੍ਰਤੀਤ ਹੁੰਦਾ ਹੈ। ਇਹਨਾਂ ਕਵਿਤਾਵਾਂ ਵਿਚ ਕੁਦਰਤ ਨੂੰ ਬਹੁਤ ਸਿਆਣੇ ਅਤੇ ਸੂਝਵਾਨ ਰੂਪ ਵਿੱਚ ਮਨੁੱਖ ਨੂੰ ਉਦੇਸ਼ ਤੇ ਹਦਾਇਤਾਂ ਦਿੰਦੇ ਦਿਖਾਇਆ ਗਿਆ ਹੈ। ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਵਿਚ ਪੇਸ਼ ਕੁਦਰਤ ਬਹੁਤ ਸ਼ਕਤੀਸ਼ਾਲੀ ਹੈ ਅਤੇ ਇਸਦਾ ਪਸਾਰਾ ਕਿਸੇ ਸੀਮਾ ਵਿੱਚ ਨਿਸ਼ਚਿਤ ਕਰਨਾ ਅਸੰਭਵ ਹੈ ਕਿਉਕਿ ਕੁਦਰਤ ਅਸੀਮ ਹੈ। ਉਹਨਾਂ ਦੇ ਆਪਣੇ ਕਥਨ ਅਨੁਸਾਰ ਇਹਨਾਂ ਵਿੱਚ ਸਭ ਮਹਿ ਜੋਤਿ ਜੋਤਿ ਹੈ ਸੋਇ ਦੀ ਦਰਸ਼ਨ ਤਾਂਘ ਹੈ।6

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਕੇਵਲ ਕੁਦਰਤ ਦਾ ਬਾਹਰੀ ਵਰਨਣ ਹੀ ਨਹੀਂ ਬਲਕਿ ਉਹ ਕੁਰਦਤ ਦੀ ਮੌਜੂਦਗੀ ਨੂੰ ਮਹਿਸੂਸਦੇ ਅਤੇ ਮਾਣਦੇ ਵੀ ਹਨ। ਉਹਨਾਂ ਦੇ ਅਨੁਸਾਰ ਕੁਦਰਤ ਵਿਚੋਂ ਹੀ ਕਾਦਰ ਦੀ ਸੁਰ ਅਤੇ ਕਾਦਰ ਨੂੰ ਲੱਭਿਆ ਜਾ ਸਕਦਾ ਹੈ। ਇਸ ਗੱਲ ਦਾ ਸਪਸ਼ਟ ਪ੍ਰਮਾਣ 'ਚੜ੍ਹ ਚੱਕ ਤੇ ਚੱਕ ਘੁਮਾਨੀਆਂ'7 ਕਵਿਤਾਵਾਂ ਵਿਚ ਵੇਖਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਨੂੰ ਕੇਵਲ ਕੁਦਰਤ ਦੇ ਕਿਸੇ ਵਿਸ਼ੇਸ਼ ਅੰਗ ਨਾਲ ਹੀ ਪਿਆਰ ਨਹੀਂ ਬਲਕਿ ਉਹ ਸਮੁੱਚੀ ਕੁਦਰਤ ਤੇ ਇਸਦੇ ਵਰਤਾਰਿਆਂ ਨੂੰ ਹੀ ਪਿਆਰਦੇ ਸਨ। ਕੁਦਰਤ ਵਿਚਲਾ ਕੋਈ ਵੀ ਅੰਗ ਅਜਿਹਾ ਨਹੀਂ ਹੈ ਜਿਹੜਾ ਉਨ੍ਹਾਂ ਦੀਆਂ ਨਜਰਾਂ ਤੋਂ ਪਰੋਖੇ ਰਿਹਾ ਹੋਵੇ। ਉਨ੍ਹਾਂ ਦੀਆਂ ਰਚਨਾਵਾਂ ਵਿਚ ਕੁਦਰਤ ਵਿਚਲੀ ਹਰ ਸ਼ੈਅ ਜਿਊਂਦੀ ਜਾਗਦੀ ਪ੍ਰਤੀਤ ਹੁੰਦੀ ਹੈ। ਸਤਰੰਗੀਆਂ ਪੀਘਾਂ, ਪੇਂਡੂ ਬੇਰਾਂ, ਮਹਿਕਾਂ ਦੇ ਮੁਫਤ ਵੰਡਦੇ ਫੁੱਲਾਂ, ਬੇਪ੍ਰਵਾਹ ਵਗਦੇ ਚਸ਼ਮਿਆਂ, ਝੀਲਾਂ, ਨਦੀਆਂ ਬੱਦਲਾਂ ਪੰਛੀਆਂ ਅਤੇ ਸ਼ਾਖਾਂ-ਗੱਲ ਲਗਦੀਆਂ ਵੇਲਾਂ ਆਦਿ ਹਰ ਨਿੱਕੀ ਵੱਡੀ ਸ਼ੈਅ ਨੂੰ ਇਕੋ ਜਿਹੀ ਸੁਹਿਰਦਤਾ ਨਾਲ ਬਿਆਨ ਕੀਤਾ ਹੈ। ਕੁਦਰਤ ਕੇਵਲ ਮਨੁੱਖ ਨੂੰ ਸੁੱਖਾਂ ਵਿੱਚ ਹੀ ਸਾਥ ਨਹੀਂ ਬਖਸ਼ਦੀ ਬਲਕਿ ਉਸਦੀ ਜ਼ਿੰਦਗੀ ਵਿੱਚਲੇ ਦੁੱਖਾਂ ਅਤੇ ਤਕਲੀਫਾਂ ਵਿਚ ਵੀ ਆਪਣੇ ਦਰਵਾਜੇ ਬਿਨਾਂ ਸੰਕੋਚ ਦੇ ਹਰ ਮਨੁੱਖ ਲਈ ਖੋਲ੍ਹਦੀ ਹੈ ਅਤੇ ਇਕ ਸ਼ਰਨ ਵੀ ਪ੍ਰਦਾਨ ਕਰਦੀ ਹੈ। "ਕੁਦਰਤ ਮਨੁੱਖ ਦੇ ਦੁੱਖਾਂ ਦੀ ਦਾਰੂ ਹੈ। ਉਹ ਪਿਆਰ ਵਿਚ ਖੀਵੀ ਵੀ ਹੁੰਦੀ ਹੈ ਤੇ ਬਿਰਹੋਂ ਵਿੱਚ ਵਿਲਕਦੀ ਤੇ ਮਿਲਣ ਲਈ ਤਰਸਦੀ ਝੂਲਦੀ ਅਤੇ ਅਰਜ਼ੋਈਆਂ ਵੀ ਕਰਦੀ ਹੈ।8

ਭਾਈ ਵੀਰ ਸਿੰਘ ਕੇਵਲ ਕੁਦਰਤ ਨੂੰ ਹੀ ਮਾਣਨ ਅਤੇ ਹਰ ਜੀਵਤ ਸ਼ੈਅ ਨੂੰ ਜਿਉਣ ਦਾ ਹੱਕ ਦੇਣ ਲਈ ਨਹੀਂ ਪ੍ਰੇਰਦੇ ਬਲਕਿ ਉਹ ਗੁਲਾਮੀ ਦੀਆ ਅਤੇ ਅਧੀਨਗੀ ਦੀਆਂ ਜੰਜੀਰਾਂ ਤੋੜਨ ਦਾ ਵੀ ਉਤਸ਼ਾਹ ਪੱਕਾ ਕਰਦੇ ਹਨ। ਜਿਵੇਂ ਗੰਗਾ ਰਾਮ, ਪੱਧਰ ਕੰਬਣੀਆਂ, ਅਟਕ ਅਤੇ ਗੁਲਾਬ ਦੀ ਲਾਂਠ ਆਦਿ ਕਵਿਤਾਵਾਂ ਵਿੱਚ ਦਰਸਾਇਆ ਗਿਆ ਹੈ। ਉਹ ਆਜਾਦ ਸੋਚ ਵਾਲੇ ਜੀਵਨ ਨੂੰ ਸ਼੍ਰੇਸ਼ਟ ਮੰਨਦੇ ਹਨ

ਫੇਟ ਭਰੇ, ਚਾਹਿ ਊਣਾ ਰਹਿ ਜਾਏ
ਖੁੱਲ ਨਾ ਸਾਡੀ ਕਦੇ ਮਰੇ।
ਪਾਣ ਪਿੰਜਰੇ, ਦੇਣ ਚੂਰੀਆਂ
ਅੱਗੇ ਸਖੀ, ਮਿਲਾਣੀ ਨਾ।9

ਡਾ. ਅਤਰ ਸਿੰਘ ਲਿਖਦੇ ਹਨ: ਮਨੁੱਖ ਦੀ ਅਜ਼ਲੀ ਭਟਕਣਾ, ਅਸੰਖਾ ਰਹੱਸ ਭਰੇ ਅਨਾਦੀ ਅਤੇ ਅਨੰਤ ਪ੍ਰਸ਼ਨਾਂ ਦੀਆਂ ਇਹ ਲੜੀਆਂ, ਟੁੱਟਦੇ ਬਣਦੇ ਨਿਸਚੇ ਤੇ ਵਿਸ਼ਵਾਸ਼ ਅਤੇ ਉਹਨਾਂ ਤੋਂ ਵੀ ਵੱਧ ਬਲਵਾਨ ਸੰਦੇਹ ਸੰਸੇ, ਇਹ ਸਾਰੇ ਅਜਿਹੇ ਤੱਥ ਹਨ ਜਿਹੜੇ ਆਧੁਨਿਕ ਕਵਿਤਾ ਵਿੱਚ ਪਹਿਲੀ ਵਾਰ ਭਾਈ ਵੀਰ ਸਿੰਘ ਦੁਆਰਾ ਵਿਅਕਤ ਹੋਏ ਹਨ।10 ਆਤਮਾ ਦੀ ਪ੍ਰਮਾਤਮਾ ਲਈ ਭਟਕਣਾ ਨੂੰ ਭਾਈ ਵੀਰ ਸਿੰਘ ਨੇ ਆਪਣੇ ਪ੍ਰਗੀਤਾਂ ਦਾ ਮੂਲ ਆਧਾਰ ਬਣਾਇਆ ਹੈ। ਭਾਈ ਵੀਰ ਸਿੰਘ ਨੇ ਮਨੁੱਖੀ ਸੰਜਮ ਅਤੇ ਹਰ ਦੁੱਖ ਸੁਖ ਦੀ ਘੜੀ ਵਿਚ ਮਾਨਸਿਕ ਤੌਰ ਤੇ ਇਕਸਾਰਤਾ ਕਾਇਮ ਕਰਨ ਨੂੰ ਵੀ ਅਹਿਮੀਅਤ ਦਿੱਤੀ ਹੈ ਜੋ ਸਹਿਹੋਂਦ ਵਾਲਾ ਸਮਾਜ ਸਿਰਜਣ ਲਈ ਇਕ ਅਗਾਂਹ ਵਧੂ ਕਦਮ ਹੈ। ਮਨੁੱਖ ਦੁੱਖ ਵਿਚ ਡੋਲੇ ਨਾ ਅਤੇ ਖੁਸ਼ੀ ਵਿਚ ਆਪੇ ਤੋਂ ਬਾਹਰ ਹੋ ਕੇ ਉਡਾਰੀਆਂ ਨਾ ਮਾਰੇ ਸਗੋਂ ਹਮੇਸ਼ ਆਪਣੇ ਪੈਰ ਧਰਤੀ ਤੇ ਹੀ ਰੱਖਦਾ ਅੱਗੇ ਵਧਦਾ ਰਹੇ। ਅਜਿਹੇ ਗੁਣਾਂ ਦਾ ਧਾਰਨੀ ਮਨੁੱਖ ਹੀ ਦੂਸਰੇ ਦੇ ਜੀਵਨ ਦੀ ਹੋਂਦ ਨੂੰ ਸਵਿਕਾਰ ਕਰ ਸਕਦਾ ਹੈ। ਨੈਤਿਕਤਾ ਉਹ ਚੰਗੇ ਕਰਮ ਹਨ ਜੋ ਜੀਵ ਦੀ ਯੋਗ ਅਗਵਾਈ ਕਰਦੇ ਹਨ ਤਾਂ ਜੋ ਉਹ ਆਪਣੇ 'ਮੈਂ' ਮੂਲਕ (ਨਿੱਜ-ਕੇਂਦਰਿਤ) ਦਾਇਰੇ ਵਿਚੋਂ ਬਾਹਰ ਨਿਕਲ ਕੇ ਸਮੁੱਚੇ ਈਕੋਲੋਜੀਕਲ ਪ੍ਰਬੰਧ ਵਿਚ 'ਪਰ' (Other) ਦੀ ਹੋਂਦ ਦਾ ਵੀ ਸਤਿਕਾਰ ਕਰੇ। ਦੂਸਰੇ ਦੀ ਪੀੜ ਦਾ ਅਹਿਸਾਸ ਕਰਦੇ ਭਾਈ ਵੀਰ ਸਿੰਘ ਕਸ਼ਮੀਰ ਦੇ ਕੁਦਰਤੀ ਨਜ਼ਾਰਿਆਂ ਦਾ ਵਿਨਾਸ਼ ਅਤੇ ਮਸੂਮ ਬੱਚਿਆਂ ਦੇ ਕੁਲ ਰਹੇ ਬਚਪਨ ਨੂੰ ਵੇਖ ਕੇ ਕੁਰਲਾ ਉੱਠਦੇ ਹਨ –

ਜਿਕਰ ਰੁਲਦੇ ਸੇਬ ਤੇ ਨਾਸ਼ਪਾਤੀਆਂ
ਵਿਚ ਗਿਰਾਂ ਕਸ਼ਮੀਰ ਤੀਕਰ ਰੁਲ ਰਹੀ
ਸੁੰਦਰਤਾ ਵਿਚ ਖਾਕ ਲੀਰਾਂ ਪਾਟੀਆਂ।11

ਭਾਈ ਵੀਰ ਸਿੰਘ ਨੂੰ ਮਨੁੱਖ ਨਾਲੋਂ ਕੁਦਰਤ ਜ਼ਿਆਦਾ ਆਕਰਸ਼ਕ ਹੀ ਨਹੀਂ ਲੱਗਦੀ ਸਗੋਂ ਕੁਦਰਤ ਕੋਲੋਂ ਉਹ ਹਠੀ ਮਨੁੱਖ ਦੀ ਨਿਖੇਧੀ ਵੀ ਕਰਵਾਉਂਦੇ ਹਨ। 'ਕੰਬਦੇ ਪੱਧਰ' ਵਿਚ ਵੀ ਮਨੁੱਖ ਦੀ ਜ਼ਾਲਮ ਤੇ ਹੈਵਾਨ-ਬਿਰਤੀ ਉੱਪਰ

ਰੋਣਾ ਰੋਇਆ ਗਿਆ ਹੈ। ਇਸ ਮਾਰੂ ਬਿਰਤੀ ਦਾ ਹੀ ਪਰਿਮਾਣ ਹੈ ਕਿ ਮਾਰਤੰਡ ਵਰਗੇ ਸੁਨਹਿਰੀ ਤੇ ਉਚੇ ਕਲਸਾਂ ਵਾਲੇ ਵੀ ਮੰਦਰ ਮਿੱਟੀ ਦੀ ਰਾਖ ਬਣ ਗਏ। ਉਸ ਹਾਲਤਾਂ ਵਿੱਚ ਹੁਨਰ ਤੇ ਵਿਦਿਆ ਦਾ ਨਾਮ ਨਿਸ਼ਾਨ ਵੀ ਮਿਟ ਗਿਆ। ਅਜਿਹੇ ਹਾਲਾਤਾਂ ਵਿਚ ਸਮਾਨਤਾ ਤੇ ਬਰਾਬਰੀ ਦੀ ਵੀ ਅਣਹੋਂਦ ਸੀ-

ਹਾਇ ਹੁਨਰ ਤੇ ਹਾਇ ਵਿਦਯਾ
ਹਾਇ ਦੇਸ਼ ਦੀ ਹਾਲਤ
ਹਾਇ ਹਿੰਦੂ ਫਲ ਫਾੜੀਆਂ ਵਾਲੇ
ਹਾਇ ਸਿਲ ਕਹਿੰਦੀ ਰੋਈ।12

ਅਜੋਕੇ ਸਮੇਂ ਦਾ ਖੰਡਿਤ ਤੇ ਮਾਰੂ ਬਿਰਤੀਆ ਵਾਲਾ ਵਿਅਕਤੀ ਕੁਦਰਤ ਤੇ ਆਲੇ-ਦੁਆਲੇ ਦੀ ਸੁੰਦਰਤਾ ਨੂੰ ਨਹੀਂ ਮਾਣ ਸਕਦਾ ਕੇਵਲ ਉਹ ਵਿਅਕਤੀ ਜਿਹੜਾ ਆਪਣੇ ਆਪੇ ਤੋਂ ਪਾਰ ਜਾਣ ਦੀ ਸਮਰੱਥਾਂ ਰੱਖਦਾ ਹੋਵੇ ਅਤੇ ਜੋ ਆਪਣੀ ਖੁਦੀ ਨੂੰ ਖਤਮ ਕਰਕੇ, ਅੰਤਰ ਧਿਆਨ ਹੋਣ ਸਮੱਥ ਹੋਵੇ ਅਤੇ ਜੋ ਹਰ ਸ਼ੈਅ ਵਿੱਚ ਜੀਵਨ ਦੀ ਹੋਂਦ ਮਹਿਸੂਸ ਕਰਦਾ ਹੋਵੇ ਉਹ ਕੁਦਰਤ ਨਾਲ ਸੁਹਿਰਦ ਰਿਸ਼ਤਾ ਸਿਰਜ ਸਕਦਾ ਹੈ। ਉਹ ਵਿਅਕਤੀ ਹੀ ਪੈਲਾਂ ਪਾਂਦੇ ਮੋਰ ਵਾਂਗ ਮਸਤ ਹੋ ਸਕਦਾ ਹੈ ਤੇ ਦੂਸਰਿਆ ਨੂੰ ਵੀ ਜੀਵਨ ਪ੍ਰਤੀ ਸਕਾਰਾਤਮਕ ਰਵੱਈਆ ਲਈ ਪ੍ਰੇਰਦਾ ਹੈ। "ਲਹਿਰ ਹੁਲਾਰੇ' ਕਾਵਿ ਸੰਗ੍ਰਹਿ ਵਿੱਚ ਵੀ ਵਧੇਰੇ ਕਰਕੇ ਮਨੁੱਖ ਦੀ ਮੰਦ-ਬਿਰਤੀ ਅਤੇ ਆਪਣੇ ਆਪ ਤੱਕ ਸੀਮਤ ਸੋਚ ਨਿਖੇਧੀ ਦਾ ਕਾਰਨ ਬਣਦੀ ਹੈ। ਉਸਦੀ ਇਹ ਲਾਲਸਾ ਭਰਪੂਰ ਬਿਰਤੀ ਵਾਤਾਵਰਨ, ਰੁੱਖਾਂ ਤੇ ਵੀ ਮਿਹਰਬਾਨ ਨਹੀਂ ਹੈ। ਇਸੇ ਕਰਕੇ ਹੀ ਭਾਈ ਵੀਰ ਸਿੰਘ ਦੀਆ ਕਵਿਤਾਵਾਂ ਵਿਚ ਮਨੁੱਖੀ ਦੁਨੀਆਂ ਨਾਲੋਂ ਰੁੱਖਾਂ ਅਤੇ ਵਾਤਾਵਰਨ ਵਿਚਲੀ ਦੁਨੀਆ ਵਧੇਰੇ ਬੇਹਤਰ ਹੈ ਕਿਉਕਿ ਇਹਨਾਂ ਰੁੱਖਾਂ, ਫੁੱਲਾਂ, ਫਲਾਂ ਵਿੱਚ ਕਿਧਰੇ ਵੀ ਮਨੁੱਖ ਦੀ ਤਰ੍ਹਾਂ ਈਰਖਾ, ਲਾਲਚ, ਸਵਾਰਥ ਨਹੀਂ ਬਲਕਿ ਇਹਨਾਂ ਦੀਆਂ ਮਹਿਕਾਂ ਹਰ ਇਕ ਲਈ ਸਮਾਨ ਹਨ। ਕੁਦਰਤ ਦਾ ਮਾਨਵੀਕਰਨ ਕਰਦਿਆਂ ਭਾਈ ਵੀਰ ਸਿੰਘ ਨੂੰ ਚਨਾਰ ਦੇ ਦਰਖਤ ਸਮਾਧੀ ਦੀ ਅਵਸਥਾਂ ਵਿੱਚ ਸਥਿਤ ਜੋਗੀ ਹੀ ਜਾਪਦੇ ਹਨ ਅਤੇ ਸਾਰੇ ਪਾਸੇ ਵਿਸਮਾਦ ਦੀ ਅਵਸਥਾ ਹੀ ਪ੍ਰਤੀਤ ਹੁੰਦੀ ਹੈ।

ਇਸੇ ਤਰ੍ਹਾਂ ਹੀ 'ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ' ਕਵਿਤਾ ਵਿਚ ਵੀ ਭਾਈ ਸਾਹਿਬ ਨੇ ਮਨੁੱਖ ਨੂੰ ਕੁਦਰਤ ਪ੍ਰਤੀ ਸੁਹਿਰਦ ਵਤੀਰਾ ਰੱਖਣ ਲਈ ਪ੍ਰੇਰਿਆ ਅਤੇ ਇਸਨੂੰ ਭੋਗਣ ਦੀ ਬਿਰਤੀ ਨੂੰ ਵਰਜਿਆ ਹੈ। ਇਹ ਕਵਿਤਾ ਮਨੁੱਖ ਨੂੰ ਆਪਣੇ ਆਪੇ ਅਤੇ ਨਿੱਜ ਕੇਂਦਰਿਤ ਸੋਚ ਦੀਆਂ ਹੱਦਾਂ ਤੋਂ ਪਾਰ ਹੋ ਕੇ ਦੂਸਰਿਆਂ ਦੀ ਮੌਜੂਦਗੀ ਦਾ ਅਹਿਸਾਸ ਕਰਨ ਲਈ ਵੀ ਪ੍ਰੇਰਦੀ ਹੈ। ਉਹਨਾਂ ਦੀਆਂ ਕਵਿਤਾਵਾਂ ਵਿੱਚ ਕਿਸੇ ਵੀ ਧਰਮ ਅਤੇ ਵਸਤ ਦਾ ਭੇਦ ਭਾਵ ਨਹੀਂ ਹੈ ਉਹ ਹਰ ਵਸਤ ਨੂੰ ਹੀ ਪਿਆਰ ਅਤੇ ਸੀਨੇ ਨਾਲ ਲਗਾਉਂਦੇ ਹਨ। ਉਦਾਹਰਣ ਵਜੋਂ 'ਕੁਤਬ ਦੀ ਲਾਠ' ਕਵਿਤਾ ਵਿਚ ਅਜਿਹਾ ਅੰਤਰ ਧਰਮੀ ਪਿਆਰ ਵੇਖਿਆ ਜਾ ਸਕਦਾ ਹੈ। 14

ਸਮੁਚੇ ਤੌਰ ਤੇ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਮਨੁੱਖ ਨੂੰ ਆਪਣੇ ਆਪੇ ਵਿਚ ਨਿਮਰਤਾ ਤੇ ਸੁਖਾਵਾਂ ਨਿੱਘ ਜਗਾਉਣ ਲਈ ਪ੍ਰੇਰਦੀਆਂ ਹਨ ਜੋ ਈਕੋ-ਸਮੀਖਿਆ ਦੇ ਨਜ਼ਰੀਏ ਤੋਂ ਅੱਜ ਦੇ ਸਮੇਂ ਦੀ ਲੋੜ ਹੈ। ਈਕੋ-ਸਮੀਖਿਆ ਇਕ ਅਜਿਹੀ ਸਮਝ ਨੂੰ ਸਾਹਿਤ ਲਿਖਤਾਂ ਵਿਚੋਂ ਉਭਾਰਨ ਲਈ ਪ੍ਰੇਰਦੀ ਹੈ ਜਿਸ ਦੀ ਜ਼ਰੂਰਤ ਸਮੁੱਚੀ ਮਨੁੱਖੀ ਹੋਂਦ ਨੂੰ ਹੈ ਤਾਂ ਜੋ ਉਹ ਆਪਣੇ ਕੁਦਰਤ ਨਾਲ ਸੰਬੰਧਾਂ ਦੀ ਪੜਚੋਲ ਕਰਦੇ ਹੋਏ ਇਸ ਦੇ ਨਾਲ ਆਪਣੇ ਸਹਿ-ਸੰਬੰਧ ਸਥਾਪਿਤ ਕਰ ਸਕੇ।

### ਹਵਾਲੇ ਅਤੇ ਟਿੱਪਣੀਆਂ


1. ਅੰਮ੍ਰਿਤ ਲਾਲ ਪਾਲ, ਲਹਿਰ ਹੁਲਾਰੇ-ਇਕ ਅਧਿਐਨ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ 5.
2. ਹਰਭਜਨ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ, ਹਿੰਦ ਪਾਕਟ ਬੁਕਸ ਦਿੱਲੀ, 1973, ਪੰਨਾ 13.
3. Cheryll Glotfelty and Harold Fromm(ed.), The Ecocriticism Reader: Landmarks in Literary Ecology, The University of Georgia Press, Athens And London, 1996, p.XXI.
4. ਠਾਕੁਰ ਦੱਤ ਜੋਸ਼ੀ, ਆਧੁਨਿਕ ਪੰਜਾਬੀ ਪ੍ਰਗੀਤ-ਸ਼ਿਲਪ, ਦੀਪਕ ਪਬਲਿਸਰਜ਼, ਜਲੰਧਰ, 2010, ਪੰਨਾ 89.
5. ਅੰਮ੍ਰਿਤ ਲਾਲ ਪਾਲ, ਲਹਿਰ ਹੁਲਾਰੇ-ਇਕ ਅਧਿਐਨ, ਪੰਨਾ 5.
6. ਸੁਰਿੰਦਰ ਸਿੰਘ ਨਰੂਲਾ, ਭਾਈ ਵੀਰ ਸਿੰਘ (ਇਕ ਸਾਹਿਤਿਕ ਅਧਯਨ), ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ 63.
7. ਭਾਈ ਵੀਰ ਸਿੰਘ, ਲਹਿਰ ਹੁਲਾਰੇ, ਪੰਨਾ 13.
8. ਅੰਮ੍ਰਿਤ ਲਾਲ ਪਾਲ, ਲਹਿਰ ਹੁਲਾਰੇ-ਇਕ ਅਧਿਐਨ, ਪੰਨਾ 8.
9. ਭਾਈ ਵੀਰ ਸਿੰਘ, ਲਹਿਰ ਹੁਲਾਰੇ, ਪੰਨਾ 120.
10. ਕੁਲਦੀਪ ਸਿੰਘ ਹਉਰਾ, ਪੰਜਾਬੀ ਕਵਿਤਾ ਦੀ ਪ੍ਰੰਪਰਾ ਭਾਈ ਵੀਰ ਸਿੰਘ, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਪੰਨਾ 153.
11. ਭਾਈ ਵੀਰ ਸਿੰਘ, ਲਹਿਰ ਹੁਲਾਰੇ, ਪੰਨਾ 16.
12. ਉਹੀ, ਪੰਨਾ 63.
13. ਉਹੀ, ਪੰਨਾ 41.

## ਬਲਦੇਵ ਸਿੰਘ ਦੇ ਨਾਵਲਾਂ ਵਿਚ ਮਲਵਈ ਕਿਰਿਆ ਰੂਪਾਂ ਦੀ ਪੇਸ਼ਕਾਰੀ / ਮਨਪ੍ਰੀਤ ਕੌਰ
### (ਦੂਸਰਾ ਹੀਰੋਸੀਮਾ, ਕੱਚੀਆਂ ਕੰਧਾਂ, ਅੰਨਦਾਤਾ, ਖਾਕੂ ਜੇਡੂ ਨ ਕੋਇ, ਅਫਲਾਤੂ ਨਾਵਲਾਂ ਦੇ ਪ੍ਰਸੰਗ 'ਚ)

ਕਿਰਿਆ ਦੇ ਦੁਆਰਾ ਹੀ ਸਾਨੂੰ ਕਿਸੇ ਜੀਵ ਜਾਂ ਵਸਤੂ ਦੇ ਕੰਮ ਬਾਰੇ ਕਾਲ ਸਹਿਤ ਪਤਾ ਚੱਲਦਾ ਹੈ। ਦੁਨੀ ਚੰਦ੍ਰ ਕਿਰਿਆ ਬਾਰੇ ਲਿਖਦੇ ਹਨ ਕਿ, "ਜਿਹੜੇ ਪਦ ਨਾਲ ਕਿਸੇ ਪਦਾਰਥ ਦੀ ਹਾਲਤ ਦਾ, ਉਸਦੇ ਕੰਮ ਦਾ ਜਾਂ ਬਦਲਣ ਦਾ ਬੋਧ ਕਰਵਾਇਆ ਜਾਂਦਾ ਹੈ, ਉਸਨੂੰ ਕ੍ਰਿਆਪਦ ਆਖਦੇ ਹਨ।"[1] ਨਾਵਲਾਂ ਵਿਚ ਕਿਰਿਆ ਰੂਪਾਂ ਦਾ ਅਧਿਐਨ ਕਰਨ ਤੋਂ ਸਾਨੂੰ ਬਹੁਤ ਸਾਰੇ ਕਿਰਿਆ ਦੇ ਉਪਭਾਸ਼ਾਈ ਵਖਰੇਵੇਂ ਨਜ਼ਰ ਆਉਂਦੇ ਹਨ। ਬਲਦੇਵ ਸਿੰਘ ਦੇ ਨਾਵਲਾਂ ਦੇ ਅਧਿਐਨ ਦੁਆਰਾ ਟਕਸਾਲੀ ਪੰਜਾਬੀ ਅਤੇ ਮਲਵਈ ਉਪਭਾਸ਼ਾ ਦੇ ਕਿਰਿਆ ਰੂਪਾਂ ਵਿਚ ਕਾਫ਼ੀ ਅੰਤਰ ਵੇਖਣ ਨੂੰ ਮਿਲਦਾ ਹੈ। ਟਕਸਾਲੀ ਪੰਜਾਬੀ ਵਿਚ 'ਚਲ' ਕਿਰਿਆ ਰੂਪ ਆਉਂਦਾ ਹੈ ਪਰ ਨਾਵਲਾਂ ਵਿਚ ਇਸਦੇ ਵੱਖ-ਵੱਖ ਰੂਪ ਪ੍ਰਾਪਤ ਹੋਏ ਹਨ। ਟਕਸਾਲੀ ਪੰਜਾਬੀ ਅਤੇ ਨਾਵਲੀ ਉਪਭਾਸ਼ਾ ਦੇ ਹੇਠ ਲਿਖੇ ਤੁਲਨਾਤਮਕ ਕਿਰਿਆ ਰੂਪ ਪ੍ਰਾਪਤ ਹੋਏ ਹਨ, ਜਿਨ੍ਹਾਂ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ :

-ਜੇ ਨਹੀਂ ਪੈਣ ਦੇਣਾ ਤਾਂ ਮੈਂ ਮੰਡੀ 'ਚ ਵਗ ਜੂੰ। ਬਾਪੂ ਕੋਲ ਪੈ ਜੂੰ। ਪਰ ਮੈਂ ਘਰੇ ਨੀ ਜਾਣਾ। (ਅੰਨਦਾਤਾ, ਪੰਨਾ-89)

-ਇਹ ਚਮਿਆਰਾਂ ਦੇ ਕਿਸ਼ਨੇ ਦੇ ਮੁੰਡੇ ਕੇਵਲ ਦੇ ਸ਼ੈਕਲ 'ਤੇ ਬਹਿਕੇ ਵਗਗੀ ਸ਼ਹਿਰ ਵੱਲ ਨੂੰ। (ਉਹੀ, ਪੰਨਾ-106)

-ਜਦੋਂ ਬਾਬੇ ਫੇਰ ਸੱਦਣਗੇ, ਉਦੋਂ ਮੈਂ 'ਕੱਲੀ ਵਗ ਜੂੰ। (ਖਾਕੂ ਜੇਡੂ ਨ ਕੋਇ, ਪੰਨਾ-27)

-ਪੁੱਤ ਸਾਧੂ ਕਿਵੇਂ ਜਾਊ ਮੰਡੀ? ਸਾਧੂ ਤਾਂਗੇ 'ਤੇ ਵਗ ਜੂੰ। ਉਹਦੇ ਕਿਹੜਾ ਘੋੜਾ ਦੁਲੱਤੇ ਮਾਰਦੈ? (ਅਫਲਾਤੂ, ਪੰਨਾ-17)

ਇਸ ਤਰ੍ਹਾਂ ਟਕਸਾਲੀ ਪੰਜਾਬੀ ਅਤੇ ਨਾਵਲੀ ਉਪਭਾਸ਼ਾ ਦੀ ਤੁਲਨਾ ਕਰਨ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਟਕਸਾਲੀ ਪੰਜਾਬੀ ਦੀ ਕਿਰਿਆ 'ਚਲ' ਦੇ ਸਮਵਿਥ ਹੀ ਮਲਵਈ ਉਪਭਾਸ਼ਾ ਦੇ 'ਵਗ' ਅਤੇ ਇਸਦੇ ਵੱਖ-ਵੱਖ ਕਾਰਕੀ ਰੂਪ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਟਕਸਾਲੀ ਪੰਜਾਬੀ ਦੀ ਭੂਤਕਾਲੀ ਕਿਰਿਆ 'ਚਲਾ ਗਿਆ' ਹੈ। ਬਲਦੇਵ ਸਿੰਘ ਦੇ ਨਾਵਲਾਂ ਵਚਿ 'ਚਲਾ ਗਿਆ' ਦੇ ਵੱਖ-ਵੱਖ ਕਾਰਕੀ ਰੂਪ ਵੇਖਣ ਨੂੰ ਮਿਲਦੇ ਹਨ। ਇਸੇ ਤਰ੍ਹਾਂ 'ਚਲਾ ਗਿਆ' ਦੇ ਬਰਾਬਰ ਨਾਵਲੀ ਉਪਭਾਸ਼ਾ ਵਿਚ 'ਜਾ ਵੜਿਆ' ਰੂਪ ਪ੍ਰਾਪਤ ਹੁੰਦਾ ਹੈ। ਬਲਦੇਵ ਸਿੰਘ ਦੇ ਨਾਵਲਾਂ ਵਿਚ ਮਲਵਈ ਕਰਿਆ ਰੂਪਾਂ ਦੀਆਂ ਪ੍ਰਾਪਤ ਹੋਈਆਂ ਉਦਾਹਰਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

-ਬੇਬੇ ਦੱਸਦੀ ਸੀ, ਉਹ ਤਾਂ ਘਰ ਈ ਵੜਦਾ ਨੀ। (ਅੰਨਦਾਤਾ, ਪੰਨਾ-182)

-ਤੇਰੀਆਂ ਗੱਲਾਂ ਸੁਣਨ ਨੂੰ ਤਾਂ ਚੰਗੀਆਂ ਲੱਗਦੀਐਂ। ਪਰ ਆਪਾਂ ਲੋਕਾਂ ਦੇ ਢਿੱਡਾਂ 'ਚ ਵੜ ਕੇ ਤਾਂ ਵੇਖਿਆ ਨੀ ਹੈ ਨਾ? (ਖਾਕੂ ਜੇਡੂ ਨ ਕੋਇ, ਪੰਨਾ-72)

-ਜੇ ਭਲਾ ਕਿਸੇ ਦੁਕਾਨ 'ਚ ਜਾ ਵੜ੍ਹਨ। ਐਂ ਤਾਂ ਆਪਾਂ ਟਰੱਕ ਨੀ ਆਸੇ ਪਾਸੇ ਜਾਣ ਦਿੰਦੇ। (ਅਫਲਾਤੂ, ਪੰਨਾ-79)

-ਹਾਰ ਕੇ ਮੈਂ ਕਮਰੇ 'ਚ ਜਾ ਵੜਿਆ ਤਾਂ ਇਹ ਮੂਧਾ ਪਿਆ, ਭੰਤੀ ਇਹਦੀਆਂ ਲੱਤਾਂ ਖਿੱਚ ਕੇ ਪਲੰਘ ਤੋਂ ਹੇਠਾਂ ਧੂਈ ਜਾਵੇ। (ਉਹੀ, ਪੰਨਾ-91)

-ਨਾਲੇ ਕਹਿੰਦਾ ਜੇ ਐਤਕੀਂ ਕਿਤੇ ਤੁਰ ਗਿਆ ਤਾਂ ਘਰੇ ਨਾ ਵੜੀਂ। (ਉਹੀ, ਪੰਨਾ-173)

ਬਲਦੇਵ ਸਿੰਘ ਦੇ ਨਾਵਲਾਂ ਵਿਚ ਵਰਤੀ ਗਈ ਸ਼ਬਦ ਸੰਚਾਰ-ਜੁਗਤ ਵਿਚ 'ਵਿਐ' ਕਿਰਿਆ ਰੂਪ ਮਿਲਦਾ ਹੈ। ਇਸ ਤਰ੍ਹਾਂ ਨਾਵਲਾਂ ਵਿਚ ਮਿਲਦਾ 'ਵਿਐ' ਕਿਰਿਆ ਰੂਪ ਵਰਤਮਾਨੀ ਕਾਲੀ ਸਹਾਇਕ ਕਿਰਿਆ 'ਹੈ' ਦਾ ਸੰਯੁਕਤੀਕਰਨ ਵਜੋਂ ਵਿਚਰਦਾ ਹੈ। ਇਨ੍ਹਾਂ ਕਿਰਿਆ ਰੂਪਾਂ ਦੀਆਂ ਉਦਾਹਰਨਾਂ ਹੇਠ ਦਿੱਤੇ ਅਨੁਸਾਰ ਹਨ:

-ਰਾਤ ਦਾ ਫਸਿਆ ਵਿਐ। (ਕੱਚੀਆਂ ਕੰਧਾਂ, ਪੰਨਾ-21)

- ਭਗਤੂ ਗਏ ਤੋਂ ਉਸਦਾ ਦਿਲ ਬਾਹਲਾ ਈ ਪਤਲਾ ਹੋਇਆ ਵਿਐ। ਵਾਹਿਗੁਰੂ ਤੂੰ ਹੀ ਸਾਡੀ ਪੱਤ ਦਾ ਰਾਖਾ ਐ। (ਅੰਨਦਾਤਾ, ਪੰਨਾ-21)

-ਪਤਾ ਕੀ ਲੱਗਣਾ ਸੀ ਜੰਟਿਆ। ਕੇਸ ਦਰਜ ਹੋਇਆ ਵਿਐ। ਤਰੀਕ ਪੈ ਜਾਂਦੀ ਐ। (ਖਾਕੂ ਜੇਡੂ ਨ ਕੋਇ, ਪੰਨਾ-15)

-ਏਸ ਤਰ੍ਹਾਂ ਤਾਂ ਲੱਗਦੈ। ਮਾੜਾ ਜੱਟ ਮਰਿਆ ਈ ਵਿਐ। (ਉਹੀ, ਪੰਨਾ-37)

ਬਲਦੇਵ ਸਿੰਘ ਦੇ ਨਾਵਲਾਂ ਵਿਚ ਹੁੰਦੈ, ਕਰਦੈ, ਜਾਂਦੈ, ਫਿਰਦੈ, ਸੋਚਿਐ ਆਦਿ ਸੰਯੁਕਤ ਕਿਰਿਆ ਰੂਪ ਮਿਲਦੇ ਹਨ। ਉਸਦੇ ਨਾਵਲਾਂ ਵਿਚ ਸੰਯੁਕਤ ਕਿਰਿਆਵਾਂ ਦੇ ਨਾਲ-ਨਾਲ ਕਈ ਥਾਂਵਾਂ 'ਤੇ ਸਹਾਇਕ ਕਿਰਿਆ 'ਹੈ' ਦੀ ਸੁਤੰਤਰ ਵਰਤੋਂ ਵੀ ਹੋਈ ਮਿਲਦੀ ਹੈ ਪਰ ਜਿੱਥੇ 'ਹੈ' ਸਹਾਇਕ ਕਿਰਿਆ ਦੀ ਸੁਤੰਤਰ ਵਰਤੋਂ ਹੋਈ ਹੈ। ਉੱਥੇ ਗਾ, ਗੇ, ਗੀ, ਗਈਆਂ ਪਿਛੇਤਰੀ ਭਾਵੰਸ਼ ਵੀ ਜੁੜੇ ਪ੍ਰਾਪਤ ਹੋਏ ਹਨ। ਇਸ ਤਰ੍ਹਾਂ ਭਾਵੰਸ਼ ਜੁੜਨ ਦੇ ਨਾਲ ਇਨ੍ਹਾਂ ਦੇ ਸਰੂਪ ਵਿਚ ਰੂਪਾਂਤਰਣ ਹੋ ਜਾਂਦਾ ਹੈ ਤੇ ਇਹ ਹੈਗਾ ਤੇ ਹੈਗੀਆਂ ਵਿਚ ਰੂਪ ਪਰਿਵਰਤਨ ਹੁੰਦਾ ਹੈ :

-ਨਹੀਂ ਭਾਈ। ਬਾਹਲੀ ਚਾਹ ਤੰਗ ਕਰਦੀ ਐ। ਮੈਂ ਜਾਨੈ ਵਲਗਣ 'ਚ। ਜੇ ਰਾਹ ਨੂੰ ਵੇਲੇ ਸਿਰ ਪਸ਼ੂ ਨੂੰ ਲੈ ਜਾਂਦੇ, ਆਹ ਖੱਜਲ-ਖੁਆਰੀ ਤਾਂ ਨਾ ਹੁੰਦੀ। (ਅੰਨਦਾਤਾ, ਪੰਨਾ-19)

-ਕੋਈ ਨਾ ਆਹ ਵੀ ਕੰਮ ਈ ਐ, ਆਪਾਂ ਕਿਹੜਾ ਵਿਹਲੇ ਬੈਠੇ ਜੂਆ ਖੇਡੀ ਜਾਨੈ ਐ। (ਉਹੀ, ਪੰਨਾ-29)

-ਆਹ ਹੋਈ ਨਾ ਗੱਲ।...ਹੁਣ ਬਾਡਰ ਤੋਂ ਪਿੱਛੇ ਆ ਜਾ ਕੋਠੀਆਂ 'ਚ....। (ਅਫਲਾਤੂ, ਪੰਨਾ-45)

-ਮੈਂ ਕਿਹੜਾ ਤੁਰਿਆ ਜਾਨੈ। ਮੈਂ ਤਾਂ ਉਂਈ ਪੁੱਛ ਲਿਆ, ਜੇ ਭਲਾ ਜਾਣਾ ਪੈ ਜੇ। (ਉਹੀ, ਪੰਨਾ-321)

ਟਕਸਾਲੀ ਪੰਜਾਬੀ ਵਿਚ ਭੂਤਕਾਲੀ ਸਹਾਇਕ ਕਿਰਿਆਵਾਂ ਗਈ, ਗਏ, ਗਈਆਂ ਦੀ ਵਰਤੋਂ ਕੀਤੀ ਜਾਂਦੀ ਹੈ ਪਰੰਤੂ ਬਲਦੇਵ ਸਿੰਘ ਦੇ ਨਾਵਲਾਂ ਵਿਚ ਮੁੱਖ ਕਿਰਿਆ ਦੇ ਨਾਲ ਸੰਯੁਕਤ ਕਿਰਿਆ ਆਉਂਦੀ ਹੈ। ਇਹ ਸੰਯੁਕਤ ਕਿਰਿਆ ਵਿਚ ਵਿਚਰ ਕੇ -ਗੀ,-ਗੇ,-ਗੀਆਂ ਦੇ ਰੂਪ ਵਿਚ ਪ੍ਰਾਪਤ ਹੋਈਆਂ ਹਨ :

-ਤੈਨੂੰ ਵੇਖ ਕੇ ਤਾਂ ਊਂ ਈ ਭੁੱਖ ਮਰ-ਗੀ? (ਕੱਚੀਆਂ ਕੰਧਾਂ, ਪੰਨਾ-79)

-ਅੱਖਾਂ ਉੱਪਰ ਬੰਨ੍ਹ ਤੀਆਂ ਪੱਟੀਆਂ, ਫੇਰ ਪਤਾ ਨੀ ਕਿਧਰ ਲੈ ਗਏ। ਫੇਰ ਤਿੰਨਾਂ ਦਿਨਾਂ ਬਾਅਦ ਆਪ ਹੀ ਛੱਡ-ਗੇ। (ਅੰਨਦਾਤਾ, ਪੰਨਾ-64)

-ਮੈਂ ਭਰਾਵਾਂ ਮੋਦਨ ਦੀ ਭੂੰਡੋ ਨੂੰ ਛੇੜ ਲਿਆ, ਸੱਲਰੇ ਵੱਢਦੀ ਨੂੰ, ਉਹ ਤਾਂ ਸੱਚੀਓਂ ਭੂੰਡੋ ਤੋਂ ਭਰਿੰਡ ਬਣ-ਗੀ। (ਅਫਲਾਤੂ, ਪੰਨਾ-72)

-ਇਕ ਥਾਂ ਤਾਂ ਪਤਾ ਨੀ ਕਿਹੜਾ ਪਿੰਡ ਸੀ, ਸਾਰਾ ਟੱਬਰ ਭੁੰਨ-ਗੇ, ਜਾਂਦੇ-ਜਾਂਦੇ ਘਰ ਨੂੰ ਅੱਗ ਲਾਗੇ। ਸੁਆਹ ਬਣਾਤਾ। (ਉਹੀ, ਪੰਨਾ-119)

ਉਸਦੇ ਨਾਵਲਾਂ ਵਿਚ ਬਹੁਤ ਸਾਰੀਆਂ ਸਹਾਇਕ ਕਿਰਿਆਵਾਂ ਆਉਂਦੀਆਂ ਹਨ। ਇਨ੍ਹਾਂ ਦਾ ਰੂਪ ਟਕਸਾਲੀ ਪੰਜਾਬੀ ਨਾਲੋਂ ਵੱਖਰਾ ਹੈ। ਟਕਸਾਲੀ ਪੰਜਾਬੀ ਵਿਚ ਭੂਤਕਾਲੀ ਸਹਾਇਕ ਕਿਰਿਆਵਾਂ ਦਿੱਤਾ, ਦਿੱਤੇ, ਦਿੱਤੀ, ਦਿੱਤੀਆਂ ਆਉਂਦੀਆਂ ਹਨ ਜਦੋਂ ਕਿ ਨਾਵਲਾਂ ਵਿਚ ਇਨ੍ਹਾਂ ਦਾ ਵੱਖਰਾ ਭਾਸ਼ਾਈ ਰੂਪ ਵੇਖਣ ਨੂੰ ਮਿਲਦਾ ਹੈ। ਬਲਦੇਵ ਸਿੰਘ ਦੇ ਨਾਵਲਾਂ ਵਿਚ ਇਹ ਮੁੱਖ ਕਿਰਿਆ ਦੇ ਨਾਲ ਸੰਯੁਕਤ ਰੂਪ ਵਿਚ -ਤਾ,-ਤੇ,-ਤੀ,-ਤੀਆਂ ਵਜੋਂ ਪ੍ਰਾਪਤ ਹੋਈਆਂ ਹਨ :

-ਜਦੋਂ ਮੁੰਡੇ ਨੇ ਚਾਹ ਡੋਲਤੀ ਤਾਂ ਇਉਂ ਮੂੰਹ ਵੱਟਿਆ ਐ, ਜਿਵੇਂ ਘਿਉ ਡੋਲ੍ਹਤਾ ਹੁੰਦੈ। (ਅੰਨਦਾਤਾ, ਪੰਨਾ-23)

-ਸਹੁਰੀ ਸਰਕਾਰ ਨੇ ਫਸਲਾਂ ਵੀ ਹੁਣ ਜੂਆ ਈ ਬਣਾ-ਤੀਆਂ। ਸੁੱਖੀ ਸਾਂਦੀ ਵੇਚ ਵੱਟ ਲਈ ਤਾਂ ਬਾਜੀ ਜਿੱਤਾਂਗੇ। (ਉਹੀ, ਪੰਨਾ-30)

-ਉਸ ਤੋਂ ਮਗਰੋਂ ਤਾਂ ਤੂੰ ਘਰ ਦਾ ਫ਼ਿਕਰ ਈ ਛੱਡ-ਤਾ। ਕੋਈ ਡੁੱਲੇ, ਕੋਈ ਵਿਗਾੜੇ ਤੂੰ ਪਰਵਾਹ ਹੀ ਨਾ ਕਰਨੀ। ਗੁੰਮ-ਸੁੰਮ ਰਹਿਣ ਲੱਗ-ਪੀ। (ਉਹੀ, ਪੰਨਾ-96)

-ਇਕ ਮੇਲੇ ਤੇ ਉਹਨੇ ਇਕ ਤਕੜੇ ਨਾਮੀ ਭਲਵਾਨ ਦੀ ਪਿੱਠ ਲੁਆ-ਤੀ। (ਉਹੀ, ਪੰਨਾ-201)

-ਇਕ ਤਾਂ ਉਨ੍ਹਾਂ ਤੇ ਮੁਸੀਬਤ ਆ ਗਈ, ਦੂਜਾ ਤੂੰ ਘਰੇ ਬਹਿ ਗਿਆ, ਆਪਣੀ ਮਰਜ਼ੀ ਨਾਲ। ਔਖੇ ਵੇਲੇ ਦੂਸਰੇ ਦੇ ਕੰਮ ਆਈਦਾ ਹੁੰਦੈ ਕਿ ਉਲਟਾ ਉਸਨੂੰ ਹੋਰ ਫਾਹੇ ਟੰਗਣਾ ਹੁੰਦੈ। ਸਾਡਾ ਮੁੰਡਾ ਬੇ-ਕਸੂਰ ਫੜ੍ਹਾ-ਤਾ। (ਉਹੀ, ਪੰਨਾ-232)

-ਸਰਪੰਚਾਂ, ਫੌਜੀ ਸਾਹਬ ਨੇ ਆਪਣੇ ਘਰ ਦੇ ਦਰਵਾਜੇ ਨਾਲ ਲਗਦੀ ਕੋਠੜੀ 'ਚ ਗਲੀ ਵੱਲ ਬੂਹਾ ਕਢਾ ਲਿਐ। ਇਕ ਮੇਜ਼ 'ਤੇ ਚਾਰ ਕੁਰਸੀਆਂ ਵੀ ਲਿਆ ਕੇ ਰੱਖ ਤੀਆਂ। (ਖਾਕੂ ਜੇਡੁ ਨ ਕੋਇ, ਪੰਨਾ-136)

-ਸਾਡੀ ਛੱਤ ਤੇ ਇਕ ਮੁੱਸਲਾ ਉੱਤਰ ਆਇਆ ਸੀ। ਮੇਰੇ ਜੁਆਕਾਂ ਨੇ ਰੌਲਾ ਪਾਅਤਾ। ਮੇਰੇ ਹੱਥ 'ਚ ਬਾਲਟੀ ਸੀ ਮੈਂ ਤਾਂ ਪਿਉ ਦੇ ਸਾਲੇ ਨੂੰ ਬਾਲਟੀ ਨਾਲ ਈ ਭੰਨ-ਤਾ। (ਅਫਲਾਤੂ, ਪੰਨਾ-36)

ਟਕਸਾਲੀ ਪੰਜਾਬੀ ਵਿਚ ਜਾਵਾਂਗਾ, ਜਾਵਾਂਗੀ, ਜਾਵੇਗਾ, ਜਾਵੇਗੀ, ਜਾਣਗੇ, ਜਾਣਗੀਆਂ ਭਵਿੱਖਕਾਲੀ ਸਹਾਇਕ ਕਿਰਿਆ ਵਿਚਰਦੀ ਹੈ ਪਰੰਤੂ ਬਲਦੇਵ ਸਿੰਘ ਦੇ ਨਾਵਲਾਂ ਵਿਚ ਇਨ੍ਹਾਂ ਦਾ ਰੂਪ ਬਦਲਿਆ ਹੋਇਆ ਮਿਲਦਾ ਹੈ। ਨਾਵਲੀ ਉਪਭਾਸ਼ਾ ਵਿਚ ਇਨ੍ਹਾਂ ਭਵਿੱਖਕਾਲੀ ਸਹਾਇਕ ਕਿਰਿਆਵਾਂ ਦਾ ਰੂਪਾਂਤਰਣ ਰੂਪ ਪ੍ਰਾਪਤ ਹੁੰਦਾ ਹੈ :

-ਮੈਂ ਕੱਲ੍ਹੀ ਹਾਰ ਗਈ ਆਂ। ਆਪਣੀ ਧੀ ਨੂੰ ਸਾਭੋਂ। ਜੇ ਇਹਨੂੰ ਕੁਸ਼ ਹੋ ਗਿਆ, ਮੈਂ ਤਾਂ ਜਿਉਂਦੀ ਮਰ ਜੂੰ। (ਕੱਚੀਆਂ ਕੰਧਾਂ, ਪੰਨਾ-86)

-ਲੈ ਆਹ ਰੱਖ, ਫੇਰ ਚੇਤਾ ਭੁੱਲ ਜੂ। (ਉਹੀ, ਪੰਨਾ-137)

-ਟੈਮ ਬਚ ਜੂੰ, ਸੰਦੇਹਾਂ ਜਾ ਕੇ ਨ੍ਹਾ ਧੋ ਲਾਂਗੇ। (ਉਹੀ, ਪੰਨਾ-162)

-ਉਹ ਵੀ ਸਾਕ ਦੇਣੇ ਤਾਕ ਵਿਚ ਈ ਫਿਰਦੇ ਹੋਣਗੇ। ਜਿੱਦੇਂ ਬੋਲੀ ਹੋਗੀ, ਦੇਖ ਲੀਂ ਠਾਹ ਵੱਜਣਗੇ, ਤੇ ਆਪਾਂ ਰਹਿ ਜਾਂਗੇ ਫੇਰ ਖ਼ਾਲੀ ਡੱਫ ਵਜਾਉਂਦੇ। (ਅੰਨਦਾਤਾ, ਪੰਨਾ-27)

-ਹੁਣ ਵੀ ਜੇ ਕੋਈ ਊਚ-ਨੀਚ ਹੋਗੀ, ਮੈਂ ਤਾਂ ਇਹਦੇ ਟੋਟੇ ਟੋਟੇ ਕਰਕੇ ਅੰਦਰੇ ਦੱਬ ਦੇਊਂ। ਜਾਂ ਫਿਰ ਮੈਂ ਮਰ ਜੂੰ ਕੁਸ ਖਾ ਕੇ। (ਉਹੀ, ਪੰਨਾ-33)

-ਜੇ ਖਾੜਕੂਆਂ ਦੀ ਕੋਈ ਕਾਰਵਾਈ ਹੋਈ ਆਪਾਂ ਨੂੰ ਪਤਾ ਲੱਗ ਜੂ। ਜੇ ਕੋਈ ਹੋਰ ਘਾਣੀ ਹੋਈ ਤਾਂ ਵੀ ਪਤਾ ਲੱਗ ਜੂ। (ਉਹੀ, ਪੰਨਾ-57)

-ਜੱਗ ਬਹਾਨੇ ਗਰੀਬ-ਗੁਰਬੇ ਦੇ ਮੂੰਹ 'ਚ ਭੋਰਾ ਅੰਨ ਪਊ। ਏਹੀ ਲਾਹੇ ਦਾ ਐ। ਚੰਗੀਆਂ ਅਸੀਸਾਂ ਦੇਣਗੇ, ਮੀਂਹ ਵੀ ਪੈ ਜੂ......। (ਉਹੀ, ਪੰਨਾ-117)

-ਰਕਮ ਅਜੇ ਹੋਰ ਖੜ੍ਹੀ ਐ। ਹਾੜ੍ਹੀ ਵੇਲੇ ਨੂੰ ਉਹ ਫੇਰ ਦੁੱਗਣੀ ਹੋ ਜੂ। (ਉਹੀ, ਪੰਨਾ-142)

-ਉਨ੍ਹਾਂ ਦੇ ਮੂੰਹ ਢੱਕਣ ਨਾਲ ਗੱਲ ਕਿਤੇ ਢਕੀ ਰਹਿ ਜੂ? (ਖਾਕੂ ਜੇਡੁ ਨ ਕੋਇ, ਪੰਨਾ-98)

-ਪਾਖਰ ਵੀ ਘੱਟ ਨੀ, ਕਹਿੰਦਾ ਮਰਨੀ ਮਰ ਜੂੰ, ਪੈਲੀ ਨੀ ਵੰਡਣੀ। (ਅਫਲਾਤੂ, ਪੰਨਾ-109)

ਇਸੇ ਤਰ੍ਹਾਂ ਬਲਦੇਵ ਸਿੰਘ ਦੇ ਨਾਵਲਾਂ ਵਿਚ ਟਕਸਾਲੀ ਕਿਰਿਆ ਰੂਪ ਦੇਵਾਂਗਾ, ਦੇਵਾਂਗੀ ਦਾ ਰੁਪਾਂਤਰਿਤ ਰੂਪ 'ਦੂੰ' ਅਤੇ 'ਦੂ' ਮਿਲਦਾ ਹੈ। ਜਿਨ੍ਹਾਂ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ :

-ਭਾਈ ਮਰਲਾ ਮਰਲਾ ਫੂਕ ਦੂੰ ਉਨ੍ਹਾਂ ਪਿੱਛੇ, ਦਿਲ ਤਕੜਾ ਕਰੋ। (ਦੂਸਰਾ ਹੀਰੋਸ਼ਾਮਾ, ਪੰਨਾ-33)

-ਉਹਨੂੰ ਉਠਾ ਦੇ ਜਾ ਕੇ, ਨਹੀਂ ਤਾਂ ਮੈਂ ਸਾਲੇ ਨੂੰ ਕੋਠੇ ਤੋਂ ਸਿੱਟ ਦੂੰ। (ਅੰਨਦਾਤਾ, ਪੰਨਾ-21)

-ਜੇ ਡੇਰੇ ਵੱਲ ਮੂੰਹ ਕੀਤਾ, ਗਿੱਟੇ ਛਾਂਗ ਦੂੰ। (ਖਾਕੂ ਜੇਡੁ ਨ ਕੋਇ, ਪੰਨਾ-111)

-ਪਾਣੀ ਤਾਂ ਪਾ ਦਿੰਦਾ ਭੋਰਾ, ਅੰਦਰ ਵੱਢ-ਦੂ ਐ ਤਾਂ......। (ਅਫਲਾਤੂ, ਪੰਨਾ-69)

-ਸੂਬੇਦਾਰਾ ਮੈਂ ਤੇਰੀ ਗੁੱਡੀ 'ਸਮਾਨੀਂ ਚਾੜ ਦੂੰ। (ਉਹੀ, ਪੰਨਾ-178)

-ਬਾਬਾ ਜੀ, ਜੇ ਮੈਨੂੰ ਕਹੇ ਤਾਂ ਮੈਂ ਕੱਛਾ ਵੀ ਲਾਹ ਦੂੰ। (ਉਹੀ, ਪੰਨਾ-282)

ਇਸ ਤਰ੍ਹਾਂ ਕਿਰਿਆ ਦੀ ਹੋਂਦ ਤੋਂ ਬਿਨਾਂ ਵਾਕ ਅਧੂਰਾ ਹੁੰਦੀ ਹੈ। ਕੇਂਦਰੀ ਪੰਜਾਬੀ ਵਿਚ ਕਿਰਿਆ ਅਕਸਰ ਵਾਕ ਦੇ ਅੰਤ ਉੱਤੇ ਆਉਂਦੀ ਹੈ। ਕਿਰਿਆ ਨੂੰ ਅੱਗੋਂ ਕਾਰਜ ਦੇ ਪੱਖ ਤੋਂ (ਅਕਰਮ ਕਿਰਿਆ, ਸਕਰਮਕ ਕਿਰਿਆ), ਕਰਮ ਦੇ ਪੱਖ ਤੋਂ (ਸਾਧਾਰਨ ਕਿਰਿਆ, ਪ੍ਰੇਰਨਾਰਥਕ ਕਿਰਿਆ), ਬਣਤਰ ਦੇ ਪੱਖ ਤੋਂ (ਇਕਹਿਰੀ ਕਿਰਿਆ, ਸੰਯੁਕਤ ਕਿਰਿਆ) ਅਤੇ ਵਾਕੰਸ਼ ਦੇ ਪੱਖ ਤੋਂ (ਮੂਲ ਕਿਰਿਆ, ਸੰਚਾਲਕ ਕਿਰਿਆ 'ਤੇ ਸਹਾਇਕ ਕਿਰਿਆ) ਕਿਸਮਾਂ ਵਿਚ ਵੰਡਿਆ ਜਾਂਦਾ ਹੈ। ਮਲਵਈ ਕਿਰਿਆ ਦੇ ਰੂਪ ਇੱਕ ਪਾਸੇ ਕੇਂਦਰੀ ਪੰਜਾਬੀ ਨਾਲ ਨੇੜਤਾ ਰੱਖਦੇ ਹਨ ਦੂਜੇ ਪਾਸੇ ਇਹ ਵਿਲੱਖਣ ਅਤੇ ਮੌਲਿਕ ਹਨ। ਮਲਵਈ ਵਿਚ ਕਿਰਿਆ ਦੇ ਵਰਤਮਾਨ ਰੂਪ ਸਮੇਂ ਆਈ 'ਦ' ਧੁਨੀ ਅਕਸਰ 'ਨ' ਧੁਨੀ ਵਿਚ ਤਬਦੀਲ ਹੁੰਦੀ ਹੈ। ਇਸ ਸੰਬੰਧ ਵਿਚ 'ਖਾਂਦਾ' ਦੀ ਥਾਂ 'ਖਾਨਾ', 'ਆਉਂਦਾ' ਦੀ ਥਾਂ 'ਔਨਾ' ਦੀ ਵਰਤੋਂ ਕੀਤੀ ਜਾਂਦੀ ਹੈ ਇਉਂ ਹੀ ਮਲਵਈ ਕਿਰਿਆਵਾਂ ਦੇ ਵਰਤਮਾਨ ਰੂਪਾਂ ਵਿਚ ਆਈਆਂ 'ੜ', 'ਲ਼', 'ਵ' ਅਤੇ 'ਰ' ਧੁਨੀਆਂ ਦੇ ਨਾਲ ਆਈ 'ਦ' ਧੁਨੀ ਨਾਸਕਿਤਾ ਵਿਚ ਤਬਦੀਲ ਹੁੰਦੀ ਹੈ। ਇਸ ਸੰਬੰਧ ਵਿਚ 'ਲੜਦਾ' ਦੀ ਥਾਂ 'ਲੜਦਾਂ', 'ਮਲ਼ਦਾ' ਦੀ ਥਾਂ 'ਮਲ਼ਦਾਂ', 'ਸੁਣਦਾ' ਦੀ ਥਾਂ 'ਸੁਣਦਾਂ' ਅਤੇ 'ਮਰਦਾ' ਦੀ ਥਾਂ 'ਮਰਦਾਂ' ਦੀ ਵਰਤੋਂ ਕੀਤੀ ਜਾਂਦੀ ਹੈ। ਇਉਂ ਹੀ ਮਲਵਈ ਕਿਰਿਆਵਾਂ ਦੇ ਵਰਤਮਾਨ ਰੂਪ ਵਿਚਲੀ 'ਵ' ਧੁਨੀ 'ਮ' ਸਵਰ ਧੁਨੀ ਵਿਚ ਤਬਦੀਲ ਹੁੰਦੀ ਹੈ। ਇਸ ਸੰਬੰਧ ਵਿਚ 'ਖਾਵਾਂ' ਦੀ ਥਾਂ 'ਖਾਮਾਂ', 'ਲਾਵਾਂ' ਦੀ ਥਾਂ 'ਲਾਮਾਂ' ਆਦਿ ਵਰਤੇ ਜਾਂਦੇ ਹਨ। ਇਸ ਪ੍ਰਸੰਗ ਵਿਚ ਮਲਵਈ ਦੀਆਂ ਸਹਾਇਕ ਕਿਰਿਆਵਾਂ ਕੇਂਦਰੀ ਪੰਜਾਬੀ ਦੀ ਸਹਾਇਕ ਕਿਰਿਆ ਤੋਂ ਵੱਖਰਤਾ ਬਣਾਉਂਦੀਆਂ ਹਨ। ਮਨਮੰਦਰ ਸਿੰਘ ਅਨੁਸਾਰ :

"ਮਲਵਈ ਵਿਚ 'ਹੈ' ਦਾ ਪ੍ਰਯੋਗ ਪੂਰਨ ਕਿਰਿਆ ਦੇ ਰੂਪ ਵਿਚ ਹੁੰਦਾ ਹੈ। ਪੂਰਨ ਕਿਰਿਆ 'ਹੈ' ਦੇ ਨਾਲ਼ 'ਗ' ਧੁਨੀ ਜੋੜ ਕੇ 'ਹੈਗਾ', 'ਹੈਗੇ', 'ਹੈਗੀਆਂ' ਦੀ ਵਰਤੋਂ ਵੀ ਇਸੇ ਰੂਪ ਵਿਚ ਹੀ ਕੀਤੀ ਜਾਂਦੀ ਹੈ।"2

ਕੇਂਦਰੀ ਪੰਜਾਬੀ ਵਿਚ ਜਿੱਥੇ ਸਹਾਇਕ ਕਿਰਿਆ 'ਹੈ', 'ਹਨ', 'ਹੈਂ', 'ਹੋ', 'ਹਾਂ', 'ਸੀ', 'ਸਨ' ਦੀ ਵਰਤੋਂ ਕੀਤੀ ਜਾਂਦੀ ਹੈ ਉੱਥੇ ਮਲਵਈ ਉਪਭਾਸ਼ਾ ਵਿਚ ਇਨ੍ਹਾਂ ਦੀ ਥਾਂ 'ਐ', 'ਆ', 'ਐਂ', 'ਓਂ', 'ਆਂ', 'ਸਾਂ' ਕਿਰਿਆ ਰੂਪ ਵਰਤੇ ਜਾਂਦੇ ਹਨ। ਇਸੇ ਤਰ੍ਹਾਂ ਮਲਵਈ ਉਪਭਾਸ਼ਾ ਵਿਚ ਸੰਯੁਕਤ ਕਿਰਿਆ ਦੀ ਵਰਤੋਂ ਸਮੇਂ ਧੁਨੀ ਲੋਪ ਵਧੇਰੇ ਹੁੰਦੀ ਹੈ। ਇਸ ਸੰਬੰਧ ਵਿਚ 'ਦੇ ਦਿੱਤਾ' ਦੀ ਥਾਂ 'ਦੇ ਤਾ', 'ਖਾ ਲਈ' ਦੀ ਥਾਂ 'ਖਾ ਲੀ', 'ਦੇ ਦਈਂ' ਦੀ ਥਾਂ 'ਦੇ ਦੀਂ', 'ਭੱਜ ਪਈਂ' ਦੀ ਥਾਂ 'ਭੱਜ ਪੀਂ' ਅਤੇ 'ਆ ਜਾਊਂ' ਦੀ ਥਾਂ 'ਆ ਜੂੰ' ਦੀ ਵਰਤੋਂ ਕੀਤੀ ਜਾਂਦੀ ਹੈ। ਇਉਂ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਬਲਦੇਵ ਸਿੰਘ ਦੇ ਨਾਵਲਾਂ ਵਿਚ ਮਾਲਵੇ ਦੇ ਕਿਰਿਆ ਰੂਪ ਕੇਂਦਰੀ ਪੰਜਾਬੀ ਦੇ ਕਿਰਿਆ ਰੂਪਾਂ ਤੋਂ ਵੱਖਰੇ ਹਨ

### ਹਵਾਲੇ

1. ਦੁਨੀ ਚੰਦ੍ਰ, 1964. ਪੰਜਾਬੀ ਭਾਸ਼ਾ ਦਾ ਵਿਆਕਰਨ. ਪੰਨਾ-102

2. ਮਨਮੰਦਰ ਸਿੰਘ, 2016. ਮਲਵਈ ਸ਼ਬਦ ਕੋਸ਼. ਪੰਨਾ-ਢ

**ਸਹਾਇਕ ਪ੍ਰੋਫੈਸਰ**
**ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀ.**
**ਫਤਿਹਗੜ੍ਹ ਸਹਿਬ**

## ਨਵਦੀਪ ਮੁੰਡੀ ਦੁਆਰਾ ਰਚਿਤ 'ਚੁੱਪ ਦੀ ਕਥਾ : ਬੰਦੇ ਦੀ ਅੰਦਰਲੀ ਚੁੱਪ ਨਾਲ ਸੰਵਾਦ / ਡਾ. ਸਿਮਰਨਜੀਤ ਸਿੰਘ

ਮੁੱਢ ਤੋਂ ਹੀ ਸਾਹਿਤ ਮਨੁੱਖੀ ਭਾਵਨਾਵਾਂ ਦੀ ਕਲਾਤਮਕ ਪੇਸ਼ਕਾਰੀ ਕਰਨ ਦੇ ਨਾਲ-ਨਾਲ ਆਪਣੀ ਸਾਂਝ ਸਮਾਜ ਨਾਲ ਸਥਾਪਿਤ ਕਰਦਾ ਆਇਆ ਹੈ। ਵਿਸ਼ਵ ਭਰ ਵਿਚਲੇ ਸਾਹਿਤ 'ਤੇ ਜੇਕਰ ਇਕ ਨਜ਼ਰ ਮਾਰੀਏ ਤਾਂ ਇਸ ਸੰਦਰਭ ਵਿਚ ਕਵਿਤਾ ਹੀ ਮੁੱਢਲੇ ਤੌਰ ਤੇ ਕਾਰਜਸ਼ੀਲ ਰਹੀ ਹੈ ਜਦੋਂ ਕਿ ਬਾਕੀ ਸਾਹਿਤ ਰੂਪਕਾਰ ਇਸਤੋਂ ਬਾਅਦ ਦੀ ਉਪਜ ਹਨ। ਇਸੇ ਕਥਨ ਦੇ ਤਹਿਤ ਜੇਕਰ ਪੰਜਾਬੀ ਸਾਹਿਤ ਦੇ ਇਤਿਹਾਸ ਉੱਪਰ ਵੀ ਝਾਤੀ ਮਾਰੀ ਜਾਵੇ ਤਾਂ ਕਵਿਤਾ ਮੁੱਢੋਂ ਹੀ ਸਾਹਿਤਕਾਰਾਂ ਦਾ ਮਨਭਾਉਂਦਾ ਕਾਵਿ ਰੂਪ ਰਿਹਾ ਹੈ। ਹਾਂ ਫ਼ਰਕ ਸਿਰਫ਼ ਐਨਾ ਹੈ ਕਿ ਮੱਧਕਾਲ ਤੱਕ ਪੰਜਾਬੀ ਕਵਿਤਾ ਦਾ ਮੁਹਾਂਦਰਾ ਤੁਕਾਂਤਮਈ ਰਿਹਾ ਹੈ ਜਿਸਦੇ ਅੰਤਰਗਤ ਲੱਗਭਗ ਸਾਰੇ ਮੱਧਕਾਲੀ ਕਾਵਿ-ਰੂਪਾਕਾਰਾਂ ਵਿਚ ਛੰਦ ਦੀ ਪ੍ਰਧਾਨਤਾ ਰਹੀ ਹੈ ਜਦੋਂ ਕਿ ਆਧੁਨਿਕ ਕਾਲ ਵਿਚ ਇਸ ਅੰਦਰ 'ਖੁੱਲ੍ਹੀ ਕਵਿਤਾ' ਦੀ ਬਹੁਤਾਤ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਪ੍ਰੋ. ਪੂਰਨ ਸਿੰਘ ਦੀ ਖ਼ਾਸੀਅਤ ਅਤੇ ਨਿਵੇਕਲਾਪਣ ਇਸ ਗੱਲ ਵਿਚ ਹੈ ਕਿ ਉਸਨੇ ਆਪਣੇ ਤੋਂ ਪਹਿਲਾਂ ਦੇ ਕਵੀਆਂ ਵਾਂਗ ਪੰਜਾਬੀ ਕਵਿਤਾ ਨੂੰ ਪੁਰਾਣੇ ਛੰਦ-ਸ਼ਾਸਤਰ ਦੇ ਚੌਖਟੇ ਵਿਚ ਰੱਖ ਕੇ ਉਸਦੇ ਸੁਹਜ ਵਿਚ ਵਾਧਾ ਕਰਨ ਦੀ ਥਾਂ, ਉਸਨੂੰ ਛੰਦ ਦੀਆਂ ਪੁਰਾਤਨ ਵਲਗਣਾਵਾਂ ਵਿਚੋਂ ਕੱਢ ਕੇ ਖੁੱਲ੍ਹਾ ਜਾਮਾ ਪਹਿਨਾਇਆ ਹੈ। ਵਿਦਵਾਨਾਂ ਨੇ ਇਸੇ ਲਈ ਉਸਨੂੰ ਪੰਜਾਬੀ ਵਿਚ 'ਖੁੱਲ੍ਹੀ ਕਵਿਤਾ ਦਾ ਪਿਤਾਮਾ' ਕਹਿ ਕੇ ਸਨਮਾਨਿਆ ਕਿਉਂਕਿ ਉਸਨੇ ਛੰਦ ਨੂੰ 'ਨਵਾਬੀ ਜੁੱਤੀ ਦੀ ਕੈਦ' ਮੰਨਿਆ ਹੈ। ਇਥੇ ਇਕ ਗੱਲ ਬਹੁਤ ਧਿਆਣਦੇਣਯੋਗ ਹੈ ਕਿ ਪ੍ਰੋ. ਪੂਰਨ ਸਿੰਘ ਦੁਆਰਾ ਖੁੱਲ੍ਹੀ ਕਵਿਤਾ ਦੀ ਪਾਈ ਪਿਰਤ ਸਦਕਾ ਉਸਤੋਂ ਪਿੱਛੋਂ ਹੁਣ ਤੱਕ ਬੇਅੰਤ ਪੰਜਾਬੀ ਕਵੀਆਂ ਨੇ ਇਸ ਕਿਸਮ ਦੀ ਕਵਿਤਾ ਲਿਖ ਕੇ ਪੰਜਾਬੀ ਕਵਿਤਾ ਦੀ ਝੋਲੀ ਅਨੇਕਾਂ ਪੁਸਤਕਾਂ ਪਾਈਆਂ ਅਤੇ ਅੱਜ ਵੀ ਪਾ ਰਹੇ ਹਨ ਜਿੰਨਾਂ ਵਿਚ 'ਨਵਦੀਪ ਸਿੰਘ ਮੁੰਡੀ' ਦੁਆਰਾ ਰਚਿਤ ਪੁਸਤਕ 'ਚੁੱਪ ਦੀ ਕਥਾ' ਇਸੇ ਦਿਸ਼ਾ ਵਿਚ ਪੁੱਟਿਆ ਗਿਆ ਸੱਜਰਾ ਤੇ ਪਲੇਠਾ ਕਦਮ ਹੈ। ਜੇਕਰ ਗੱਲ ਇਸ ਪੁਸਤਕ ਦੇ ਸਿਰਲੇਖ ਤੋਂ ਸ਼ੁਰੂ ਕੀਤੀ ਜਾਵੇ ਤਾਂ ਡਾ. ਅਮਰਜੀਤ ਕੌਂਕੇ ਦੇ ਕਥਨ ਨਾਲ ਸਾਡੀ ਪੂਰੀ ਸਹਿਮਤੀ ਹੈ ਕਿ 'ਨਵਦੀਪ ਦੀ ਸ਼ਾਇਰੀ ਉਸ ਦੀਆਂ ਆਪਣੇ ਮਨ ਨਾਲ ਹੀ ਕੀਤੀਆਂ ਹੋਈਆਂ ਗੱਲਾਂ ਹਨ, ਜਿਵੇਂ ਕੋਈ ਮਨ ਹੀ ਮਨ ਆਪਣੀ ਚੁੱਪ ਨਾਲ ਸੰਵਾਦ ਕਰਦਾ ਹੈ, ਉਸ ਦੀ ਸ਼ਾਇਰੀ ਵੀ ਉਸ ਦੇ ਆਪੇ ਨਾਲ ਇਕ ਮੂਕ ਸੰਵਾਦ ਹੈ। ਸ਼ਾਇਦ ਇਸੇ ਲਈ ਉਸ ਨੇ ਆਪਣੀ ਪੁਸਤਕ ਨੂੰ "ਚੁੱਪ ਦੀ ਕਥਾ" ਦਾ ਨਾਂ ਦਿੱਤਾ ਹੈ।'1 ਭਾਵੇਂ ਨਵਦੀਪ ਦਾ ਇਹ ਸੰਵਾਦ ਉਸਦੇ ਘਰ-ਪਰਿਵਾਰ, ਉਸਦੇ ਆਲੇ-ਦੁਆਲੇ ਜਾਂ ਕੁਦਰਤ ਦੇ ਅਨੰਤ ਪਸਾਰੇ ਨਾਲ ਹੈ ਪਰ ਉਸਦਾ ਅਸਲ ਸੰਵਾਦ ਉਸਦੇ ਖੰਡਿਤ ਆਪੇ ਨਾਲ ਹੈ, ਜਿਸ ਵਿਚੋਂ ਉਹ ਆਪਣੀ ਹੀ ਛਾਂ ਵਿਚ ਬੈਠ ਕੇ ਆਪਣੇ ਆਪੇ ਦੇ ਸਨਮੁਖ ਹੁੰਦਾ ਹੋਇਆ ਆਪਣੇ ਸਵੈ ਨੂੰ ਧੁਰ ਅੰਦਰੋਂ ਪੜਚੋਲਦਾ ਹੈ। ਉਹ ਘੱਟ ਬੋਲਣਾ ਲੋਚਦਾ ਹੈ ਤੇ ਆਪਣੇ ਆਪ ਦੀ ਆਵਾਜ਼ ਨੂੰ ਵੱਧ ਸੁਣਨਾ ਚਾਹੁੰਦਾ ਹੈ। ਉਹ ਇਸ ਵਿਚਾਰਧਾਰਾ ਦਾ ਹਾਮੀ ਹੈ ਕਿ ਬੰਦੇ ਦੇ ਬੋਲਣ ਨਾਲੋਂ ਉਸਦੀ ਚੁੱਪ ਦੇ ਸਰਵਰ ਥੱਲੇ ਵਧੇਰੇ ਕੁਝ ਪਿਆ ਹੈ, ਜਿਸਨੂੰ ਹੰਘਾਲਣਾ ਬਣਦਾ ਹੈ। ਮਸਲਾ ਤਾਂ ਸਾਰਾ ਚੁੱਪ ਵਿਚਲੀਆਂ ਬਰਕਤਾਂ ਨੂੰ ਪਛਾਨਣ ਦਾ ਹੈ। ਇਸ ਸੰਦਰਭ ਵਿਚ ਉਸਦੀ ਕਵਿਤਾ 'ਮਾਂ-1' ਵਿਚਾਰਣਯੋਗ ਹੈ, ਜਿਸ ਵਿਚ ਉਸਨੇ ਮਾਂ ਦੀ ਚੁੱਪ ਰਾਹੀਂ ਰੱਬੀ ਬਖਸ਼ਿਸ਼ਾਂ ਦੇ ਸੰਦਰਭ ਵਿਚ ਚੁੱਪ ਦੀ ਦਾਰਸ਼ਨਿਕਤਾ ਦੇ ਦਰਸ਼ਨ ਕਰਵਾਏ ਹਨ, ਕਵਿਤਾ ਹੈ –

> ਕਈ ਸਾਲਾਂ ਤੋਂ ਮਾਂ ਪਾਠ ਕਰਦੀ ਹੈ
> ਮੈਂ ਵਿਆਖਿਆ ਪੁੱਛਦਾ ਹਾਂ
> ਮਾਂ ਕੁਝ ਨਹੀਂ ਬੋਲਦੀ
> ਚੁੱਪਚਾਪ ਪਾਠ ਕਰਦੀ ਰਹਿੰਦੀ ਹੈ
> ਵਰ੍ਹਿਆਂ ਬਾਅਦ
> ਅੱਜ ਚਾਨਣ ਹੋਇਆ
> ਘਰ ਦੀ ਖੁਸ਼ਹਾਲੀ ਦਾ ਰਾਜ਼ ...2

ਨਵਦੀਪ ਮੁੰਡੀ ਦੀ ਚੁੱਪ ਦੇਹਾਂ ਤੋਂ ਪਾਰ ਦੀ ਗੱਲ ਕਰਦੀ ਇਸ ਧਾਰਨਾ ਦੀ ਹਾਮੀ ਭਰਦੀ ਹੈ ਕਿ –

> ਮੁਹੱਬਤ ਵਿਚ ਦੇਹ ਕਿਤੇ ਨਹੀਂ ਆਉਂਦੀ
> ਇਹ ਰੂਹਾਂ ਦੀ ਖੇਡ ਹੈ
> ਐਪਰ
> ਮੁਹੱਬਤ ਬਹੁਤ ਜ਼ਾਲਮ ਹੈ
> ਦੇਹ 'ਤੇ ਮਾਸ ਨਹੀਂ ਰਹਿਣ ਦਿੰਦੀ ...3

ਉਸਦੀ ਕਵਿਤਾ ਵਿਚਲੀ ਚੁੱਪ ਆਪਣੇ ਸਾਥੀ ਦੇ ਪਿਆਰ ਦੀ ਹਾਮੀ ਭਰਦੀ ਹੈ ਜਿਸ ਵਿਚ ਕੁਦਰਤ ਆਪਣੇ ਨਿਵੇਕਲੇ ਰੰਗਾਂ ਰਾਹੀ ਇਜ਼ਹਾਰ ਦਾ ਕਾਰਜ ਕਰਦੀ ਹੈ, ਪਰ ਇਸ ਵਿਚ ਖਾਸ ਗੱਲ ਇਹ ਹੈ ਕਿ ਦੋਨਾਂ ਦਾ ਕਾਰਜੀ ਚੱਕਰ ਚੁੱਪ ਤੋਂ ਸ਼ੁਰੂ ਹੋ ਕੇ ਚੁੱਪ ਵਿਚ ਸਮਾ ਜਾਂਦਾ ਹੈ। ਇਹ ਅਜਿਹੀ ਚੁੱਪ ਹੈ ਕਿ ਜਿਸਦੇ ਅਹਿਸਾਸ ਨਾਲ ਪਿਆਰੇ ਦੀ ਗ਼ੈਰ-ਮੌਜੂਦਗੀ ਵਿਚ ਵੀ ਉਸਦੀ ਮੌਜੂਦਗੀ ਦਾ ਅਨੁਭਵ ਹੁੰਦਾ ਹੈ, ਜਿਸਦੇ ਸਿੱਟੇ ਵਜੋਂ ਵਿਛੋੜੇ ਦੀ ਹਾਲਤ ਵਿਚ ਵੀ ਮਿਲਾਪ ਦੀਆਂ ਤਰੰਗਾਂ ਸਰਸ਼ਾਰ ਕਰਦੀਆਂ ਹਨ, ਮਸਲਨ –

> ਕੁਦਰਤ ਨੇ ਆਪਾਂ ਨੂੰ ਇਕ ਨਹੀਂ ਕੀਤਾ
> ਪਰ ਫੇਰ ਵੀ
> ਜਿਹੜੀ ਹਵਾ ਵਿਚ ਤੂੰ ਸਾਹ ਲੈ ਰਹੀ ਏਂ

ਉਹ ਹਵਾ ਮੈਨੂੰ ਵੀ ਸਰਸ਼ਾਰ ਕਰਦੀ ਹੈ
ਜਿਹੜੀ ਧੁੱਪ ਤੂੰ ਮਾਣਦੀ ਏਂ
ਉਹ ਮੇਰਾ ਵੀ ਖਿਆਲ ਰੱਖਦੀ ਹੈ
ਜਿਸ ਨੇ ਤੈਨੂੰ ਚਾਨਣ ਦਿੱਤਾ
ਉਹ ਮੇਰਾ ਵੀ ਕੁਝ ਲੱਗਦੈ ...4

ਜਦੋਂ ਕਿ ਦੂਜੇ ਪਾਸੇ ਕਵੀ ਉਹੀ ਸਾਥੀ ਦੇ ਤੁਰ ਜਾਣ ਜਾਂ ਛੱਡ ਜਾਣ 'ਤੇ ਕੁਦਰਤ ਦੇ ਅਨੰਤ ਪਸਾਰੇ ਵਿਚਲੇ ਕਾਰਜੀ ਚੱਕਰ ਦਾ ਚੱਕਾ ਰੁਕ ਜਾਣ ਦੀ ਗੱਲ ਕਰਦਾ ਹੈ। ਉਸ ਲਈ ਉਸਦਾ ਵਿਛੋੜਾ ਅਜਿਹੀ ਲੰਮੀ ਤੇ ਗਹਿਰੀ ਚੁੱਪ ਹੈ ਜਿਸਦੇ ਪੱਸਰਨ 'ਤੇ ਸਮੁੱਚੀ ਕਾਇਨਾਤ ਮਾਨੋਂ ਸੱਖਣੀ ਹੈ ਤੇ ਉਸ ਪਿਆਰੇ ਦੇ ਪਰਤ ਆਉਣ 'ਤੇ ਹੀ ਸਗਲ ਕਾਇਨਾਤ ਵਿਚ ਬਹਾਰ ਆਉਂਦੀ ਹੈ, ਤਾਂ ਹੀ ਤਾਂ ਕਵੀ ਇਹ ਆਖਦਾ ਹੈ ਕਿ ਉਸਦੇ ਪਿਆਰੇ ਦੇ ਪਰਤ ਆਉਣ 'ਤੇ ਹੀ ਕੁਦਰਤ ਆਪਣੇ ਰੰਗ ਵਿਚ ਦੁਬਾਰਾ ਰੰਗੀ ਜਾਵੇਗੀ, ਮਸਲਨ –

ਤੇਰੇ ਜਾਣ ਤੋਂ ਬਾਅਦ
ਹਰ ਟਾਹਣੀ ਓਦਰੀ ਪਈ ਹੈ
ਪੱਤਾ-ਪੱਤਾ ਮੁਰਝਾਇਆ ਪਿਐ
ਕੋਈ ਨਵੀਂ ਕਰੂੰਬਲ ਨਹੀਂ ਫੁੱਟੀ
ਬੂਰ ਨਹੀਂ ਪਿਆ
ਕਲੀ ਫੁੱਲ ਨਹੀਂ ਬਣੀ
ਤੂੰ ਆ ਕਦੇ
ਤਾਂ ਜ'
ਕੁਦਰਤ ਆਪਣੇ ਰੰਗ ਵਿਚ ਆਵੇ ...5

ਕਵੀ ਆਪਣੇ ਪਿਆਰੇ ਦੀ ਉਡੀਕ ਐਨੀ ਤਾਂਘ ਨਾਲ ਕਰਦਾ ਹੈ ਕਿ ਉਸਦੀ ਚੁੱਪ ਵਿਚ ਹੀ ਉਸਦਾ ਆਪਣੇ ਪਿਆਰੇ ਅੱਗੇ ਅਜਿਹਾ ਆਤਮ-ਸਮਰਪਣ ਹੈ, ਜਿਸ ਵਿਚ ਉਹ ਆਪਣੀ ਪਿਆਰ ਧਿਰ ਦਾ ਸਭ ਕੁਝ ਕਬੂਲ ਕਰਨਾ ਲੋਚਦਾ ਹੈ, ਤਾਂ ਹੀ ਤਾਂ ਉਹ ਆਖਦਾ –

ਸੱਚੀਂ ਤੂੰ ਇਹ ਡਰ ਖ਼ਤਮ ਕਰਦੇ
ਤੇਰਾ ਕਿਹਾ ਸਭ ਕਬੂਲ ਕਰ ਲਵਾਂਗਾ
ਨਾਲੇ ਰਿਸ਼ਤੇ ਤਾਂ ਮੰਨਣ ਦੇ ਹੁੰਦੇ ਨੇ
ਸੱਚੀਂ
ਤੂੰ ਬਸ ਖਾਲੀ ਭਾਂਡੇ ਨੂੰ ਭਰ ਜਾਣਦੇ ...6

ਇਕ ਹੋਰ ਵੱਡਾ ਮਸਲਾ ਜੋ ਕਵੀ ਦੀ ਦ੍ਰਿਸ਼ਟੀ ਵਿਚ ਆਇਆ ਉਹ ਇਹ ਹੈ ਕਿ ਧਰਮ ਜਿਸਨੇ ਮਨੁੱਖ ਨੂੰ ਸ਼ਾਂਤੀ ਅਤੇ ਸਹਿਜਤਾ ਦੇਣੀ ਸੀ, ਮਨੁੱਖ ਨੇ ਉਸੇ ਧਰਮ ਦੀ ਆਡ ਵਿਚ ਐਨੇ ਕੁ ਫਜ਼ੂਲ ਦੇ ਕਰਮ-ਕਾਂਢਾ ਅਤੇ ਸ਼ੁਰੀਲੀਆਂ ਪੂਜਾ ਵਿਧੀਆਂ ਨੂੰ ਅਪਣਾਇਆ ਹੈ ਕਿ ਅੱਜ ਆਲੇ-ਦੁਆਲੇ ਵਿਚ ਸਭ ਤੋਂ ਵੱਧ ਸ਼ੋਰ ਪ੍ਰਦੂਸ਼ਣ ਧਰਮ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ। ਹੇਠਲੀਆਂ ਕਵਿਤਾਵਾਂ ਵਿਚ ਨਵਦੀਪ ਮੁੰਡੀ ਆਧੁਨਿਕ ਮਨੁੱਖ ਨੂੰ ਇਸ ਪਾਸੇ ਤੋਂ ਚੇਤੰਨ ਕਰਦਾ ਹੋਇਆ ਚੁੱਪ ਦੀ ਬੇਅੰਤ ਮਹੱਤਤਾ ਤੋਂ ਜਾਣੂੰ ਕਰਵਾਉਂਦਾ ਹੈ। ਉਸ ਅਨੁਸਾਰ ਮਨੁੱਖ ਆਪਣੀ ਚੁੱਪ ਵਿਚੋਂ ਹੀ ਆਪਣੇ ਆਪ ਨੂੰ ਤਲਾਸ਼ ਸਕਦਾ ਹੈ ਤੇ ਜਦੋਂ ਉਹ ਆਪਣੇ-ਆਪ ਤੋਂ ਜਾਣੂ ਹੋਵੇਗਾ ਤਦ ਹੀ ਉਹ ਰੱਬੀ ਭੇਦ ਦਾ ਇਲਮ ਵੀ ਪਾ ਸਕੇਗਾ –

ਨਮਾਜ਼ਾਂ ਪੜ੍ਹੀਆਂ ਜਾ ਰਹੀਆਂ ਨੇ
ਪਾਠ ਹੋ ਰਹੇ ਨੇ
ਟੱਲ ਖੜਕਾਏ ਜਾ ਰਹੇ ਨੇ
ਰੱਬ ਨੂੰ ਪਾਉਣ ਦਾ ਹਰ ਹੀਲਾ ਹੋ ਰਿਹੈ
ਪਰ ਰੱਬ ਮਿਲਦੈ ਸਿਰਫ਼ ਉਹਨੂੰ
ਜਿਹੜਾ ਪਛਾਣ ਲੈਂਦੇ ਰੱਬ ਨੂੰ
ਉਸ ਦੀ ਬਣਾਈ ਮਿੱਟੀ ਵਿੱਚੋਂ ...7
ਤੂੰ ਕਰ ਲੱਖ ਅਡੰਬਰ ਰਿਝਾਉਣ ਦੇ
ਸਭ ਫੇਲ੍ਹ ਹੈ ਪਰ
ਤੂੰ ਕਰ ਨਿਰਸਵਾਰਥ ਅਰਾਧਨਾ
ਤੈਨੂੰ ਰੱਬ ਜ਼ਰੂਰ ਮਿਲੂ ...8

ਕਿਤੇ-ਕਿਤੇ ਕਵੀ ਮਨੁੱਖ ਨੂੰ ਆਪਣੀ ਚੁੱਪ ਤੋੜਨ ਬਾਰੇ ਵੀ ਤਾਕੀਦ ਕਰਦਾ ਹੈ, ਉੱਥੇ ਉਸਦਾ ਇਸ਼ਾਰਾ ਇਕ-ਦੂਜੇ ਸੰਗ ਦੁੱਖ-ਸੁੱਖ ਸਾਂਝੇ ਕਰਨ ਵੱਲ ਹੈ। ਕਈ ਵਾਰ ਇਨਸਾਨ ਆਪਣੇ ਆਲੇ-ਦੁਆਲੇ ਦੀ ਬੇਰੁਖੀ ਵਿਚ ਅਜਿਹੇ ਖੁਸ਼ਕ ਮਾਹੌਲ ਵਿਚ ਵਿਚਰਦਾ ਹੈ ਜਿੱਥੇ ਉਸਦੇ ਜਾਣੂੰ ਤਾਂ ਬਹੁਤ ਲੋਕ ਹੁੰਦੇ ਹਨ ਪਰ ਉਹ ਇਕੱਲਤਾ ਹੰਢਾ ਰਿਹਾ ਹੁੰਦਾ। ਅਜਿਹੀ ਅਵਸਥਾ ਵਿਚ ਉਹ ਆਪਣੀ ਨਿੱਜੀ ਚੁੱਪ ਨੂੰ ਤੋੜਦਿਆਂ ਕਿਸੇ ਆਪਣੇ ਸੰਗ ਬੈਠ ਦਿਲ ਦੇ ਦੁੱਖੜੇ ਫੋਲਣਾ ਚਾਹੁੰਦਾ ਹੈ ਕਿ ਸ਼ਾਇਦ ਕਿਧਰੇ ਉਸਨੂੰ ਸ਼ਾਂਤੀ ਮਿਲ ਸਕੇ –

ਤੇਰੀ ਚੁੱਪ ਮੇਰੀ ਚੁੱਪ
ਬਹੁਤ ਰੌਲਾ ਪਾਉਂਦੀਆਂ
ਆ ਬੈਠ ਕੇ ਇਹਨਾਂ ਦੇ ਹਉਕੇ ਸੁਣੀਏ
ਤਾਂ ਜੋ ਇਹ ਦਰਦ ਤੋਂ ਮੁਕਤ ਹੋ ਕੇ
ਕੁਝ ਤਾਂ ਸ਼ਾਂਤ ਹੋ ਸਕਣ ...9

ਕਵੀ ਦੀ ਖ਼ੂਬਸੂਰਤੀ ਇਸ ਗੱਲ ਵਿਚ ਵਧੇਰੇ ਹੈ ਕਿ ਉਸਨੇ ਆਪਣੇ ਆਲੇ-ਦੁਆਲੇ ਪੱਸਰੇ ਕੁਦਰਤੀ ਵਰਤਾਰਿਆਂ ਦੇ ਪ੍ਰਸੰਗ ਵਿਚ ਚੁੱਪ ਦੀ ਕਥਾ ਨੂੰ ਟੋਲਿਆ ਹੈ। ਅਜਿਹਾ ਕਰਦਾ ਉਹ ਕੁਦਰਤ ਦੀਆਂ ਅਨੇਕਾਂ ਦਾਤਾਂ ਅਤੇ ਬਖਸ਼ਿਸ਼ਾਂ ਦੇ ਹਵਾਲੇ ਦਿੰਦਾ ਹੈ ਜੋ ਕੁਦਰਤ ਨਿਰਸੁਆਰਥ ਭਾਵਨਾ ਨਾਲ ਮਨੁੱਖ ਨੂੰ ਦੇ ਰਹੀ ਹੈ। ਇਸ ਸਾਰੇ ਵਰਤਾਰੇ ਅੰਦਰ ਕੁਦਰਤ ਦਾ 'ਚੁੱਪ ਦਾ ਸਿਧਾਂਤ' ਕਾਰਜਸ਼ੀਲ ਹੈ ਜਿਸਨੂੰ ਸਮਝਣਾ ਆਧੁਨਿਕ ਮਨੁੱਖ ਲਈ ਬੇਹੱਦ ਜ਼ਰੂਰੀ ਹੈ। ਮਨੁੱਖ ਬਿਨਾਂ ਸਵਾਰਥ ਤੋਂ ਕਿਸੇ ਨੂੰ ਕੁਝ ਨਹੀਂ ਦਿੰਦਾ ਅਤੇ ਜੋ ਕੁਝ ਵੀ ਦਿੰਦਾ ਹੈ ਉਸਨੂੰ ਉੱਚੀ-ਉੱਚੀ ਬਿਲ ਕੇ ਬਿਆਨ ਕਰਦਾ ਹੈ, ਸਾਹਮਣੇ ਵਾਲੇ ਨੂੰ ਸੁਣਾਉਂਦਾ ਹੈ। ਪਰ ਦੇਖੋ ਕੁਦਰਤ ਦੀ ਚੁੱਪ ਦਾ ਫ਼ਲਸਫਾ ਕਿੰਨਾ ਮਹਾਨ ਹੈ ਕਿ ਉਹ ਸਭ ਦਾਤਾਂ ਦਿੰਦੀ ਹੋਈ ਵੀ ਚੁੱਪ ਹੈ। ਅਸੀਂ ਗਰਜ਼ਾਂ ਦੇ

## ਉਹ ਕੌਣ ਹਨ...? / ਚਰਨਜੀਤ ਸਮਾਲਸਰ



ਉਹ ਕੌਣ ਹਨ
ਜਿਨ੍ਹਾਂ ਦੀ ਪਿੱਠ ਤੋਂ ਸਾਰਾ ਦਿਨ
ਦਗ਼ਦਾ ਸੂਰਜ ਤਿਲਕ ਕੇ
ਆਥਣ ਵੇਲੇ ਧਸ ਜਾਂਦਾ ਹੈ
ਉਨ੍ਹਾਂ ਦੇ ਹੀ ਸੀਨੇ ਵਿੱਚ...
ਤੇ ਸ਼ਾਮਾਂ ਤੋਂ ਬਾਅਦ
ਠੰਢੀਆਂ ਯਖ਼ ਰਾਤਾਂ
ਉਨ੍ਹਾਂ ਦੇ ਦਿਮਾਗਾਂ 'ਚ ਲਹਿ ਕੇ
ਕਰ ਦਿੰਦੀਆਂ ਨੇ ਸੁੰਨ
ਉਨ੍ਹਾਂ ਦੀ ਹੋਣੀ ਨੂੰ...
ਕਿ ਜਦੋਂ ਉਨ੍ਹਾਂ ਦੀ
ਕਿਰਤ ਦੇ ਖਿਲਾਫ਼
ਗੁਰੂ ਘਰਾਂ ਵਿੱਚੋਂ
ਕਿਰਤ ਦੀ ਲੁੱਟ ਦੀਆਂ
ਹੁੰਦੀਆਂ ਨੇ ਅਨਾਊਂਸਮੈਂਟਾਂ...
ਤੇ ਹੱਕਾਂ ਲਈ
ਬੋਲਣ ਵਾਲੇ ਦੀਆਂ
ਤੋੜ ਦਿੱਤੀਆਂ ਜਾਂਦੀਆਂ ਨੇ
ਲੱਤਾਂ ਅਤੇ ਬਾਹਾਂ
ਤੇ ਗੱਲ੍ਹਾਂ 'ਤੇ ਪਏ
ਚਪੇੜਿਆਂ ਦੇ ਨਿਸ਼ਾਨ
ਸਿਰਫ਼ ਦਰਦ ਹੀ ਨਹੀਂ ਕਰਦੇ
ਸਗੋਂ ਭਾਰਤ ਮਹਾਨ ਦੀ
ਗਵਾਹੀ ਵੀ ਭਰਦੇ ਹਨ...

ਕਿ ਏਹੋ ਜਿਹੇ
ਹੱਕ ਮਾਰਨ ਵਾਲੇ ਲੋਕ
ਜਦੋਂ ਐੱਮ.ਐੱਸ.ਪੀ.ਦੇ
ਰੇੜਕੇ ਨੂੰ ਲੈ ਕੇ
ਜਾਂ ਫਿਰ ਹੋਰ ਮਸਲਿਆਂ ਨੂੰ ਲੈ ਕੇ
ਕਰਦੇ ਨੇ ਬਾਜ਼ਾਰ ਬੰਦ ਰੋਕਦੇ ਨੇ
ਰੇਲਾਂ, ਬੱਸਾਂ ਤੇ ਗੱਡੀਆਂ
ਚੌਂਕਾਂ ਸੜਕਾਂ 'ਤੇ
ਵਿਛਾਉਂਦੇ ਨੇ ਦਰੀਆਂ...
ਤਾਂ ਫਿਰ
ਕਿਰਤੀਆਂ ਦੇ ਸੀਨੇ ਵਿੱਚ
ਧਸਿਆ ਹੋਇਆ ਦਗਦਾ ਸੂਰਜ
ਅੰਗਿਆਰ ਬਣ ਕੇ
ਬਾਹਰ ਕਾਹਤੋਂ ਨਈਂ ਨਿਕਲਦਾ...
ਤੇ ਠੰਢੀਆਂ ਯਖ਼ ਰਾਤਾਂ 'ਚ
ਸੁੰਨ ਹੋਇਆ ਦਿਮਾਗ
ਸੂਰਜ ਦੇ ਗੋਲੇ ਨਾਲ਼ ਵੀ
ਪਿਘਲਦਾ ਕਿਉਂ ਨਹੀਂ...

ਤੇ ਕੌਣ ਹਨ ਏਹ ਲੋਕ
ਜਿਨ੍ਹਾਂ ਦੀਆਂ ਪਿੱਠਾਂ 'ਤੇ
ਦਗ਼ਦੇ ਹੋਏ ਸੂਰਜ
ਤੇ ਠੰਢੀਆਂ ਯਖ਼ ਰਾਤਾਂ ਦੇ
ਨਿਸ਼ਾਨ ਅਜੇ ਵੀ ਬਾਕੀ ਹਨ...

ਰਿਸ਼ਤੇ ਉਸਾਰਦੇ ਹਾਂ ਤੇ ਕੁਦਰਤ ਬਿਨਾਂ ਰਿਸ਼ਤਾ ਸਿਰਜਿਆਂ ਆਪਣਾ ਕਾਰਜ ਕਰਦੀ ਹੈ, ਸੱਚਮੁੱਚ ਕੁਦਰਤ ਦਾ ਇਹ ਫ਼ਲਸਫਾ ਬੜਾ ਨਿਵੇਕਲਾ ਹੈ –

ਮਨੁੱਖ ਨਾਲ ਕੀ ਰਿਸ਼ਤਾ ਹੈ ਨਦੀਆਂ ਦਾ
ਹਵਾਵਾਂ ਦਾ ਦਰਖ਼ਤਾਂ ਦਾ
ਉਹ ਫਿਰ ਵੀ ਆਪਾਂ ਨੂੰ ਕਿੰਨਾਂ ਕੁਝ ਦਿੰਦੇ
ਤੇ ਅਸੀਂ ਐਵੇਂ ਅੜ ਕੇ ਬਹਿ ਜਾਂਦੇ ਹਾਂ
ਲੱਭਦੇ ਰਹਿੰਦੇ ਹਾਂ ਹਰ ਰਿਸ਼ਤੇ ਦਾ ਨਾਮ10

ਉਪਰੋਕਤ ਵਿਚਾਰ-ਚਰਚਾ ਦੇ ਸੰਦਰਭ ਵਿਚ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਨਵਦੀਪ ਮੁੰਡੀ ਦੀ ਪੁਸਤਕ 'ਚੁੱਪ ਦੀ ਕਥਾ' ਆਧੁਨਿਕ ਪੰਜਾਬੀ ਕਵਿਤਾ ਵਿਚ ਇਕ ਸ਼ੁਭ ਸ਼ਗਨ ਹੈ, ਜਿਸਦਾ ਸਵਾਗਤ ਕਰਨਾ ਬਣਦਾ ਹੈ। ਉਸਦੀ ਕਵਿਤਾ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਆਧੁਨਿਕ ਨੈਨੋ ਤਕਨਾਲੋਜੀ ਵਾਲੇ ਯੁੱਗ ਅੰਦਰ ਬਿਰਤਾਂਤਕ ਕਵਿਤਾ ਦੀ ਥਾਂ ਲਘੂ ਕਵਿਤਾ ਅਤੇ ਬਹੁਤਾ ਬੋਲਣ ਦੀ ਥਾਂ ਚੁੱਪ ਰਹਿਣ ਵਰਗੇ ਵੱਡੇ ਦਰਸ਼ਨ ਸ਼ਾਸਤਰ ਨਾਲ ਪੰਜਾਬੀ ਕਵਿਤਾ ਦੀ ਸਾਂਝ ਪਵਾਉਂਦਾ ਹੈ। ਨਿਰਸੰਦੇਹ ਪੰਜਾਬੀ ਕਵਿਤਾ ਬਹੁਤਾ ਬੋਲਣ ਦੀ ਆਦੀ ਹੈ ਜਦੋਂਕਿ ਪੂਰਬ ਵਿਚ ਬੁੱਧ ਦਰਸ਼ਨ ਚੁੱਪ ਦੇ ਮੱਤ ਦਾ ਧਾਰਨੀ ਹੈ। ਭਾਵੇਂ ਪੰਜਾਬੀ ਜਨ-ਜੀਵਨ ਵਿਚ ਚੁੱਪ ਰਹਿਣ ਦਾ ਸੰਕਲਪ ਅਤੇ ਇਸਦੀ ਪੈਰਵੀ ਕਰਨੀ ਔਖਾ ਕਾਰਜ ਹੈ ਪਰ ਨਵਦੀਪ ਨੇ ਆਪਣੀ ਕਵਿਤਾ ਰਾਹੀਂ ਇਸ ਵਰਤਾਰੇ ਅੰਦਰ ਸ਼ਮੂਲੀਅਤ ਕੀਤੀ ਹੈ, ਜਿਸਦਾ ਭਵਿੱਖ ਸਮੇਂ ਦੀ ਗੋਦ ਵਿਚ ਹੈ ਪਰ ਹਾਲ ਦੀ ਘੜੀ ਸਾਨੂੰ ਇਸ ਕਵਿਤਾ ਨੂੰ ਖੁਸ਼ਆਮਦੀਦ ਕਹਿਣਾ ਬਣਦਾ ਹੈ।

### ਹਵਾਲੇ ਅਤੇ ਟਿੱਪਣੀਆਂ


1. ਨਵਦੀਪ ਸਿੰਘ ਮੁੰਡੀ, ਚੁੱਪ ਦੀ ਕਥਾ, ਸਪਰੈੱਡ ਪਬਲੀਕੇਸ਼ਨ, ਪਟਿਆਲਾ, 2020, ਪੰਨਾ-11
2. ਉਹੀ, ਪੰਨਾ-14
3. ਉਹੀ, ਪੰਨਾ-17
4. ਉਹੀ, ਪੰਨਾ-18
5. ਉਹੀ, ਪੰਨਾ-23
6. ਉਹੀ, ਪੰਨਾ-26
7. ਉਹੀ, ਪੰਨਾ-27
8. ਉਹੀ, ਪੰਨਾ-29
9. ਉਹੀ, ਪੰਨਾ-32
10. ਉਹੀ, ਪੰਨਾ-93



**ਅਸਿਸਟੈਂਟ ਪ੍ਰੋਫ਼ੈਸਰ**
**ਪੋਸਟ- ਗ੍ਰੈਜੂਏਟ ਪੰਜਾਬੀ ਵਿਭਾਗ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

# 'ਜ਼ਿੰਦਗੀ ਇਕ ਹੁਨਰ' ਨੂੰ ਮਾਣਦਿਆਂ / ਡਾ. ਨਰਿੰਦਰਜੀਤ ਕੌਰ


ਸੁਰਜੀਤ ਦੀ 90 ਪੰਨਿਆਂ ਦੀ ਕਿਤਾਬ ਜਿਸਦਾ ਸਿਰਲੇਖ 'ਜ਼ਿੰਦਗੀ ਇੱਕ ਹੁਨਰ ਹੈ' ਆਪਣੇ ਜ਼ਿਹਨ 'ਚ ਬੰਦ ਪਏ ਵਲਵਲਿਆਂ ਰੂਪੀ ਪਿਟਾਰੀ ਨੂੰ ਕਿਤਾਬ ਦੇ ਰੂਪ ਵਿੱਚ ਪਾਠਕਾਂ ਸਾਹਮਣੇ ਰੱਖਣ ਦਾ ਅਹਿਮ ਉਪਰਾਲਾ ਹੈ। ਜ਼ਿੰਦਗੀ ਦੀਆਂ ਅਟੱਲ ਸੱਚਾਈਆਂ ਜੋ ਉਹਨਾਂ ਨੇ ਆਪਣੀ ਯਥਾਰਥਕ ਜ਼ਿੰਦਗੀ ਵਿੱਚ ਦੇਖੀਆਂ, ਹੰਢਾਈਆਂ, ਮਹਿਸੂਸ ਕੀਤੀਆਂ, ਸਿਆਣਿਆਂ ਤੋਂ ਸੁਣੀਆਂ ਗੱਲਾਂ ਅਤੇ ਆਪਣੇ ਨਿੱਜੀ ਤਜ਼ਰਬਿਆਂ ਨੂੰ ਥੋੜ-ਚਿਰੀ ਜ਼ਿੰਦਗੀ ਵਿੱਚੋਂ ਹੁਸੀਨ ਜ਼ਿੰਦਗੀ ਦੀ ਕਾਮਯਾਬੀ ਨੂੰ ਬੜੀ ਸਿਆਣਪ ਨਾਲ ਸਾਕਾਰਤਮਕ ਪੱਖ ਤੋਂ ਉਘਾੜਨ ਦੀ ਕੋਸ੍ਸ਼ਿ ਕੀਤੀ ਹੈ। ਉਹਨਾਂ ਨੇ ਜ਼ਿੰਦਗੀ ਦੀਆਂ ਅਟੱਲ ਸੱਚਾਈਆਂ ਤੇ ਜ਼ੋਰ ਦਿੰਦਿਆਂ 'ਕੰਧੀ ਉੱਤੇ ਰੁੱਖੜਾ ਕਿਚਰਕ ਬੰਨੇ ਧੀਰ' ਵਰਗੀਆਂ ਬਾਬਾ ਫ਼ਰੀਦ ਦੀਆਂ ਉਦਾਹਰਨਾਂ ਦੇ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਖੇੜਾ, ਹੁਲਾਸਮਈ ਜ਼ਿੰਦਗੀ ਬਿਨਾਂ ਸਵਾਰਥ ਤੋਂ ਕਿਸ ਤਰਾਂ ਜੀਵੀ ਜਾ ਸਕਦੀ ਹੈ। ਇਸ ਲਈ ਤਨ, ਮਨ ਨਾਲ ਕੀਤੀ ਗਈ ਸੇਵਾ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ-ਕਿਰਤ ਕਰੋ, ਨਾਮ ਜਪੋ, ਵੰਡ ਛਕੋ ਤੇ ਚੱਲਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਡੇ ਕੀਤੇ ਕਰਮ ਹੀ ਸਾਡੀ ਜ਼ਿੰਦਗੀ ਨੂੰ ਨਵੀਂ ਸੇਧ ਪ੍ਰਦਾਨ ਕਰਨ ਦੇ ਨਾਲ ਸਾਡੀ ਜ਼ਿੰਦਗੀ ਨੂੰ ਹੁਲਾਸਮਈ ਬਣਾਉਂਦੇ ਹਨ। ਚਿੰਤਾ ਗ੍ਰਸਤ ਹੋਣ ਨਾਲੋਂ ਜ਼ਿੰਦਗੀ ਦੇ ਕੁਦਰਤੀ ਵਹਾਓ ਨਾਲ ਚੱਲਣ ਦੀ ਪਿਰਤ ਵੀ ਜ਼ਿੰਦਗੀ ਨੂੰ ਹੁਨਰ ਪ੍ਰਦਾਨ ਕਰਦੀ ਹੈ। ਆਪਣੇ ਆਪ ਨੂੰ ਸੀਮਿਤ ਦਾਇਰੇ ਵਿੱਚ ਰੱਖ ਕੇ ਸਹੀ ਅਤੇ ਸੁਹਿਰਦ ਸੋਚ ਵਾਲੇ ਦੋਸਤਾਂ ਨਾਲ ਦੋਸਤੀ, ਆਪਣੀ ਲਿਖਤ ਨਾਲ ਦੋਸਤੀ, ਕੁਦਰਤੀ ਨੇਮਾਂ ਨਾਲ ਜੁੜਨਾ, ਕਿਸੇ ਦਾ ਉਪਕਾਰ ਕਰਨਾ, ਖਿਮਾ ਕਰਨਾ, ਧੀਰਜ ਰੱਖਣਾ, ਹੌਂਸਲੇ ਬੁਲੰਦ ਰੱਖਣੇ ਤੇ ਮਾਨਵਤਾ ਨਾਲ ਮੁਹੱਬਤ ਕਰਨੀ ਅਸਲੀ ਊਰਜਾ ਹੈ ਜੋ ਸਾਨੂੰ ਪਰਮਾਤਮਾ ਪਾਸੋਂ ਮਿਲਦੀ ਹੈ। ਜਿਸ ਤਰ੍ਹਾਂ ਊਰਜਾ ਨਾਲ ਦੂਸ਼ਿਤ ਪਾਣੀ ਅਤੇ ਦੂਸ਼ਿਤ ਵਾਤਾਵਰਨ ਨੂੰ ਸਵੱਛ ਬਣਾਇਆ ਜਾ ਸਕਦਾ ਹੈ ਬਿਲਕੁਲ ਉਸੇ ਤਰ੍ਹਾਂ ਜ਼ਿੰਦਗੀ ਨੂੰ ਵੀ ਆਪਣੀ ਉਸਾਰੂ ,ਆਗਾਂਹਵਧੂ ਅਤੇ ਸੁਹਿਰਦ ਸੋਚ ਨਾਲ ਹੁਲਾਸਮਈ ਬਣਾਇਆ ਜਾ ਸਕਦਾ ਹੈ। ਲੋੜ ਹੈ-ਆਪਣੇ ਵਜੂਦ ਨੂੰ ਪਛਾਣਨ ਦੀ ਤੇ ਸਮੁੱਚੀ ਕਾਇਨਾਤ ਨਾਲ ਜੁੜਨ ਦੀ ਅਤੇ ਸੰਵੇਦਨਸ਼ੀਨ ਗਿਆਨ ਰੂਪੀ ਦੀਵਾ ਜਗਾਉਣ ਦੀ। ਸੁਰਜੀਤ ਨੇ ਔਰਤ ਦੀ ਸਿਆਣਪ, ਸੂਝ ਅਤੇ ਸ਼ਕਤੀ ਨੂੰ ਵੀ ਸਲਾਹਿਆ ਹੈ। ਮਾਂ ਦੀ ਮਮਤਾ ਵਰਗੇ ਪਵਿੱਤਰ ਰਿਸ਼ਤੇ ਦੀ ਕਦਰ ਕਰਨੀ ਚਾਹੀਦੀ ਹੈ। ਪਰਿਵਾਰਿਕ ਸਾਂਝ ਸਥਾਪਿਤ ਕਰਨ ਵਾਲੀ ਉੱਚੀ ਔਰਤ ਦਾ ਦਰਜਾ ਦਿੰਦੇ ਹੋਏ ਜੀਵਨ ਨੂੰ ਅਗਾਂਹ ਤੋਰਨ ਵਾਲੀ ਸ਼ਕਤੀ ਦਾ ਨਾਮ ਦਿੱਤਾ ਹੈ ਜੋ ਬੱਚਿਆਂ ਨੂੰ ਸਵੈ-ਨਿਰਭਰ ਬਣਾਉਂਦੀ ਹੈ। ਇਸੇ ਕਰਕੇ ਉਨਾਂ ਨੇ ਔਰਤ ਨੂੰ ਉੱਚਾ ਰੁਤਬਾ ਦਿੰਦੇ ਹੋਏ ਅੱਠ ਮਾਰਚ ਨੂੰ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਵੀ ਜ਼ਿਕਰ ਕੀਤਾ ਹੈ ਅਤੇ ਔਰਤ ਨੂੰ ਸਿਆਣਪ ਤੇ ਸ਼ਕਤੀ ਦਾ ਮੁਜੱਸਮਾ ਕਿਹਾ ਹੈ ਜੋ ਮਰਦ ਦੇ ਬਰਾਬਰ ਦੇ ਅਧਿਕਾਰ ਰੱਖਦੀ ਹੋਈ ਆਪਣੀ ਜ਼ਿੰਦਗੀ ਨੂੰ ਸੁਖਾਵਾਂ ਬਣਾਉਂਦੀ ਹੈ। ਮਾਂ ਦੇ ਪਵਿੱਤਰ ਰਿਸ਼ਤੇ ਦੀ ਗੱਲ ਕਰਦਿਆਂ ਉਹਨਾਂ ਨੇ ਦੂਜੀ ਮਾਂ ਮਾਂ ਬੋਲੀ ਨੂੰ ਕਿਹਾ।


ਆਪਣੀ ਵਿਰਾਸਤੀ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਮਾਂ ਬੋਲੀ ਨੂੰ ਤਰਜੀਹ ਦਿੱਤੀ। ਉਹਨਾਂ ਨੇ ਬੱਚੇ ਦੇ ਨਾੜੂ ਦੀ ਗੱਲ ਕਰਦਿਆਂ ਦੱਸਿਆ ਕਿ ਇਸਦੇ ਖੂਨ ਨਾਲ ਬੋਨ ਮੈਰੋ ਵਾਂਗ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਤੋਂ ਵੱਡਾ ਕਰਮ ਹੋਰ ਕੀ ਹੋ ਸਕਦਾ ਹੈ ਜ਼ਿੰਦਗੀ ਨੂੰ ਮਾਣਨ ਦਾ। ਇਸ ਤਰ੍ਹਾਂ ਕਲਮ ਦੀ ਲਿਖਾਰਨ ਸੁਰਜੀਤ ਨੇ ਆਪਣੀ ਕਲਮ ਦੇ ਹੁਨਰ ਰਾਹੀਂ ਬੜੀ ਸਰਲ, ਸੌਖੀ ਸ਼ਬਦਾਵਲੀ ਵਰਤ ਕੇ ਸਹੀ ਮਾਅਨਿਆਂ ਵਿੱਚ ਜ਼ਿੰਦਗੀ ਜਿਉਣ ਦੇ ਹੁਨਰ ਪ੍ਰਤੀ ਝਾਤ ਪਵਾਈ ਹੈ ਜੋ ਕਿ ਸ਼ਲਾਘਾਯੋਗ ਕਦਮ ਹੈ। ਇਹਨਾਂ ਦੀ ਕਹੀ ਸਤਰ 'ਜੇ ਜਿਉਣ ਦਾ ਵੱਲ ਆ ਜਾਵੇ ਤਾਂ ਹਰ ਵਰੇਸ ਉਤਸਵ ਹੁੰਦੀ ਹੈ' ਸਾਡੇ ਸਾਰਿਆਂ ਲਈ ਹੁਲਾਸਮਈ ਜ਼ਿੰਦਗੀ ਜਿਉਣ ਲਈ ਇੱਕ ਹੁਨਰਮਈ ਸੰਦੇਸ਼ ਅਤੇ ਪ੍ਰੇਰਨਾ ਸ੍ਰੋਤ ਹੈ। ਪਰਮਾਤਮਾ ਇਹਨਾਂ ਦੀ ਕਲਮ ਨੂੰ ਹੋਰ ਬਲ ਬਖਸ਼ੇ ਤਾਂ ਜੋ ਆਪਣਾ ਗਿਆਨ ਦਾ ਅਮੁੱਕ ਖਜਾਨਾ ਸਾਡੀ ਝੋਲੀ ਪਾਉਂਦੇ ਰਹਿਣ।

**ਮੁਖੀ, ਪੰਜਾਬੀ ਵਿਭਾਗ**
**ਖ਼ਾਲਸਾ ਕਾਲਜ ਫ਼ਾਰ ਵਿਮੈਨ,**
**ਲੁਧਿਆਣਾ।**



## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ
































RAA DESIGNS
WE DESIGN BEYOND YOUR IMAGINATION

CONTACT FOR

LOGO | BUSINESS CARD | LETTERHEAD | FLYER
STATIONARY DESIGN | BOOK TITLES | BOOK COMPOSING
SOCIAL MEDIA BANNERS & POSTS | WEBSITE
& ALL TYPE OF GRAPHIC DESIGN STUFF

M: +91 97810-33133, +91 70097-67394 E: raadesigns89@gmail.com W: www.raadesigns.com

RNI NO. PUNPUN / 2006 / 16230 July-September 2025 ISSN: 2277-9930




ਨਿਰਵਾਣ ਦੀ ਤਲਾਸ਼ 'ਚ, ਦਵੰਦ ਕਥਾ, ਯਕੀਨ, ਸ਼ਬਦ ਰਹਿਣਗੇ ਕੋਲ, ਸਿਮਰਤੀਆਂ ਦੀ ਲਾਲਟੈਨ ਅਤੇ ਪਿਆਸ ਤੋਂ ਬਾਅਦ ਅਮਰਜੀਤ ਕੌਂਕੇ ਦੀ ਨਵੀਂ ਕਾਵਿ-ਪੁਸਤਕ

# ਇਸ ਧਰਤੀ 'ਤੇ ਰਹਿੰਦਿਆਂ

ਪ੍ਰਕਾਸ਼ਕ: ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਅਮਰਜੀਤ ਕੌਂਕੇ ਦੀ ਨਵੀਂ ਕਾਵਿ-ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਵਿਚਲੀ ਸ਼ਾਇਰੀ ਨਵੇਕਲੀ ਤੇ ਮੌਲਿਕ ਭਾਂਤ ਦੀ ਹੈ। ਲਗਾਤਾਰਤਾ ਤੇ ਅਦੁੱਤੀਅਤਾ ਇਸਦੇ ਗੁਣ ਹਨ। ਇਸ ਵਿਚ ਵੀ ਉਸਦਾ "ਜ਼ਹਿਰ ਨੂੰ ਊਰਜਾ ਵਿਚ ਬੰਨ੍ਹਣ" ਦਾ ਹੁਨਰ ਪੂਰੇ ਜੋਬਨ ਉੱਪਰ ਹੈ। ਇਸਦਾ ਪੋਸ਼ਾਦਾ ਪ੍ਰਸੰਗ ਅਜੋਕਾ ਮੰਡੀ, ਮੁਨਾਫੇ ਅਤੇ ਗਰਜ਼ ਤੇ ਖਲੋਤਾ ਆਲਮੀ ਸਭਿਆਚਾਰ ਹੈ। ਇਸੇ ਪ੍ਰਸੰਗ ਵਿਚ ਉਹ ਅਜੋਕੇ ਮਨੁੱਖ ਦੀ ਭਟਕਦੀ ਅਤੇ ਠਹਿਰਾਓ-ਰਹਿਤ ਸਥਿਤੀ ਦੇ ਬਿੰਬ ਸਿਰਜਦਾ ਹੈ। ਇਸ ਸਥਿਤੀ ਵਿਚ ਵਿਰਸਾ ਤੇ ਵਰਤਮਾਨ, ਮਾਜ਼ੀ ਤੇ ਹਾਲ ਇਕ ਦੂਸਰੇ ਦੇ ਸੰਗ ਸਾਥ ਵਿਚਰਦੇ ਹਨ। ਬੀਤੇ ਦੇ ਸੁਥਰੇ ਤੇ ਸੁੱਚੇ ਮੁੱਲਾਂ ਪ੍ਰਤੀ ਮੋਹ ਇਸ ਸ਼ਾਇਰੀ ਵਿਚ ਹਾਜ਼ਰ ਹੈ। ਮਾਜ਼ੀ ਹੋਵੇ ਜਾਂ ਹਾਲ, ਜ਼ਾਹਰ ਹੇਠ ਪੋਸ਼ੀਦਾ ਨੂੰ ਪਕੜਣਾ ਤੇ ਸਿਰਜਣਾ ਇਸ ਸ਼ਾਇਰੀ ਦੀ ਨੌਈਅਤ ਹੈ। ਪਿਸ ਰਿਹਾ ਬੰਦਾ ਅਤੇ ਦਮ ਤੋੜ ਰਹੀ ਮਾਨਵੀ ਸੰਵੇਦਨਾ ਇਸ ਸ਼ਾਇਰੀ ਵਿਚਲੀਆਂ ਨਜ਼ਮਾਂ ਦਾ ਹਾਸਲ ਹਨ। ਰਹੱਸ ਜਾਂ ਰੁਮਾਂਸ ਨਹੀਂ, ਧਰਤੀ ਤੇ ਉਸਦੇ ਸਰੋਕਾਰ ਇਸ ਸ਼ਾਇਰੀ ਦੇ ਕੇਂਦਰ ਵਿਚ ਹਨ। ਧਰਤੀ ਦੇ ਪੋਸ਼ੀਦਾ ਸਰੂਪ ਨੂੰ ਉਸ ਅਮਾਵਸ, ਕਾਲੀ ਰਾਤ, ਕਾਲੀ ਹਨੇਰੀ ਅਤੇ ਤਬਾਹੀ ਵੱਲ ਸਰਪਟ ਦੌੜ ਰਹੇ ਬੰਦੇ ਦੇ ਬਿੰਬਾਂ ਰਾਹੀਂ ਖੂਬ ਚਿਤਰਿਆ ਹੈ। ਸੰਵਾਦ, ਸੰਕੇਤ ,ਬਿੰਬ ਅਤੇ ਪ੍ਰਤੀਕ ਉਸਦੀ ਸ਼ਾਇਰੀ ਦੀਆਂ ਜੁਗਤਾਂ ਹਨ। ਇਸਦੇ ਸਰੋਕਾਰ ਨਿਰਸੰਦੇਹ ਮਾਨਵੀ ਹਨ। ਇਸ ਹਨੇਰ ਯੁੱਗ ਵਿਚ ਇਹ ਸ਼ਾਇਰੀ ਥਾਪੜਦੀ ਸਵਾਉਂਦੀ ਨਹੀਂ, ਬੰਦੇ ਨੂੰ ਅੰਦਰਲੇ ਨੇਤਰ ਖੋਲ੍ਹਕੇ ਵਿਚਰਣ ਲਈ ਆਖਦੀ ਹੈ। ਜ਼ਾਹਰ ਹੇਠ ਛੁਪੇ ਭਿਅੰਕਰ ਤੇ ਖੌਫਨਾਕ ਸੱਚ ਨੂੰ ਤਾਂ ਹੀ ਪਛਾਣਿਆਂ ਜਾ ਸਕਦਾ ਹੈ। ਇਸ ਕਿਤਾਬ ਨੂੰ ਪੜ੍ਹੋ, ਇਹ ਪੜ੍ਹਣ, ਮਾਣਨ ਅਤੇ ਵਿਚਾਰਨਯੋਗ ਕਿਰਤ ਹੈ।

-ਡਾ. ਹਰਭਜਨ ਸਿੰਘ ਭਾਟੀਆ

ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸੰਪਰਕ: 98773-58869, 97810-33133

PARTEEK PUBLICATIONS